विश्व भर में सबसे ज्यादा पढ़ा जाने वाला

@Qpatrika   @qaumipatrika punjabi   instagram.com/qaumipatrika

Largest Circulated

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 5 June 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 5 ਜੂਨ 2024, 22 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 197, qpatrika@gmail.com ਫੋਨ : 9971359517 www.qaumipatrika.org

# 'ਇਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ 'ਚ 140 ਕਰੋੜ ਭਾਰਤੀਆਂ ਦੀ ਜਿੱਤ': ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 4 ਜੂਨ। 18ਵੀਂ ਲੋਕ ਸਭਾ ਚੋਣਾਂ ਦੇ ਨਤੀਜੇ ਲਗਭਗ ਸਪਸ਼ਟ ਹੋ ਗਏ ਹਨ। ਭਾਜਪਾ ਦੇ ਅਗਵਾਈ ਵਾਲੇ ਐੱਨ.ਡੀ.ਏ. ਨੇ ਪੂਰਨ ਬਹੁਮਤ ਹਾਸਿਲ ਕਰ ਲਿਆ ਹੈ। ਐੱਨ.ਡੀ.ਏ. ਨੂੰ 291 ਸੀਟਾਂ ਮਿਲ ਗਈਆਂ ਹਨ। ਉਥੇ ਹੀ 'ਇੰਡੀਆ' ਗਠਜੋੜ ਨੇ ਵੀ 234 ਦਾ ਅੰਕੜਾ ਛੂਹ ਲਿਆ ਹੈ। ਇਸ ਵਾਰ 96.88 ਕਰੋੜ ਵੋਟਰਾਂ 'ਚੋਂ 64.2 ਕਰੋੜ ਵੋਟਰਾਂ ਨੇ ਵੋਟ ਪਾ ਕੇ ਰਿਕਾਰਡ ਬਣਾਇਆ ਹੈ। ਚੋਣ ਨਤੀਜਿਆਂ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਜਪਾ ਦਫਤਰ ਪਹੁੰਚੇ। ਇਥੇ ਉਨ੍ਹਾਂ ਆਪਣੇ ਸੰਬੋਧਨ ਦੀ ਸ਼ੁਰੂਆਤ 'ਭਾਰਤ ਮਾਤਾ ਦੀ ਜੈ' ਅਤੇ 'ਜੈ ਜਗਨਨਾਥ' ਨਾਲ ਕੀਤੀ। ਪੀ.ਐੱਮ. ਨੇ ਕਿਹਾ ਕਿ ਅੱਜ ਵੱਡਾ ਮੰਗਲ ਹੈ। ਇਸ ਪਵਿੱਤਰ ਦਿਨ ਐੱਨ.ਡੀ.ਏ. ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਉਨ੍ਹਾਂ ਦੇਸ਼ਵਾਸੀਆਂ ਦਾ ਧੰਨਵਾਦ ਕਰਦੇ ਹਏ ਕਿਹਾ ਕਿ ਜਨਤਾ ਜਨਾਰਦਨ ਨੇ ਭਾਜਪਾ ਅਤੇ ਐੱਨ.ਡੀ.ਏ. 'ਤੇ ਪੂਰਨ ਵਿਸ਼ਵਾਸ ਜਤਾਇਆ ਹੈ। ਅੱਜ ਦੀ ਇਹ ਜਿੱਤ ਦੁਨੀਆ ਦਾ ਸਭ ਤੋਂ ਵੱਡੇ ਲੋਕਤੰਤਰ ਦੀ ਜਿੱਤ ਹੈ। ਇਹ ਭਾਰਤ ਦੇ ਸੰਵਿਧਾਨ 'ਤੇ ਅਟੁੱਟ ਵਿਸ਼ਵਾਸ ਦੀ ਜਿੱਤ ਹੈ। ਇਹ ਵਿਕਸਿਤ ਭਾਰਤ ਦੇ ਪ੍ਰਣ ਦੀ ਜਿੱਤ ਹੈ। ਇਹ ਸਭ ਦਾ ਸਾਥ, ਸਭ ਦਾ ਵਿਸ਼ਵਾਸ' ਦੀ ਜਿੱਤ ਹੈ। ਇਹ ਇਸ ਮੰਤਰ ਦੀ ਜਿੱਤ ਹੈ। ਇਹ 140 ਕਰੋੜ ਭਾਰਤੀਆਂ ਦੀ ਜਿੱਤ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਮੈਂ ਦੇਸ ਦੇ ਚੋਣ ਕਮਿਸਨ ਨੂੰ ਵੀ ਵਧਾਈ ਦੇਵਾਂਗਾ। ਚੋਣ ਕਮਿਸਨ ਨੇ ਇੰਨੀ ਕੁਸਲਤਾ ਨਾਲ ਦੁਨੀਆ ਦੀ ਸਭ ਤੋਂ ਵੱਡੀ ਚੋਣ ਕਰਵਾਈ ਹੈ। ਇਸ ਚੋਣ ਵਿੱਚ ਲਗਭਗ 100 ਕਰੋੜ ਵੋਟਰਾਂ, 11 ਲੱਖ ਪੋਲਿੰਗ ਸਟੇਸਨਾਂ, 55 ਲੱਖ ਵੋਟਿੰਗ ਮਸੀਨਾਂ ਅਤੇ 1.5 ਕਰੋੜ ਪੋਲਿੰਗ ਕਰਮਚਾਰੀਆਂ ਨੇ ਮਿਲ ਕੇ ਕੰਮ ਕੀਤਾ। ਹਰ ਭਾਰਤੀ ਨੂੰ ਭਾਰਤ ਦੀ ਚੋਣ ਪ੍ਰਕਿਰਿਆ ਅਤੇ ਸਮੁੱਚੀ ਚੋਣ ਪ੍ਰਨਾਲੀ 'ਤੇ ਮਾਣ ਹੈ। ਇਹ ਆਪਣੇ ਆਪ ਵਿੱਚ ਬਹੁਤ ਮਾਣ ਵਾਲੀ ਗੱਲ ਹੈ। ਇਸ ਵਾਰ ਚੋਣਾਂ ਵਿੱਚ ਕੁਝ ਹੋਰ ਵੀ ਦੇਖਣ ਨੂੰ ਮਿਲਿਆ। ਅਰੁਣਾਚਲ ਹੋਵੇ ਜਾਂ ਸਿੱਕਮ, ਆਂਧਰਾ ਪ੍ਰਦੇਸ ਹੋਵੇ ਜਾਂ ਓਡੀਸ਼ਾ, ਕਾਂਗਰਸ ਲਈ ਆਪਣੀ ਜਮਾਨਤ ਬਚਾਉਣੀ ਵੀ ਔਖੀ ਹੋ ਗਈ। ਓਡੀਸਾ 'ਚ ਭਾਜਪਾ ਸਰਕਾਰ ਬਣਾਉਣ ਜਾ ਰਹੀ ਹੈ। ਓਡੀਸਾ ਨੇ ਵੀ ਲੋਕ ਸਭਾ ਚੋਣਾਂ ਵਿੱਚ ਸਾਨਦਾਰ ਪ੍ਰਦਰਸਨ ਕੀਤਾ ਹੈ। ਇਹ ਪਹਿਲੀ ਵਾਰ ਹੋਵੇਗਾ ਜਦੋਂ ਮਹਾਪ੍ਰਭੂ ਜਗਨਨਾਥ ਦੀ ਧਰਤੀ 'ਤੇ ਭਾਜਪਾ ਦਾ ਮੁੱਖ ਮੰਤਰੀ ਹੋਵੇਗਾ। ਜਿਸ ਪਲ ਦਾ ਪੀੜ੍ਹੀ ਦਰ ਪੀੜ੍ਹੀ ਇੰਤਜਾਰ ਕਰ ਰਹੀ ਸੀ, ਅੱਜ ਸਫਲਤਾ ਨੂੰ ਚੁੰਮਣਾ ਸੁਰੂ ਕਰ ਦਿੱਤਾ ਹੈ। ਤੇਲੰਗਾਨਾ ਵਿੱਚ ਸਾਡੀ ਗਿਣਤੀ ਦੁੱਗਣੀ ਹੋ ਗਈ ਹੈ। ਸਾਡੀ ਪਾਰਟੀ ਨੇ ਮੱਧ ਪ੍ਰਦੇਸ, ਗੁਜਰਾਤ, ਛੱਤੀਸਗੜ੍ਹ, ਦਿੱਲੀ, ਉੱਤਰਾਖੰਡ,



ਹਿਮਾਚਲ ਅਤੇ ਅਜਿਹੇ ਕਈ ਸੂਬਿਆਂ ਵਿੱਚ ਲਗਭਗ ਕਲੀਨ ਸਵੀਪ ਕਰ ਲਿਆ ਹੈ। ਮੈਂ ਇਨ੍ਹਾਂ ਸਾਰੇ ਸੂਬਿਆਂ ਅਤੇ ਅਰੁਣਾਚਲ ਪ੍ਰਦੇਸ, ਓਡੀਸ਼ਾ, ਆਂਧਰਾ ਪ੍ਰਦੇਸ ਅਤੇ ਸਿੱਕਮ ਦੀਆਂ ਵਿਧਾਨ ਸਭਾਵਾਂ ਦੇ ਵੋਟਰਾਂ ਦਾ ਵੀ ਧੰਨਵਾਦ ਕਰਦਾ ਹਾਂ। ਮੈਂ ਇਨ੍ਹਾਂ ਰਾਜਾਂ ਦੇ ਲੋਕਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਕੇਂਦਰ ਸਰਕਾਰ ਤੁਹਾਡੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਪੀ.ਐੱਮ. ਮੋਦੀ ਨੇ ਕਿਹਾ ਕਿ ਚੰਦਰਬਾਬੂ ਨਾਇਡੂ ਦੀ ਅਗਵਾਈ ਵਿੱਚ ਐੱਨ.ਡੀ.ਏ. ਨੇ ਆਂਧਰਾ ਪ੍ਰਦੇਸ ਵਿੱਚ ਸਾਨਦਾਰ ਪ੍ਰਦਰਸਨ ਕੀਤਾ। ਬਿਹਾਰ ਵਿੱਚ ਨਿਤੀਸ ਬਾਬੂ ਦੀ ਅਗਵਾਈ ਵਿੱਚ ਐੱਨ.ਡੀ.ਏ. ਨੇ ਸਾਨਦਾਰ ਪ੍ਰਦਰਸਨ ਕੀਤਾ। ਦੋਸਤੋ, ਦੇਸ ਨੇ ਸਾਨੂੰ 10 ਸਾਲ ਪਹਿਲਾਂ ਜਨਾਦੇਸ ਦਿੱਤਾ ਸੀ। 2013-14 ਵਿੱਚ ਦੇਸ ਨਿਰਾਸਾ ਦੇ ਆਲਮ ਵਿੱਚ ਡੁੱਬ ਗਿਆ। ਹਰ ਰੋਜ ਅਖਬਾਰਾਂ ਦੀਆਂ ਸੁਰਖੀਆਂ ਇਹੋ ਜਿਹੀਆਂ ਸਨ। ਅਜਿਹੇ ਸਮੇਂ ਦੇਸ ਨੇ ਸਾਨੂੰ ਨਿਰਾਸਾ ਦੇ ਡੂੰਘੇ ਸਾਗਰ ਵਿੱਚੋਂ ਉਮੀਦ ਦੇ ਮੋਤੀ ਕੱਢਣ ਦੀ ਜਿੰਮੇਵਾਰੀ ਸੌਂਪੀ ਸੀ। ਮੈਂ ਦੇਸ ਵਾਸੀਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਉਨ੍ਹਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਨਵੀਂ ਊਰਜਾ, ਨਵੇਂ ਉਤਸਾਹ ਅਤੇ ਨਵੇਂ ਸੰਕਲਪਾਂ ਨਾਲ ਅੱਗੇ ਵਧਾਂਗੇ। ਮੈਂ ਸਾਰੇ ਵਰਕਰਾਂ ਨੂੰ ਉਨ੍ਹਾਂ ਵੱਲੋਂ ਕੀਤੀ ਗਈ ਲਗਨ ਅਤੇ ਅਣਥੱਕ ਮਿਹਨਤ ਲਈ ਵਧਾਈ ਦਿੰਦਾ ਹਾਂ ਤੇ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।

## ਦਿੱਲੀ ਤੋਂ ਮੁੰਬਈ ਜਾਣ ਵਾਲੀ ਅਕਾਸਾ ਏਅਰ ਦੀ ਫਲਾਈਟ ਇਸ ਕਾਰਨ ਅਹਿਮਦਾਬਾਦ ਹਵਾਈ ਅੱਡੇ ਉਤਰੀ

ਮੁੰਬਈ 4 ਜੂਨ। ਘੱਟ ਕੀਮਤ ਵਾਲੀ ਏਅਰਲਾਈਨ ਅਕਾਸਾ ਏਅਰ ਨੇ ਸੋਮਵਾਰ ਨੂੰ ਕਿਹਾ ਕਿ 'ਸੁਰੱਖਿਆ ਅਲਰਟ' ਮਿਲਣ ਤੋਂ ਬਾਅਦ ਉਸ ਦੀ ਦਿੱਲੀ ਤੋਂ ਮੁੰਬਈ ਦੀ ਉਡਾਣ ਦੇ ਰੂਟ ਨੂੰ ਅਹਿਮਦਾਬਾਦ ਵੱਲ ਮੋੜ ਦਿੱਤਾ ਗਿਆ ਹੈ। ਅਕਾਸਾ ਏਅਰ ਨੇ ਇਕ ਬਿਆਨ ਵਿਚ ਕਿਹਾ ਕਿ ਜਹਾਜ ਦੇ ਕਪਤਾਨ ਨੇ ਸਾਰੀਆਂ ਜਰੂਰੀ ਐਮਰਜੈਂਸੀ ਪ੍ਰਕਿਰਿਆਵਾਂ ਦਾ ਪਾਲਣ ਕੀਤਾ ਅਤੇ ਸੋਮਵਾਰ ਨੂੰ ਸਵੇਰੇ 10.13 ਵਜੇ ਸਰਦਾਰ ਵੱਲਭ ਭਾਈ ਪਟੇਲ



ਅੰਤਰਰਾਸਟਰੀ ਹਵਾਈ ਅੱਡੇ 'ਤੇ ਜਹਾਜ ਨੂੰ ਸੁਰੱਖਿਅਤ ਰੂਪ ਨਾਲ ਉਤਾਰਿਆ। ਏਅਰਲਾਈਨ ਨੇ ਕਿਹਾ, "3 ਜੂਨ ਨੂੰ ਦਿੱਲੀ ਤੋਂ ਮੁੰਬਈ ਜਾਣ ਵਾਲੀ ਅਕਾਸਾ ਏਅਰ ਦੀ ਫਲਾਈਟ 1719 ਨੂੰ ਸੁਰੱਖਿਆ ਅਲਰਟ ਮਿਲਿਆ ਸੀ। ਨਿਰਧਾਰਿਤ ਸੁਰੱਖਿਆ ਪ੍ਰਕਿਰਿਆਵਾਂ ਅਨੁਸਾਰ, ਫਲਾਈਟ ਨੂੰ ਅਹਿਮਦਾਬਾਦ ਵੱਲ ਮੋੜ ਦਿੱਤਾ ਗਿਆ ਹੈ।" ਉਨ੍ਹਾਂ ਕਿਹਾ ਕਿ ਜਹਾਜ ਵਿੱਚ 186 ਯਾਤਰੀ, ਇੱਕ ਬੱਚਾ ਅਤੇ ਛੇ ਚਾਲਕ ਦਲ ਦੇ ਮੈਂਬਰ ਸਵਾਰ ਸਨ। ਏਅਰਲਾਈਨ ਨੇ ਕਿਹਾ ਕਿ ਸਾਰੇ ਯਾਤਰੀਆਂ ਨੂੰ ਉਤਾਰ ਦਿੱਤਾ ਗਿਆ ਸੀ ਅਤੇ "ਅਕਾਸਾ ਏਅਰ ਜਮੀਨ 'ਤੇ ਸਾਰੇ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਕਰ ਰਹੀ ਹੈ।"

## ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਸਪੀਕਰ ਨੇ ਤਿੰਨ ਆਜਾਦ ਵਿਧਾਇਕਾਂ ਦੇ ਅਸਤੀਫੇ ਕੀਤੇ ਮਨਜ਼ੂਰ

ਸ਼ਿਮਲਾ 4 ਜੂਨ। ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਉਨ੍ਹਾਂ ਤਿੰਨ ਆਜਾਦ ਵਿਧਾਇਕਾਂ ਦੇ ਅਸਤੀਫੇ ਸੋਮਵਾਰ ਨੂੰ ਸਵੀਕਾਰ ਕਰ ਲਏ, ਜਿਨ੍ਹਾਂ ਨੇ ਬਾਗੀ ਸੁਰ ਦਿਖਾਉਂਦੇ ਹੋਏ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਦੇ ਪੱਖ 'ਚ ਵੋਟਿੰਗ ਕੀਤੀ ਸੀ। ਪਠਾਨੀਆ ਨੇ ਕਿਹਾ, "ਅਸਤੀਫੇ ਸਵੀਕਾਰ ਕਰ ਲਏ ਗਏ ਹਨ ਅਤੇ ਇਹ ਤਿੰਨ ਵਿਧਾਇਕ ਤੁਰੰਤ ਪ੍ਰਭਾਵ ਤੋਂ 14ਵੀਂ ਵਿਧਾਨ ਸਭਾ ਦੇ ਮੈਂਬਰ ਨਹੀਂ ਰਹਿਣਗੇ।"



ਆਜਾਦ ਵਿਧਾਇਕ ਹੁਸ਼ਿਆਰ ਸਿੰਘ (ਦੇਹਰਾ), ਆਸ਼ੀਸ਼ ਸ਼ਰਮਾ (ਹਮੀਰਪੁਰ) ਅਤੇ ਕੇ.ਐੱਲ. ਠਾਕੁਰ (ਨਾਲਾਗੜ੍ਹ) ਨੇ ਕਾਂਗਰਸ ਦੇ 6 ਬਾਗੀ ਵਿਧਾਇਕਾਂ ਨਾਲ 27 ਫਰਵਰੀ ਨੂੰ ਰਾਜ ਸਭਾ ਚੋਣਾਂ 'ਚ ਭਾਜਪਾ ਉਮੀਦਵਾਰ ਹਰਸ਼ ਮਹਾਜਨ ਦੇ ਪੱਖ 'ਚ ਵੋਟ ਕੀਤਾ ਸੀ। ਤਿੰਨੋਂ ਵਿਧਾਇਕਾਂ ਨੇ 22 ਮਾਰਚ ਨੂੰ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ ਪਰ ਸਪੀਕਰ ਨੇ ਇਹ ਕਹਿੰਦੇ ਹੋਏ ਉਨ੍ਹਾਂ ਦਾ ਅਸਤੀਫਾ ਸਵੀਕਾਰ ਨਹੀਂ ਕੀਤਾ ਸੀ ਕਿ ਉਨ੍ਹਾਂ ਨੂੰ ਕਾਂਗਰਸ ਵਿਧਾਇਕ ਦਲ ਵਲੋਂ ਇਕ ਰਿਪੋਰਟ ਮਿਲੀ ਹੈ ਕਿ ਉਨ੍ਹਾਂ ਨੇ ਦਬਾਅ 'ਚ ਅਸਤੀਫਾ ਦਿੱਤਾ ਹੈ, ਆਪਣੀ ਇੱਛਾ ਨਾਲ ਨਹੀਂ।

## ਜੰਗਲ ਦੀ ਅੱਗ ਨਾਲ ਘਿਰਿਆ ਬਦਰੀਨਾਥ ਨੈਸ਼ਨਲ ਹਾਈਵੇਅ

ਜੋਸੀਮੱਠ 4 ਜੂਨ। ਸੇਲੰਗ ਦੇ ਜੰਗਲਾਂ 'ਚ ਭੜਕੀ ਅੱਗ ਐਤਵਾਰ ਨੂੰ ਬਦਰੀਨਾਥ ਨੈਸ਼ਨਲ ਹਾਈਵੇਅ ਤੱਕ ਪਹੁੰਚ ਗਈ। ਜੰਗਲਾਤ ਵਿਭਾਗ ਦੇ 40 ਅਤੇ ਫਾਇਰ ਸਰਵਿਸ ਦੇ 9 ਕਰਮਚਾਰੀ ਇਸ ਅੱਗ ਨੂੰ ਬੁਝਾਉਣ 'ਚ ਲੱਗੇ ਰਹੇ ਪਰ ਅੱਗ ਦੀ ਭਿਆਨਕਤਾ ਅੱਗੇ ਉਹ ਬੇਵੱਸ ਹੀ ਰਹੇ। ਹਾਲਾਂਕਿ ਇਸ ਦੌਰਾਨ ਹਾਈਵੇਅ ਤੋਂ ਲੰਘਣ ਵਾਲੇ ਵਾਹਨ ਇਨ੍ਹਾਂ ਲਪਟਾਂ 'ਚੋਂ ਨਿਕਲਦੇ ਦੇਖੇ ਗਏ। ਖੁਸਕਿਸਮਤੀ ਨਾਲ ਕੋਈ ਹਾਦਸਾ ਨਹੀਂ ਵਾਪਰਿਆ। ਨੰਦਾ ਦੇਵੀ ਨੈਸਨਲ ਪਾਰਕ ਦੇ ਡਿਪਟੀ ਕੰਜਰਵੇਟਰ ਬੀਵੀ ਮਾਰਟੋਲੀਆ ਨੇ ਦੱਸਿਆ ਕਿ ਤੇਜ ਹਵਾਵਾਂ ਨਾਲ ਅੱਗ ਭਿਆਨਕ ਰੂਪ ਧਾਰਨ ਕਰ ਰਹੀ ਹੈ। ਗਰਮੀ ਦੇ ਲਗਾਤਾਰ ਵਧਣ ਕਾਰਨ ਜੰਗਲਾਂ 'ਚ ਅੱਗ ਲੱਗ ਰਹੀ ਹੈ। ਉਥੇ ਹੀ ਜੰਗਲ ਦੀ ਅੱਗ ਜਦੋਂ ਘਰ ਦੇ ਨਾਲ ਲੱਗਦੇ ਖੇਤ ਵਿੱਚ ਪਹੁੰਚੀ ਤਾਂ ਇਸ ਨੂੰ ਬੁਝਾਉਂਦੇ ਸਮੇਂ ਇੱਕ ਨਵ-ਵਿਆਹੀ ਔਰਤ ਗੰਭੀਰ ਰੂਪ ਵਿੱਚ ਝੁਲਸ ਗਈ।

## ਅਮੇਠੀ ਤੋਂ ਕਿਸ਼ੋਰੀ ਲਾਲ ਸ਼ਰਮਾ ਨੇ ਸਮ੍ਰਿਤੀ ਇਰਾਨੀ ਨੂੰ ਵੱਡੇ ਫਰਕ ਨਾਲ ਹਰਾਇਆ

**ਏਜੰਸੀਆਂ**

ਨਵੀਂ ਦਿੱਲੀ 4 ਜੂਨ। ਲੋਕ ਸਭਾ ਚੋਣਾਂ 2024 ਦੇ ਨਤੀਜੇ ਹੈਰਾਨ ਕਰਨ ਵਾਲੇ ਸਾਹਮਣੇ ਆ ਰਹੇ ਹਨ। ਜੇਕਰ ਗੱਲ ਉੱਤਰ ਪ੍ਰਦੇਸ਼ ਦੇ ਅਮੇਠੀ ਦੀ ਕੀਤੀ ਜਾਵੇ ਤਾਂ ਇੱਥੋਂ ਕਾਂਗਰਸ ਦੇ ਕਿਸ਼ੋਰੀ ਲਾਲ ਨੇ ਸਮ੍ਰਿਤੀ ਇਰਾਨੀ ਨੂੰ 1,67,196 ਵੋਟਾਂ ਦੇ ਫਰਕ ਨਾਲ ਕਰਾਰੀ ਹਾਰ ਦਿੱਤੀ ਹੈ। ਸਮ੍ਰਿਤੀ ਇਰਾਨੀ ਨੂੰ 3,72,032 ਵੋਟਾਂ ਪਈਆਂ ਜਦੋਂਕਿ ਕਿਸ਼ੋਰੀ ਲਾਲ ਨੂੰ 5,39,228 ਵੋਟਾਂ ਪਈਆਂ। ਇਹ ਵੱਡਾ ਫਰਕ ਹੈ, ਜਦਕਿ ਇਸੇ ਸੀਟ ਤੋਂ ਪਿਛਲੀਆਂ ਚੋਣਾਂ 'ਚ ਇਰਾਨੀ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਹਰਾਇਆ ਸੀ। ਕਿਸ਼ੋਰੀ ਲਾਲ ਦੇ ਚੋਣ ਮੈਦਾਨ ਵਿਚ ਉਤਰਨ ਨਾਲ ਹੀ ਸਾਰਿਆਂ ਦੀਆਂ ਨਜਰਾਂ ਉਨ੍ਹਾਂ 'ਤੇ ਟਿਕੀਆਂ ਸਨ ਕਿ ਉਹ ਕੀ ਕਮਾਲ ਦਿਖਾਉਣਗੇ। ਕਿਸ਼ੋਰੀ ਲਾਲ ਸ਼ਰਮਾ ਜੋ ਕਿ ਗਾਂਧੀ ਪਰਿਵਾਰ ਦੇ ਕਰੀਬੀ ਮੰਨੇ ਜਾਂਦੇ ਹਨ। ਪੰਜਾਬ ਦੇ ਲੁਧਿਆਣਆ ਦੇ ਰਹਿਣ ਵਾਲੇ ਹਨ। ਸ਼ਰਮਾ ਨੇ 1983 ਵਿਚ ਰਾਜੀਵ ਗਾਂਧੀ ਨਾਲ ਰਾਏਬਰੇਲੀ ਅਤੇ ਅਮੇਠੀ ਵਿਚ ਕਦਮ ਰੱਖਿਆ ਸੀ। ਬਾਅਦ ਵਿਚ ਰਾਜੀਵ ਗਾਂਧੀ ਦੇ ਅਚਾਨਕ ਦਿਹਾਂਤ ਮਗਰੋਂ ਗਾਂਧੀ ਪਰਿਵਾਰ



ਨਾਲ ਉਨ੍ਹਾਂ ਦੇ ਰਿਸ਼ਤੇ ਪਰਿਵਾਰਕ ਹੋ ਗਏ ਅਤੇ ਉਹ ਗਾਂਧੀ ਪਰਿਵਾਰ ਦੇ ਹੀ ਹੋ ਕੇ ਰਹਿ ਗਏ। 1991 ਵਿਚ ਰਾਜੀਵ ਗਾਂਧੀ ਦੀ ਮੌਤ ਮਗਰੋਂ ਕਿਸ਼ੋਰੀ ਲਾਲ ਨੇ ਕਦੇ ਸ਼ੀਲਾ ਕੌਲ ਦੇ ਕੰਮ ਨੂੰ ਸੰਭਾਲਿਆ ਤਾਂ ਕਦੇ ਸਤੀਸ਼ ਸ਼ਰਮਾ ਲਈ ਮਦਦ ਕੀਤੀ। ਅਜਿਹੇ ਵਿਚ ਕਿਸ਼ੋਰੀ ਲਾਲ ਦਾ ਅਕਸਰ ਰਾਏਬਰੇਲੀ ਅਤੇ ਅਮੇਠੀ 'ਚ ਆਉਣਾ-ਜਾਣਾ ਬਣਿਆ ਰਿਹਾ। ਹਾਲਾਂਕਿ ਪਹਿਲੀ ਵਾਰ ਸੋਨੀਆ ਗਾਂਧੀ ਸਰਗਰਮ ਸਿਆਸਤ ਵਿਚ ਉਤਰੀ ਅਤੇ ਅਮੇਠੀ ਤੋਂ ਚੋਣ ਲੜੀ ਤਾਂ ਕਿਸ਼ੋਰੀ ਲਾਲ ਉਨ੍ਹਾਂ ਨਾਲ ਅਮੇਠੀ ਆ ਗਏ। ਜਦੋਂ ਸੋਨੀਆ ਗਾਂਧੀ ਨੇ ਰਾਹੁਲ ਗਾਂਧੀ ਲਈ ਅਮੇਠੀ ਸੀਟ ਛੱਡ ਦਿੱਤੀ ਅਤੇ ਖੁਦ ਰਾਏਬਰੇਲੀ ਆ ਗਈ ਤਾਂ ਕਿਸ਼ੋਰੀ ਲਾਲ ਨੇ ਰਾਏਬਰੇਲੀ ਅਤੇ ਅਮੇਠੀ ਦੋਹਾਂ ਸੀਟਾਂ ਦੀ ਜਿੰਮੇਵਾਰੀ ਆਪਣੇ ਉੱਪਰ ਲੈ ਲਈ। ਹੌਲੀ-ਹੌਲੀ ਸਮਾਂ ਬੀਤਦਾ ਗਿਆ ਅਤੇ ਸ਼ਰਮਾ ਰਾਏਬਰੇਲੀ ਅਤੇ ਅਮੇਠੀ ਦੋਹਾਂ ਹੀ ਖੇਤਰਾਂ ਦੇ ਸੰਸਦੀ ਕੰਮਾਂ ਦੀ ਦੇਖ-ਰੇਖ ਕਰਨ ਲੱਗੇ। ਸਮੇਂ ਦੇ ਨਾਲ ਲੋਕ ਕਾਂਗਰਸ ਨੂੰ ਛੱਡਦੇ ਗਏ ਪਰ ਸ਼ਰਮਾ ਦੀ ਵਫਾਦਾਰੀ ਵਿਚ ਕਦੇ ਕੋਈ ਕਮੀ ਨਹੀਂ ਰਹੀ। ਕਿਸ਼ੋਰੀ ਲਾਲ ਸ਼ਰਮਾ ਨੂੰ ਸੋਨੀਆ ਗਾਂਧੀ ਦਾ ਕਰੀਬੀ ਮੰਨਿਆ ਜਾਂਦਾ ਹੈ।

## ਰਾਹੁਲ ਗਾਂਧੀ ਦੀ ਵਾਇਨਾਡ ਅਤੇ ਰਾਏਬਰੇਲੀ ਸੀਟ ਤੋਂ ਜਿੱਤ ਕੀਤੀ ਹਾਸਲ

ਨੈਸ਼ਨਲ ਡੈਸਕ 4 ਜੂਨ। ਲੋਕ ਸਭਾ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਜਾਰੀ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਆਪਣੀ ਦੋਹਾਂ ਸੰਸਦੀ ਸੀਟਾਂ ਵਾਇਨਾਡ ਅਤੇ ਰਾਏਬਰੇਲੀ ਤੋਂ ਅੱਗੇ ਚੱਲ ਰਹੇ ਹਨ। ਰਾਹੁਲ ਨੇ ਰਾਏਬਰੇਲੀ ਤੋਂ 3,90,030 ਵੋਟਾਂ ਦੇ ਫਰਕ ਨਾਲ ਭਾਜਪਾ ਦੇ ਉਮੀਦਵਾਰ ਦਿਨੇਸ਼ ਪ੍ਰਤਾਪ ਸਿੰਘ ਹਰਾਇਆ ਹੈ। ਉੱਥੇ ਹੀ ਵਾਇਨਾਡ ਤੋਂ ਰਾਹੁਲ ਗਾਂਧੀ 3,64,422 ਵੋਟਾਂ ਦੇ ਫਰਕ ਨਾਲ ਕਮਿਊਨਿਸਟ ਪਾਰਟੀ ਆਫ ਇੰਡੀਆ ਦੀ ਏਨੀ ਰਾਜਾ ਨੂੰ ਪਛਾੜਿਆ ਹੈ। ਦੱਸਣਯੋਗ ਹੈ ਕਿ ਸਾਲ 2019 'ਚ ਰਾਹੁਲ ਗਾਂਧੀ ਦੀ ਮਾਂ ਸੋਨੀਆ ਗਾਂਧੀ ਨੇ ਰਾਏਬਰੇਲੀ ਤੋਂ ਜਿੱਤ ਹਾਸਲ ਕੀਤੀ ਸੀ। ਸੋਨੀਆ ਨੇ ਪਿਛਲੀਆਂ ਲੋਕ ਸਭਾ ਚੋਣਾਂ 'ਚ ਰਾਏਬਰੇਲੀ ਸੀਟ 'ਤੇ 1,67,178 ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ। ਪਿਛਲੀ ਵਾਰ ਵੀ ਦੂਜੇ ਸਥਾਨ 'ਤੇ ਭਾਜਪਾ ਦੇ ਦਿਨੇਸ਼ ਪ੍ਰਤਾਪ ਸਿੰਘ ਹੀ ਰਹੇ ਸਨ ਅਤੇ ਉਨ੍ਹਾਂ ਨੂੰ 3,67,740 ਵੋਟ ਹਾਸਲ ਹੋਏ ਸਨ। ਰਾਹੁਲ ਸਾਲ 2004 ਤੋਂ 2019 ਤੱਕ ਅਮੇਠੀ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਹੇ ਪਰ ਪਿਛਲੀਆਂ ਲੋਕ ਸਭਾ ਚੋਣਾਂ 'ਚ ਉਨ੍ਹਾਂ ਨੂੰ ਅਮੇਠੀ ਤੋਂ ਭਾਜਪਾ ਦੀ ਸਮ੍ਰਿਤੀ ਇਰਾਨੀ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਹਾਲਾਂਕਿ ਉਹ ਵਾਇਨਾਡ ਸੀਟ ਤੋਂ ਜਿੱਤ ਕੇ ਸੰਸਦ ਪਹੁੰਚੇ ਸਨ। ਇਸ ਵਾਰ ਵੀ ਉਨ੍ਹਾਂ ਦੇ ਅਮੇਠੀ ਤੋਂ ਚੋਣ ਲੜਨ ਦੀਆਂ ਅਟਕਲਾਂ ਸਨ ਪਰ ਪਾਰਟੀ ਨੇ ਉਨ੍ਹਾਂ ਨੂੰ ਰਾਏਬਰੇਲੀ ਤੋਂ ਮੈਦਾਨ 'ਚ ਉਤਾਰਿਆ ਹੈ।

## ਕੁਮਾਰੀ ਸ਼ੈਲਜਾ ਨੇ ਸਿਰਸਾ ਸੀਟ ਕੀਤੀ ਆਪਣੇ ਨਾਂ

ਸਿਰਸਾ 4 ਜੂਨ। ਕਾਂਗਰਸਦ ਦੀ ਸੀਨੀਅਰ ਨੇਤਾ ਕੁਮਾਰੀ ਸ਼ੈਲਜਾ ਨੇ ਭਾਜਪਾ ਦੇ ਨੇਤਾ ਅਤੇ ਆਪਣੇ ਨੇੜਲੇ ਮੁਕਾਬਲੇਬਾਜ ਅਸ਼ੋਕ ਤੰਵਰ ਨੂੰ ਹਰਾ ਕੇ ਸਿਰਸਾ ਲੋਕ ਸਭਾ ਸੀਟ 'ਤੇ ਜਿੱਤ ਹਾਸਲ ਕੀਤੀ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਸ਼ੈਲਜਾ ਨੇ ਤੰਵਰ ਨੂੰ 2,68,497 ਵੋਟਾਂ ਦੇ ਫਰਕ ਨਾਲ ਹਰਾਇਆ। ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਲਈ ਵੋਟਾਂ ਦੀ ਗਿਣਤੀ ਸਖਤ ਸੁਰੱਖਿਆ ਦਰਮਿਆਨ ਸਵੇਰੇ 8 ਵਜੇ ਤੋਂ ਜਾਰੀ ਹਨ। ਦੱਸ ਦੇਈਏ ਕਿ ਹਰਿਆਣਾ ਦੀਆਂ 10 ਸੀਟਾਂ ਵਿਚੋਂ 5 ਕਾਂਗਰਸ ਅਤੇ 5 ਭਾਜਪਾ ਦੇ ਖਾਤੇ ਵਿਚ ਹਨ, ਯਾਨੀ ਕਿ ਮੁਕਾਬਲਾ ਕਾਫੀ ਫਸਵਾਂ ਹੋ ਗਿਆ ਹੈ। ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਲਈ ਅੱਜ ਨਤੀਜੇ ਐਲਾਨੇ ਜਾ ਰਹੇ ਹਨ। ਜਿੱਥੇ ਭਾਜਪਾ ਨੇ 10 ਸੀਟਾਂ 'ਤੇ ਚੋਣ ਲੜੀ ਹੈ। ਜਦੋਂ ਕਿ ਭਾਰਤੀ ਗਠਜੋੜ ਵਿਚ ਕਾਂਗਰਸ ਨੇ 9 ਸੀਟਾਂ ਅਤੇ ਆਮ ਆਦਮੀ ਪਾਰਟੀ ਨੇ ਕੁਰੂਕਸੇਤਰ ਤੋਂ ਇਕ ਸੀਟ 'ਤੇ ਚੋਣ ਲੜੀ ਹੈ। ਅਜਿਹੇ 'ਚ ਹਰਿਆਣਾ 'ਚ ਕਿਸ ਦਾ ਤਾਜ ਹੋਵੇਗਾ ਅਤੇ ਕਿਸ ਨੂੰ ਕਰਾਰੀ ਹਾਰ ਮਿਲੇਗੀ? ਇਹ ਵੇਖਣਾ ਕਾਫੀ ਦਿਲਚਸਪ ਹੋਵੇਗਾ। ਦੱਸ ਦੇਈਏ ਕਿ ਹਰਿਆਣਾ ਦੀਆਂ 10 ਸੀਟਾਂ ਵਿਚੋਂ 5 ਕਾਂਗਰਸ ਅਤੇ 5 ਭਾਜਪਾ ਦੇ ਖਾਤੇ ਵਿਚ ਹਨ, ਯਾਨੀ ਕਿ ਮੁਕਾਬਲਾ ਕਾਫੀ ਫਸਵਾਂ ਹੋ ਗਿਆ ਹੈ।

## ਦਿੱਲੀ ਸਰਕਾਰ ਦੀ ਵਾਧੂ ਪਾਣੀ ਲਈ ਪਟੀਸ਼ਨ : ਅਪਰ ਯਮੁਨਾ ਰੀਵਰ ਬੋਰਡ ਦੀ ਅੱਜ ਐਮਰਜੈਂਸੀ ਬੈਠਕ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 4 ਜੂਨ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ 'ਅਪਰ ਯਮੁਨਾ ਰੀਵਰ ਬੋਰਡ' (ਯੂ.ਵਾਈ.ਆਰ.ਬੀ.) ਦੀ ਇਕ ਐਮਰਜੈਂਸੀ ਬੈਠਕ 5 ਜੂਨ ਨੂੰ ਬੁਲਾਈ ਜਾਵੇ ਤਾਂ ਜੋ ਦਿੱਲੀ ਵਿਚ ਪਾਣੀ ਦੀ ਘਾਟ ਦੀ ਸਮੱਸਿਆ ਨਾਲ ਸਹੀ ਢੰਗ ਨਾਲ ਨਿਪਟਿਆ ਜਾ ਸਕੇ। ਸੁਪਰੀਮ ਕੋਰਟ ਦਿੱਲੀ ਸਰਕਾਰ ਦੀ ਇਕ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਹੈ, ਜਿਸ 'ਚ ਉਸ ਨੇ ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਰਾਸਟਰੀ ਰਾਜਧਾਨੀ ਨੂੰ ਹਿਮਾਚਲ ਪ੍ਰਦੇਸ ਵਲੋਂ ਉਪਲੱਬਧ ਕਰਵਾਇਆ ਜਾਣ ਵਾਲਾ ਵਾਧੂ ਪਾਣੀ ਛੱਡੇ ਜਾਣ ਦਾ ਹਰਿਆਣਾ ਨੂੰ ਨਿਰਦੇਸ਼ ਦੇਣ ਦੀ ਅਪੀਲ ਕੀਤੀ ਹੈ। ਜੱਜ ਪੀ ਕੇ ਮਿਸਰਾ ਅਤੇ ਕੇਵੀ ਵਿਸਵਨਾਥਨ ਦੀ ਬੈਂਚ ਨੇ ਕਿਹਾ ਕਿ ਕੇਂਦਰ ਅਤੇ ਦਿੱਲੀ, ਹਰਿਆਣਾ ਅਤੇ ਹਿਮਾਚਲ ਪ੍ਰਦੇਸ ਦੀਆਂ ਸਰਕਾਰਾਂ ਵੱਲੋਂ ਪੇਸ ਹੋਏ ਵਕੀਲਾਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਰਾਸਟਰੀ ਰਾਜਧਾਨੀ ਵਿਚ ਪਾਣੀ ਦੀ ਘਾਟ ਦੇ ਮੁੱਦੇ ਨਾਲ ਨਜਿੱਠਣ ਲਈ ਇੱਕ ਦੀ ਇਕ ਬੈਠਕ ਬੁਲਾਈ ਜਾਵੇ। ਬੈਂਚ ਨੇ ਕਿਹਾ, "ਸੁਣਵਾਈ ਦੌਰਾਨ, ਸਾਰੀਆਂ ਧਿਰਾਂ ਇਸ ਗੱਲ 'ਤੇ ਸਹਿਮਤ ਹੋਈਆਂ ਕਿ ਦਿੱਲੀ ਦੇ ਨਾਗਰਿਕਾਂ ਦੇ ਸਾਹਮਣੇ ਪਾਣੀ ਦੀ ਘਾਟ ਦੀ ਸਮੱਸਿਆ ਦਾ ਅਜਿਹਾ ਹੱਲ ਹੋਣਾ ਚਾਹੀਦਾ ਹੈ, ਜਿਸ ਵਿਚ ਸਾਰੀਆਂ ਧਿਰਾਂ ਦੇ



ਵੱਧ ਤੋਂ ਵੱਧ ਹਿੱਤ ਪੂਰੇ ਹੁੰਦੇ ਹੋਣ।" ਉਸ ਨੇ ਕਿਹਾ ਕਿ ਵਕੀਲ ਸਹਿਮਤ ਹੋ ਗਏ ਹਨ ਕਿ ਇਸ ਪਟੀਸ਼ਨ 'ਚ ਚੁੱਕੇ ਗਏ ਮੁੱਦਿਆਂ ਦਾ ਹੱਲ ਕਰਨ ਲਈ 5 ਜੂਨ ਨੂੰ ਅਪਰ ਯਮੁਨਾ ਰੀਵਰ ਬੋਰਡ ਦੀ ਇਕ ਐਮਰਜੈਂਸੀ ਬੈਠਕ ਹੋਣੀ ਚਾਹੀਦੀ ਹੈ ਅਤੇ ਸਾਰੇ ਹੋਰ ਸੰਬੰਧਤ ਮੁੱਦਿਆਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਤਾਂ ਕਿ ਦਿੱਲੀ ਦੇ ਨਾਗਰਿਕਾਂ ਲਈ ਪਾਣੀ ਦੀ ਘਾਟ ਦੀ ਸਮੱਸਿਆ ਦਾ ਉੱਚਿਤ ਤਰੀਕੇ ਨਾਲ ਹੱਲ ਕੀਤਾ ਜਾ ਸਕੇ।" ਬੈਂਚ ਨੇ ਕਿਹਾ ਕਿ ਇਸ ਮਾਮਲੇ 'ਤੇ ਅਗਲੀ ਸੁਣਵਾਈ 6 ਜੂਨ ਨੂੰ ਹੋਵੇਗੀ, ਜਿਸ 'ਚ ਬੋਰਡ ਦੀ ਬੈਠਕ ਅਤੇ ਸਮੱਸਿਆ ਨੂੰ ਹੱਲ ਕਰਨ ਲਈ ਪੱਖਕਾਰਾਂ ਵਲੋਂ ਚੁੱਕੇ ਗਏ ਕਦਮਾਂ 'ਤੇ ਜਾਣਕਾਰੀ ਦਿੱਤੀ ਜਾਵੇਗੀ। ਦਿੱਲੀ ਦੀ ਜਲ ਮੰਤਰੀ ਆਤਿਸ਼ੀ ਵਲੋਂ ਦਾਇਰ ਪਟੀਸ਼ਨ 'ਚ ਕੇਂਦਰ, ਹਰਿਆਣਾ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਅਤੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੂੰ ਪੱਖਕਾਰ ਬਣਾਇਆ ਗਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਜਿਉਂਦੇ ਰਹਿਣ ਲਈ ਪਾਣੀ ਤੱਕ ਪਹੁੰਚ ਜਰੂਰੀ ਹੈ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ 'ਚੋਂ ਇਕ ਹੈ। ਪਟੀਸ਼ਨ 'ਚ ਹਰਿਆਣਾ ਸਰਕਾਰ ਨੂੰ ਇਹ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ ਕਿ ਉਹ ਵਜੀਰਾਬਾਦ ਬੈਰਾਜ ਤੋਂ ਤੁਰੰਤ ਅਤੇ ਲਗਾਤਾਰ ਪਾਣੀ ਛੱਡਣ, ਜਿਸ 'ਚ ਹਿਮਾਚਲ ਪ੍ਰਦੇਸ਼ ਵਲੋਂ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਲਈ ਉਪਲੱਬਧ ਕਰਵਾਏ ਗਏ ਵਾਧੂ ਪਾਣੀ ਨੂੰ ਸ਼ਾਮਲ ਕੀਤਾ ਜਾਵੇ ਤਾਂ ਕਿ ਰਾਸ਼ਟਰੀ ਰਾਜਧਾਨੀ 'ਚ ਪਾਣੀ ਦੇ ਸੰਕਟ ਨਾਲ ਨਜਿੱਠਿਆ ਜਾ ਸਕੇ।

# ਭਾਜਪਾ ਨੇ ਹਿਮਾਚਲ ਦੀਆਂ ਸਾਰੀਆਂ ਚਾਰ ਸੀਟਾਂ ਜਿੱਤ ਕੇ ਬਣਾਈ ਹੈਟ੍ਰਿਕ

**ਤੇਜਿੰਦਰ ਕੌਰ ਬੱਬਰ**

ਸ਼ਿਮਲਾ 4 ਜੂਨ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਹਿਮਾਚਲ ਪ੍ਰਦੇਸ ਦੀਆਂ ਸਾਰੀਆਂ ਚਾਰ ਲੋਕ ਸਭਾ ਸੀਟਾਂ ਜਿੱਤ ਲਈਆਂ ਹਨ। 2014 ਅਤੇ 2019 ਦੀ ਤਰ੍ਹਾਂ ਇਸ ਵਾਰ ਵੀ ਪਾਰਟੀ ਨੇ ਸੂਬੇ ਵਿੱਚ ਕਲੀਨ ਸਵੀਪ ਕਰਕੇ ਜਿੱਤਾਂ ਦੀ ਹੈਟ੍ਰਿਕ ਪੂਰੀ ਕੀਤੀ। ਪਰ ਭਾਜਪਾ ਦੇ ਚਾਰੇ ਉਮੀਦਵਾਰਾਂ ਦੀ ਜਿੱਤ ਦਾ ਅਧਿਕਾਰਤ ਐਲਾਨ ਹੋਣਾ ਬਾਕੀ ਹੈ। ਹਮੀਰਪੁਰ ਸੀਟ ਤੋਂ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਆਪਣੇ ਨੇੜਲੇ ਵਿਰੋਧੀ ਸਤਪਾਲ ਰਾਇਜਾਦਾ ਤੋਂ 1 ਲੱਖ 82 ਹਜਾਰ 357 ਵੋਟਾਂ ਨਾਲ ਜਿੱਤ ਗਏ ਹਨ। ਮੰਡੀ ਤੋਂ ਭਾਜਪਾ ਉਮੀਦਵਾਰ ਅਤੇ ਅਦਾਕਾਰਾ ਕੰਗਨਾ ਰਣੌਤ ਆਪਣੇ ਨਜਦੀਕੀ ਵਿਰੋਧੀ ਕਾਂਗਰਸ ਦੇ ਵਿਕਰਮਾਦਿੱਤਿਆ ਸਿੰਘ ਤੋਂ 74755 ਵੋਟਾਂ ਨਾਲ ਅੱਗੇ ਹਨ। ਕਾਂਗੜਾ ਸੀਟ 'ਤੇ ਵੀ ਭਾਜਪਾ ਉਮੀਦਵਾਰ ਡਾ. ਰਾਜੀਵ ਭਾਰਦਵਾਜ ਆਪਣੇ ਨੇੜਲੇ ਵਿਰੋਧੀ ਅਤੇ ਕਾਂਗਰਸ ਦੇ ਉਮੀਦਵਾਰ ਸਾਬਕਾ ਕੇਂਦਰੀ ਮੰਤਰੀ ਆਨੰਦ ਸਰਮਾ ਤੋਂ 2 ਲੱਖ 51 ਵੋਟਾਂ ਨਾਲ ਅੱਗੇ ਚੱਲ ਰਹੇ ਹਨ। ਜਦਕਿ ਸ਼ਿਮਲਾ ਤੋਂ ਭਾਜਪਾ ਦੇ ਸੁਰੇਸ ਕੁਮਾਰ ਕਸਯਪ ਆਪਣੇ ਨੇੜਲੇ ਵਿਰੋਧੀ ਵਿਨੋਦ ਸੁਲਤਾਨਪੁਰੀ ਤੋਂ 90 ਹਜਾਰ ਤੋਂ ਵੱਧ ਵੋਟਾਂ ਨਾਲ ਅੱਗੇ ਚੱਲ ਰਹੇ ਹਨ। ਅਜਿਹੇ 'ਚ ਭਾਜਪਾ ਇਨ੍ਹਾਂ ਚਾਰਾਂ ਸੀਟਾਂ 'ਤੇ ਜਿੱਤ ਹਾਸਲ ਕਰਦੀ ਨਜਰ ਆ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਸਾਲ 2019 ਵਿੱਚ ਹੋਈਆਂ ਆਮ ਚੋਣਾਂ ਦੌਰਾਨ ਭਾਜਪਾ ਨੇ ਹਿਮਾਚਲ ਪ੍ਰਦੇਸ ਦੀਆਂ ਸਾਰੀਆਂ ਚਾਰ ਲੋਕ ਸਭਾ ਸੀਟਾਂ ਜਿੱਤੀਆਂ ਸਨ। ਕਾਂਗਰਸ ਦਾ ਸਫਾਇਆ ਹੋ ਗਿਆ। ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ। ਕਾਂਗੜਾ ਸੀਟ ਤੋਂ ਕਿਸਨ ਕਪੂਰ, ਮੰਡੀ ਤੋਂ ਰਾਮ ਸਵਰੂਪ ਸਰਮਾ, ਹਮੀਰਪੁਰ ਤੋਂ ਅਨੁਰਾਗ ਠਾਕੁਰ ਅਤੇ ਸ਼ਿਮਲਾ ਤੋਂ ਸੁਰੇਸ



ਕਸਯਪ ਨੇ ਝੰਡਾ ਲਹਿਰਾਇਆ ਸੀ। ਸਾਬਕਾ ਕੇਂਦਰੀ ਮੰਤਰੀ ਅਤੇ ਕਾਂਗੜਾ ਤੋਂ ਕਾਂਗਰਸ ਦੇ ਉਮੀਦਵਾਰ ਆਨੰਦ ਸਰਮਾ ਨੇ ਭਾਜਪਾ ਦੇ ਰਾਜੀਵ ਭਾਰਦਵਾਜ ਤੋਂ ਹਾਰ ਸਵੀਕਾਰ ਕਰ ਲਈ ਹੈ। ਸਰਮਾ 2,04,650 ਵੋਟਾਂ ਨਾਲ ਪਿੱਛੇ ਹਨ। ਸਰਮਾ ਨੇ ਕਿਹਾ, "ਕਾਂਗੜਾ ਤੋਂ ਚੋਣ ਲੜਨਾ ਬਹੁਤ ਵਧੀਆ ਅਨੁਭਵ ਸੀ ਅਤੇ ਮੈਂ ਆਪਣੀ ਹਾਰ ਨੂੰ ਨਿਮਰਤਾ ਨਾਲ ਸਵੀਕਾਰ ਕਰਦਾ ਹਾਂ ਅਤੇ ਰਾਜੀਵ ਭਾਰਦਵਾਜ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੰਦਾ ਹਾਂ।" ਉਸਨੇ ਦੱਸਿਆ, "ਮੈਂ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਅਤੇ ਸਹਿਯੋਗੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ 'ਤੇ ਭਰੋਸਾ ਕੀਤਾ ਅਤੇ ਮੈਂ ਪਾਰਟੀ ਦੇ ਫੈਸਲੇ ਨੂੰ ਸਵੀਕਾਰ ਕੀਤਾ, ਇਹ ਜਾਣਦੇ ਹੋਏ ਕਿ ਕਾਂਗੜਾ ਭਾਜਪਾ ਦਾ ਗੜ੍ਹ ਹੈ।" "ਮੈਂ ਕਾਂਗੜਾ ਅਤੇ ਚੰਬਾ ਦੇ ਲੋਕਾਂ ਦੇ ਪਿਆਰ ਅਤੇ ਸਨੇਹ ਲਈ ਧੰਨਵਾਦੀ ਹਾਂ"। ਸੁਰੇਸ ਕਸਯਪ ਨੇ ਦੱਸਿਆ ਕਿ ਨਤੀਜੇ ਐਗਜ਼ਿਟ ਪੋਲ ਦੀ ਤਰਜ 'ਤੇ ਜਾਪਦੇ ਹਨ ਅਤੇ ਲੋਕਾਂ ਨੇ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ ਦਾ ਮਨ ਬਣਾ ਲਿਆ ਹੈ। ਭਾਜਪਾ ਆਗੂ ਨੇ ਪਾਰਟੀ ਆਗੂਆਂ, ਵਰਕਰਾਂ ਅਤੇ ਵੋਟਰਾਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਕੰਗਨਾ ਰਣੌਤ ਅਤੇ ਉਨ੍ਹਾਂ ਦੇ ਕਾਂਗਰਸੀ ਵਿਰੋਧੀ ਵਿਕਰਮਾਦਿੱਤਿਆ ਸਿੰਘ ਨੇ ਮੰਡੀ ਸੀਟ 'ਤੇ ਜਿੱਤ ਲਈ ਅਰਦਾਸ ਕੀਤੀ। ਸਿੰਘ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਜਾਖੂ ਮੰਦਰ ਦਾ ਦੌਰਾ ਕੀਤਾ, ਜਦੋਂ ਕਿ ਰਣੌਤ ਦੀਆਂ ਪ੍ਰਾਰਥਨਾਵਾਂ ਦੀਆਂ ਵੀਡੀਓਜ ਸੋਸਲ ਮੀਡੀਆ 'ਤੇ ਸਾਹਮਣੇ ਆਈਆਂ। ਅਧਿਕਾਰੀਆਂ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ ਦੇ ਚਾਰ ਲੋਕ ਸਭਾ ਹਲਕਿਆਂ ਅਤੇ ਛੇ ਵਿਧਾਨ ਸਭਾ ਹਲਕਿਆਂ ਵਿੱਚ ਹੋਈਆਂ ਜ਼ਿਮਨੀ ਚੋਣਾਂ ਲਈ ਵੋਟਾਂ ਦੀ ਗਿਣਤੀ ਸੂਬੇ ਭਰ ਦੇ 80 ਗਿਣਤੀ ਕੇਂਦਰਾਂ ਵਿੱਚ ਸਵੇਰੇ 8 ਵਜੇ ਸੁਰੂ ਹੋਈ।

## ਜੰਮੂ ਕਸ਼ਮੀਰ : ਉਮਰ ਅਤੇ ਮਹਿਬੂਬਾ ਨੇ ਆਪਣੇ ਚੋਣ ਖੇਤਰਾਂ ਤੋਂ ਸਵੀਕਾਰੀ ਹਾਰ

ਸ਼੍ਰੀਨਗਰ 4 ਜੂਨ। ਜੰਮੂ ਅਤੇ ਕਸ਼ਮੀਰ ਰਾਜ ਦੇ 2 ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਆਪਣੇ ਚੋਣ ਖੇਤਰਾਂ 'ਚ ਪਿੱਛੇ ਚੱਲ ਰਹੇ ਹਨ। ਚੋਣ ਕਮਿਸ਼ਨ ਅਨੁਸਾਰ ਇਹ ਜਾਣਕਾਰੀ ਮੰਗਲਵਾਰ ਨੂੰ ਵੋਟਾਂ ਦੀ ਗਿਣਤੀ ਦੇ ਹੁਣ ਤੱਕ ਦੇ ਅੰਕੜਿਆਂ ਅਨੁਸਾਰ ਦੋਵੇਂ ਆਪਣੀਆਂ ਸੀਟਾਂ ਤੋਂ ਵੱਡੇ ਅੰਤਰ ਨਾਲ ਪਿੱਛੇ ਹਨ। ਉਮਰ ਅਬਦੁੱਲਾ ਬਾਰਾਮੂਲਾ ਲੋਕ ਸਭਾ ਖੇਤਰ ਤੋਂ ਚੋਣ ਮੈਦਾਨ 'ਚ ਹਨ, ਜਦੋਂ ਕਿ ਮਹਿਬੂਬਾ ਅਨੰਤਨਾਗ-ਰਾਜੌਰੀ ਖੇਤਰ ਤੋਂ ਉਮੀਦਵਾਰ ਹੈ। ਨੈਸ਼ਨਲ ਕਾਨਫਰੰਸ (ਨੇਕਾਂ) ਦੇ ਉੱਪ ਪ੍ਰਧਾਨ



ਅਬਦੁੱਲਾ ਆਪਣੇ ਮੁਕਾਬਲੇਬਾਜ ਅਤੇ ਆਜਾਦ ਉਮੀਦਵਾਰ ਸ਼ੇਖ ਅਬਦੁੱਲ ਰਾਸ਼ਿਦ ਤੋਂ 53820 ਵੋਟਾਂ ਨਾਲ ਪਿੱਛੇ ਚੱਲ ਰਹੇ ਹਨ। ਉਮਰ ਅਬਦੁੱਲਾ ਬਾਰਾਮੂਲਾ ਸੀਟ ਤੋਂ ਹਾਰ ਸਵੀਕਾਰ ਕਰਦੇ ਹੋਏ ਆਜਾਦ ਉਮੀਦਵਾਰ ਇੰਜੀਨੀਅਰ ਰਾਸ਼ਿਦ ਨੂੰ ਉੱਤਰ ਕਸ਼ਮੀਰ 'ਚ ਜਿੱਤ ਲਈ ਦਿੱਤੀ ਵਧਾਈ ਹੈ। ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਪ੍ਰਧਾਨ ਮਹਿਬੂਬਾ ਮੁਫਤੀ ਅਨੰਤਨਾਗ-ਰਾਜੌਰੀ ਚੋਣ ਖੇਤਰ 'ਤੇ 227492 ਵੋਟਾਂ ਨਾਲ ਪਿੱਛੇ ਹਨ। ਉਨ੍ਹਾਂ ਨੇ ਵੀ ਆਪਣੀ ਹਾਰ ਸਵੀਕਾਰ ਕਰ ਲਈ ਹੈ। ਕਸ਼ਮੀਰ ਘਾਟੀ ਦੀ ਸ਼੍ਰੀਨਗਰ ਲੋਕ ਸਭਾ ਚੋਣ ਖੇਤਰ 'ਤੇ ਨੇਕਾਂ ਦੇ ਆਗਾ ਸਈਅਦ ਰੂਹੁੱਲਾਹ ਮੇਹਦੀ ਆਪਣੇ ਮੁਕਾਬਲੇਬਾਜ ਪੀਡੀਪੀ ਦੇ ਵਹੀਦ ਪਾਰਾ ਤੋਂ 298805 ਵੋਟਾਂ ਨਾਲ ਅੱਗੇ ਹਨ।

# ਦਿਆਲਪੁਰਾ ਥਾਣੇ ‘ਚੋਂ ਹਥਿਆਰ ਗਾਇਬ ਹੋਣ ਦੇ ਮਾਮਲੇ ‘ਚ ਆਇਆ ਨਵਾਂ ਮੋੜ

ਬਠਿੰਡਾ 4 ਜੂਨ। ਦਿਆਲਪੁਰਾ ਥਾਣੇ ’ਚ ਜਮਾਂ ਹਥਿਆਰਾਂ ਦੇ ਗਾਇਬ ਹੋਣ ਦੇ ਮਾਮਲੇ ’ਚ ਇਕ ਨਵਾਂ ਮੋੜ ਆਇਆ ਹੈ। ਹੁਣ ਬਠਿੰਡਾ ਦੇ ਵਸਨੀਕ ਤੀਰਥ ਸਿੰਘ ਸਿੱਧੂ ਨੇ ਦੋਸ ਲਾਇਆ ਹੈ ਕਿ ਉਸ ਨੇ ਆਪਣੇ ਖ਼ਿਲਾਫ ਦਰਜ ਕੇਸ ’ਚ ਰਿਵਾਲਵਰ ਥਾਣਾ ਦਿਆਲਪੁਰਾ ’ਚ ਜਮਾਂ ਕਰਵਾ ਦਿੱਤਾ ਸੀ। ਇਸ ਮਾਮਲੇ ’ਚ 8 ਅਗਸਤ 2023 ਨੂੰ ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ ਸੀ ਅਤੇ ਹਥਿਆਰ ਛੱਡਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਇਸ ਮਾਮਲੇ ’ਚ ਉਸ ਵੇਲੇ ਹੈਰਾਨੀ ਹੋਈ ਜਦੋਂ ਉਹ ਅਦਾਲਤ ਦੇ ਹੁਕਮਾਂ ਨੂੰ ਲੈ ਕੇ ਥਾਣਾ ਦਿਆਲਪੁਰਾ ਪੁੱਜਾ। ਉੱਥੇ ਮੌਜੂਦ ਦਸਤਾਵੇਜਾਂ ਨੂੰ ਦੇਖਣ ਤੋਂ ਬਾਅਦ ਦੱਸਿਆ ਗਿਆ ਕਿ ਅਸਲਾ ਕਾਰਗੋ ਹੋਲਡ ’ਚ ਰੱਖਿਆ ਹੋਇਆ ਸੀ। ਜਦੋਂ ਗੋਦਾਮ ਦੀ ਜਾਂਚ ਕੀਤੀ ਗਈ ਤਾਂ ਉਥੋਂ ਰਿਵਾਲਵਰ ਗਾਇਬ ਸੀ। ਇਸ ਤੋਂ ਬਾਅਦ ਪਿਛਲੇ ਤਿੰਨ ਮਹੀਨਿਆਂ ਤੋਂ ਹਥਿਆਰਾਂ ਦੀ ਭਾਲ ਕਰਨ ਦੀ ਬਜਾਏ ਪੁਲਸ ਨੇ ਕਿਹਾ ਕਿ ਇਸ ਮਾਮਲੇ ’ਚ ਵਿਸੇਸ ਜਾਂਚ ਕਮੇਟੀ ਬਣਾਈ ਗਈ ਹੈ। ਪੁਲਸ ਦਾ ਬਿਆਨ ਹੈ ਕਿ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਅਗਲੀ ਕਾਰਵਾਈ ਸੰਭਵ ਹੋਵੇਗੀ। ਇਸ ’ਚ ਪ੍ਰਭਾਵਿਤ ਵਿਅਕਤੀ ਨੇ ਦੱਸਿਆ ਕਿ ਉਹ ਆਪਣਾ ਅਸਲਾ ਲਾਇਸੈਂਸ ਰੀਨਿਊ ਕਰਵਾਉਣਾ ਚਾਹੁੰਦਾ ਹੈ। ਇਸ ਦੇ ਲਈ ਹਥਿਆਰ ਦਿਖਾਉਣੇ ਜਰੂਰੀ ਹਨ। ਤਹਿਸੀਲ ਦਫਤਰ ਦੇ ਅਧਿਕਾਰੀ ਕਹਿ ਰਹੇ ਹਨ ਕਿ ਜੇਕਰ ਅਸਲਾ ਥਾਣੇ ’ਚ ਹੈ ਤਾਂ ਉਹ ਸਬੰਧਤ ਥਾਣੇ ਤੋਂ ਲਿਖ ਕੇ ਦੇਣ ਕਿ ਅਸਲਾ ਉਨ੍ਹਾਂ ਕੋਲ ਹੈ। ਇਸ ’ਚ ਪੁਲਸ ਕਹਿ ਰਹੀ ਹੈ ਕਿ ਜਦੋਂ ਤਕ ਐੱਸ.ਆਈ.ਟੀ. ਦੀ ਜਾਂਚ



ਪੂਰੀ ਨਹੀਂ ਹੋ ਜਾਂਦੀ, ਉਹ ਕਾਗਜੀ ਕਾਰਵਾਈ ਨਹੀਂ ਕਰ ਸਕਦੇ। ਫਿਲਹਾਲ ਪ੍ਰਭਾਵਿਤ ਵਿਅਕਤੀ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਅਤੇ ਉਸ ਦੇ ਅਸਲਾ ਲਾਇਸੈਂਸ ਨੂੰ ਰੀਨਿਊ ਕਰਵਾਉਣ ਦੀ ਪ੍ਰਕਿਰਿਆ ’ਚ ਵੀ ਦੇਰੀ ਹੋ ਰਹੀ ਹੈ, ਜਿਸ ਕਾਰਨ ਉਸ ਨੂੰ ਜੁਰਮਾਨਾ ਭਰਨਾ ਪਵੇਗਾ। ਇਸ ਮਾਮਲੇ ’ਚ ਉਨ੍ਹਾਂ ਸਰਕਾਰੀ ਸਾਮਾਨ ਦੀ ਖਪਤ ਕਰਕੇ ਹਥਿਆਰ ਗਾਇਬ ਕਰਨ ਵਾਲੇ ਵਿਅਕਤੀਆਂ ਖ਼ਿਲਾਫ ਕਾਰਵਾਈ ਕਰ ਕੇ ਇਨਸਾਫ ਦੀ ਮੰਗ ਕੀਤੀ ਹੈ। ਧਿਆਨਯੋਗ ਹੈ ਕਿ ਇਕ ਸਾਲ ਪਹਿਲਾਂ ਬਠਿੰਡਾ ਦੇ ਦਿਆਲਪੁਰਾ ਥਾਣੇ ’ਚੋਂ ਵੀ ਹਥਿਆਰਾਂ ਦੇ ਗਾਇਬ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਮਾਮਲੇ ’ਚ ਮੁਅੱਤਲ ਮੁਨਸੀ ਸੰਦੀਪ ਦੇ ਤਿੰਨ ਦੋਸਤਾਂ ਦੀ ਭੂਮਿਕਾ ਦਾ ਖੁਲਾਸਾ ਹੋਇਆ ਸੀ। ਜਾਣਕਾਰੀ ਅਨੁਸਾਰ ਮੁਨਸੀ ਦੇ ਤਿੰਨ ਦੋਸਤਾਂ ਨੇ ਪਿਸਤੌਲ ਵੇਚਣ ਦਾ ਸੌਦਾ ਕੀਤਾ ਸੀ। ਸੰਦੀਪ ਤੋਂ ਪਿਸਤੌਲ ਲੈ ਕੇ ਸਾਹਿਲ ਨਾਂ ਦੇ ਵਿਅਕਤੀ ਨੂੰ ਵੇਚ ਦਿੱਤਾ ਸੀ। ਥਾਣਿਆਂ ’ਚੋਂ ਲੋਕਾਂ ਵੱਲੋਂ ਜਮਾਂ ਕਰਵਾਏ ਹਥਿਆਰਾਂ ਦੇ ਗਾਇਬ ਹੋਣ ਪਿੱਛੇ ਕਿਸੇ ਵੱਡੇ ਗਿਰੋਹ ਦਾ ਹੱਥ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਸੀ. ਆਈ. ਏ. ਸਟਾਫ ਵੱਲੋਂ 27 ਮਈ 2022 ਨੂੰ ਫੜੇ ਗਏ ਨਸਾ ਸਮੱਗਲਰ ਕੋਲੋਂ ਭਗਤਾ ਭਾਈਕਾ ਦੇ ਦਿਆਲਪੁਰਾ ਥਾਣੇ ’ਚ ਜਮਾਂ ਪ੍ਰੀਤਮ ਸਿੰਘ ਦਾ ਰਿਵਾਲਵਰ ਬਰਾਮਦ ਹੋਇਆ ਸੀ। ਇਸ ਤੋਂ ਬਾਅਦ ਪ੍ਰੀਤਮ ਸਿੰਘ ਨੇ ਪੂਰੇ ਮਾਮਲੇ ਦੀ ਸ਼ਿਕਾਇਤ ਐੱਸ.ਐੱਸ.ਪੀ. ਨੂੰ ਕੀਤੀ ਅਤੇ ਮੀਡੀਆ ਸਾਹਮਣੇ ਥਾਣੇ ’ਚ ਹਥਿਆਰ ਜਮਾਂ ਕਰਵਾਉਣ ਦੀ ਰਸੀਦ ਦਿਖਾਈ। ਇਸ ਮਾਮਲੇ ਤੋਂ ਬਾਅਦ ਇਕ ਤੋਂ ਬਾਅਦ ਇਕ ਤਿੰਨ ਹੋਰ ਮਾਮਲੇ ਸਾਹਮਣੇ ਆਏ ਹਨ। ਥਾਣੇ ’ਚੋਂ ਹਥਿਆਰ ਗਾਇਬ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਐੱਸ.ਐੱਸ.ਪੀ. ਨੇ ਪੂਰੇ ਮਾਮਲੇ ਦੀ ਜਾਂਚ ਲਈ ਡੀ.ਐੱਸ.ਪੀ. ਰਾਮਪੁਰਾ ਫੂਲ ਦੀ ਅਗਵਾਈ ’ਚ ਐੱਸ.ਆਈ.ਟੀ. ਦਾ ਗਠਨ ਕੀਤਾ ਸੀ। ਐੱਸ.ਆਈ.ਟੀ. ਨੇ ਆਪਣੀ ਸੁਰੂਆਤੀ ਜਾਂਚ ’ਚ ਉਸ ਸਮੇਂ ਦੇ ਸਾਰੇ ਪੁਲਸ ਮੁਲਾਜਮਾਂ ਨੂੰ ਸਾਮਲ ਕੀਤਾ, ਜਦੋਂ ਪੀੜਤਾਂ ਨੇ ਆਪਣੇ ਹਥਿਆਰ ਦਿਆਲਪੁਰਾ ਥਾਣੇ ’ਚ ਜਮਾਂ ਕਰਵਾਏ ਸਨ।

## ਚੰਡੀਗੜ੍ਹ ‘ਚ ਲਾਈਟਾਂ ‘ਤੇ ਪਲਟਿਆ ਤੇਲ ਨਾਲ ਭਰਿਆ ਟੈਂਕਰ, ਬਾਲਟੀਆਂ ਤੇ ਬੋਤਲਾਂ ‘ਚ ਭਰ ਲੈ ਗਏ ਲੋਕ

ਚੰਡੀਗੜ੍ਹ 4 ਜੂਨ। ਤੇਲ ਨਾਲ ਭਰਿਆ ਟੈਂਕਰ ਐਤਵਰ ਰਾਤ ਸੈਕਟਰ-20/33 ਲਾਈਟ ਪੁਆਇੰਟ ਕੋਲ ਪਲਟ ਗਿਆ। ਦੇਖਦਿਆਂ ਹੀ ਦੇਖਦਿਆਂ ਟੈਂਕਰ ‘ਚੋਂ ਤੇਲ ਨਿਕਲ ਕੇ ਸੜਕ ’ਤੇ ਫੈਲ ਗਿਆ। ਲੋਕਾਂ ਨੇ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦਿੱਤੀ। ਪੀ. ਸੀ. ਆਰ. ਤੇ ਥਾਣਾ ਪੁਲਸ ਮੌਕੇ ’ਤੇ ਪਹੁੰਚੀ। ਪੁਲਸ ਨੇ ਡਰਾਈਵਰ ਨੂੰ ਟੈਂਕਰ ਦੇ ਕੈਬਿਨ ’ਚੋਂ ਬਾਹਰ ਕੱਢ ਕੇ ਉਸ ਦੀ ਜਾਨ ਬਚਾਈ। ਇੰਸ. ਕੁਲਦੀਪ ਮੌਕੇ ’ਤੇ ਟੀਮ ਨਾਲ ਪਹੁੰਚੇ ਤੇ ਸੜਕ ਖਾਲੀ ਕਰਵਾਈ। ਕਈ ਲੋਕ ਬੋਤਲਾਂ ਤੇ ਬਾਲਟੀਆਂ ‘ਚ ਤੇਲ ਭਰਨ



ਲੱਗੇ ਹੋਏ ਸਨ। ਪੁਲਸ ਨੇ ਦੱਸਿਆ ਕਿ ਡੀਜ਼ਲ ਬਾਹਰ ਨਿਕਲ ਰਿਹਾ ਸੀ, ਜਿਸ ਨੂੰ ਪੁਲਸ ਨੇ ਤੁਰੰਤ ਪਹੁੰਚ ਕੇ ਬੰਦ ਕੀਤਾ। ਜਾਂਚ ਵਿਚ ਸਾਹਮਣੇ ਆਇਆ ਕਿ ਟੈਂਕਰ ਸੰਤੁਲਨ ਵਿਗੜਨ ਕਾਰਨ ਪਲਟਿਆ ਸੀ। ਡੀਜ਼ਲ ਨਾਲ ਭਰਿਆ ਟੈਂਕਰ ਪਲਟਣ ਤੋਂ ਬਾਅਦ ਸੜਕ ’ਤੇ ਡੀਜ਼ਲ ਹੀ ਡੀਜ਼ਲ ਫੈਲ ਗਿਆ। ਇਹ ਦੇਖ ਕੇ ਲੋਕ ਬਾਲਟੀਆਂ ਅਤੇ ਜੋ ਮਿਲਿਆ, ਲੈ ਕੇ ਦੌੜ ਪਏ। ਚੰਡੀਗੜ੍ਹ ਪੁਲਸ ਆਰਾਮ ਨਾਲ ਖੜ੍ਹੀ ਦੇਖਦੀ ਰਹੀ ਤੇ ਡੀਜ਼ਲ ਲੈ ਕੇ ਜਾਂਦੇ ਲੋਕਾਂ ਨੂੰ ਰੋਕਣ ਦੀ ਕੋਈ ਖੇਚਲ ਨਹੀਂ ਕੀਤੀ। ਸੜਕ ’ਤੇ ਫੈਲੇ ਡੀਜ਼ਲ ਨੂੰ ਅੱਗ ਨਾ ਲੱਗੇ, ਇਸ ਲਈ ਫਾਇਰ ਬ੍ਰਿਗੇਡ ਵਿਭਾਗ ਦੀ ਟੀਮ ਸੜਕ ’ਤੇ ਪਾਣੀ ਦਾ ਛਿੜਕਾਅ ਕਰਦੀ ਰਹੀ। ਉੱਥੇ ਹੀ ਟੈਂਕਰ ਪਲਟਣ ਵਾਲੀ ਸੜਕ ਵੱਲ ਪੁਲਸ ਕਿਸੇ ਨੂੰ ਨਹੀਂ ਆਉਣ ਦੇ ਰਹੀ ਸੀ। ਪੁਲਸ ਅਨੁਸਾਰ ਡੀਜ਼ਲ ਨਾਲ ਭਰਿਆ ਟੈਂਕਰ ਪਾਣੀਪਤ ਵੱਲ ਜਾ ਰਿਹਾ ਸੀ ਅਤੇ ਮੌਕਾ ਤਾੜ ਕੇ ਡਰਾਈਵਰ ਫਰਾਰ ਹੋ ਗਿਆ।

## ਫਿਰੋਜ਼ਪੁਰ ਜੇਲ੍ਹ ‘ਚੋਂ ਤਲਾਸ਼ੀ ਦੌਰਾਨ ਮਿਲੇ 10 ਮੋਬਾਇਲ , ਅਣਪਛਾਤੇ ਵਿਅਕਤੀ ਸਣੇ 10 ‘ਤੇ ਮਾਮਲਾ ਦਰਜ

ਫਿਰੋਜ਼ਪੁਰ 4 ਜੂਨ। ਪਿਛਲੇ ਕਾਫੀ ਸਮੇਂ ਤੋਂ ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਮੋਬਾਈਲ ਫ਼ੋਨਾਂ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨੂੰ ਲੈ ਕੇ ਸੁਰਖੀਆਂ ’ਚ ਹੈ ਅਤੇ ਬਾਹਰੋਂ ਵੀ ਸ਼ਰਾਰਤੀ ਅਨਸਰ ਮੋਬਾਈਲ ਫ਼ੋਨਾਂ ਅਤੇ ਨਸ਼ੀਲੇ ਪਦਾਰਥਾਂ ’ਚ ਲਪੇਟੇ ਪੈਕਟ ਜੇਲ੍ਹ ਦੇ ਅੰਦਰ ਸੁੱਟ ਰਹੇ ਹਨ। ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਇੱਕ ਵਾਰ ਫਿਰ ਵੱਡਾ ਤਲਾਸ਼ੀ ਅਭਿਆਨ ਚਲਾਇਆ ਗਿਆ ਅਤੇ ਇਸ ਕਾਰਵਾਈ ਦੌਰਾਨ ਜੇਲ੍ਹ ਵਿੱਚੋਂ 10 ਮੋਬਾਈਲ ਫ਼ੋਨ ਅਤੇ ਇੱਕ ਚਾਰਜਰ ਬਰਾਮਦ ਕੀਤਾ ਗਿਆ, ਜਿਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ 9 ਹਵਾਲਾਤੀਆਂ ਅਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫਿਰੋਜ਼ਪੁਰ ਦੇ ਏ.ਐੱਸ.ਆਈ ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਦੇ




ਸਹਾਇਕ ਸੁਪਰਡੈਂਟ ਸੁਖਜਿੰਦਰ ਸਿੰਘ ਅਤੇ ਰਿਸ਼ਵ ਪਾਲ ਗੋਇਲ ਵੱਲੋਂ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੂੰ ਭੇਜੇ ਲਿਖਤੀ ਪੱਤਰਾਂ ਵਿੱਚ ਦੱਸਿਆ ਗਿਆ ਹੈ ਕਿ ਗੁਪਤ ਸੂਚਨਾ ਦੇ ਆਧਾਰ ’ਤੇ ਜਦੋਂ ਉਨ੍ਹਾਂ ਨੇ ਜੇਲ੍ਹ ਦੀ ਤਲਾਸ਼ੀ ਲਈ ਤਾਂ ਹਵਾਲਾਤੀਆਂ ਤੋਂ ਲਾਵਾਰਿਸ ਹਾਲਤ ਵਿੱਚ ਵੀਵੋ ਟੱਚ ਸਕ੍ਰੀਨ, ਨੋਕੀਆ ਕੀਪੈਡ, ਸੈਮਸੰਗ ਕੀਪੈਡ ਮੋਬਾਈਲ ਫ਼ੋਨ ਅਤੇ ਇੱਕ ਚਾਰਜਰ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਕਈ ਮੋਬਾਈਲਾਂ ਵਿੱਚ ਸਿਮ ਕਾਰਡ ਵੀ ਹਨ। ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਭੇਜੇ ਲਿਖਤੀ ਪੱਤਰਾਂ ਦੇ ਆਧਾਰ ’ਤੇ ਪੁਲਿਸ ਨੇ ਹਵਾਲਾਤੀ ਲਵਪ੍ਰੀਤ ਸਿੰਘ, ਮਿਥੁਨ ਸਿੰਘ ਉਰਫ਼ ਮੀਠੀ, ਹਵਾਲਾਤੀ ਅਰਵਿੰਦਰ, ਰਾਜਨ ਸਿੰਘ, ਰਵਿੰਦਰ ਸਿੰਘ, ਹਵਾਲਾਤੀ ਗੌਤਮ ਸਿੰਘ, ਹਵਾਲਾਤੀ ਵਿਕਰਮ, ਮਨਜੀਤ ਸਿੰਘ, ਹਵਾਲਾਤੀ ਤਲਵਿੰਦਰ ਸਿੰਘ ਅਤੇ ਇਕ ਅਣਪਛਾਤੇ ਵਿਅਕਤੀ ਖਿਲਾਫ ਮਾਮਲੇ ਦਰਜ ਕੀਤੇ ਹਨ ਅਤੇ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਮੋਬਾਇਲ ਫੋਨ ਉਨ੍ਹਾ ਤੱਕ ਕਿਵੇਂ ਪਹੁੰਚੇ।

## ਮੋਗਾ ’ਚ ਲਾੜੇ ਦੀ ਮੌਤ ਨਾਲ ਲੁਧਿਆਣੇ ’ਚ ਮਾਤਮ, ਇਕ ਝਟਕੇ ’ਚ ਦੁਨੀਆ ਹੀ ਉੱਜੜ ਗਈ

ਲੁਧਿਆਣਾ/ਮੋਗਾ 4 ਜੂਨ। ਮੋਗਾ ਵਿਚ ਐਤਵਾਰ ਸਵੇਰੇ ਵਾਪਰੇ ਭਿਆਨਕ ਹਾਦਸੇ ਵਿਚ ਲਾੜੇ ਸਣੇ ਚਾਰ ਲੋਕਾਂ ਦੀ ਮੌਤ ਹੋ ਗਈ। ਇਸ ਦਰਦਨਾਕ ਘਟਨਾ ਤੋਂ ਬਾਅਦ ਲੁਧਿਆਣਾ ਦੇ ਪਿੰਡ ਬੱਦੋਵਾਲ ਦੇ ਉਸ ਘਰ ਵਿਚ ਮਾਤਮ ਪੱਸਰ ਗਿਆ ਹੈ, ਜਿਸ ਘਰ ਵਿਚ ਬਾਰਾਤ ਆਉਣੀ ਸੀ। ਦਰਅਸਲ ਭਾਈ ਕਨ੍ਹੱਈਆ ਜੀ ਚੈਰੀਟੇਬਲ ਹਸਪਤਾਲ ਅਤੇ ਪਬਲਿਕ ਸੇਵਾ ਸੁਸਾਇਟੀ ਵਲੋਂ 21 ਕੁੜੀਆਂ ਦੇ ਵਿਆਹ ਕਰਵਾਏ ਜਾ ਰਹੇ ਸਨ। ਹਾਦਸੇ ਵਿਚ ਜਿਸ ਲਾੜੇ ਸੁਖਵਿੰਦਰ ਸਿੰਘ ਦੀ ਮੌਤ ਹੋਈ ਹੈ, ਉਹ ਫਾਜ਼ਿਲਕਾ ਦੇ ਰਹਿਣ ਵਾਲਾ ਸੀ ਅਤੇ ਉਸ ਦਾ ਵਿਆਹ ਪ੍ਰਵੀਨ ਰਾਣੀ ਨਾਲ ਹੋਣਾ ਸੀ। ਲਾੜੇ ਦੀ ਮੌਤ ਦੀ ਖਬਰ ਆਈ ਤਾਂ ਲਾੜੀ ਦੇ ਪਿਰਾਵਰ ਨੇ ਕੁੱਝ ਦੇਰ ਤਕ ਲਾੜੀ ਪ੍ਰਵੀਨ ਨੂੰ ਇਸ ਦੀ ਜਾਣਕਾਰੀ ਨਹੀਂ ਦਿੱਤੀ। ਕੁੱਝ ਦੇਰ ਬਾਅਦ ਜਦੋਂ ਉਸ ਨੂੰ ਇਸ ਅਣਹੋਣੀ ਬਾਰੇ ਪਤਾ ਲੱਗਾ ਤਾਂ ਉਹ ਬੇਸੁੱਧ ਹੋ ਗਈ। ਇਸ ਦੌਰਾਨ ਡਾਕਟਰ ਬੁਲਾ ਕੇ ਲੜਕੀ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ। ਜਿਹੜੀ ਕੁੜੀ ਵਿਆਹ ਦੀ ਖੁਸ਼ੀ ਵਿਚ ਇਕ ਦਿਨ ਪਹਿਲਾਂ ਨੱਚ ਟੱਪ ਰਹੀ ਸੀ, ਉਸ ਨੂੰ ਜਿਵੇਂ ਹੀ ਇਸ ਹਾਦਸੇ ਬਾਰੇ ਪਤਾ ਲੱਗਾ ਤਾਂ ਉਸ ਦੀਆਂ ਖੁਸ਼ੀਆਂ ਹੀ ਉੱਡ ਗਈਆਂ। ਸੁਖਵਿੰਦਰ ਦੇ ਨਾਮ ਦੀ ਮਹਿੰਦੀ ਹੱਥਾਂ ’ਤੇ ਰਚਾ ਕੇ ਬੈਠੀ ਲਾੜੀ ਉਸ ਦਾ ਮੂੰਹ ਤਕ ਨਹੀਂ ਦੇਖ ਸਕੀ। ਇਹ ਹਾਦਸਾ



ਮੋਗਾ ਦੇ ਅਜੀਤਵਾਲ ਨੇੜੇ ਵਾਪਰਿਆ। ਵਿਆਹ ਲਈ ਸਵਿੱਫਟ ਕਾਰ ਵਿਚ ਲਾੜਾ ਫਾਜ਼ਿਲਕਾ ਤੋਂ ਬੱਦੋਵਾਲ (ਲੁਧਿਆਣਾ) ਜਾ ਰਿਹਾ ਸੀ। ਜਿਵੇਂ ਹੀ ਕਾਰ ਅਜੀਤਵਾਲ, ਮੋਗਾ ਨੇੜੇ ਪਹੁੰਚੀ ਤਾਂ ਸੜਕ ’ਤੇ ਖੜ੍ਹੀ ਟਰਾਲੀ ਨਾਲ ਕਾਰ ਦੀ ਟੱਕਰ ਹੋ ਗਈ। ਇਸ ਵਿਚ ਲਾੜੇ ਸਮੇਤ 4 ਦੀ ਮੌਤ ਹੋ ਗਈ ਅਤੇ ਇਕ ਜਖਮੀ ਹੋ ਗਿਆ ਜਿਸ ਨੂੰ ਮੋਗਾ ਦੇ ਸਿਵਲ ਹਸਪਤਾਲ ਤੋਂ ਫਰੀਦਕੋਟ ਰੈਫਰ ਕਰ ਦਿੱਤਾ ਗਿਆ। ਹਾਦਸੇ ਵਿਚ ਲਾੜੇ ਸੁਖਵਿੰਦਰ ਸਿੰਘ ਅਤੇ ਅੰਗਰੇਜ ਸਿੰਘ ਸਮੇਤ ਚਾਰ ਸਾਲਾ ਲੜਕੀ ਅਰਸਦੀਪ ਤੇ ਇਕ ਹੋਰ ਦੀ ਮੌਤ ਹੋ ਗਈ ਹੈ। ਜਾਣਕਾਰੀ ਦਿੰਦੇ ਹੋਏ ਮੌਕੇ ‘ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਇਹ ਹਾਦਸਾ ਸਵੇਰੇ 6 ਵਜੇ ਦੇ ਕਰੀਬ ਵਾਪਰਿਆ। ਇਸ ਹਾਦਸੇ ’ਚ ਸਿਫਟ ਕਾਰ ਵਿਚ ਸਵਾਰ ਲਾੜੇ ਸੁਖਵਿੰਦਰ ਸਿੰਘ ਉਸ ਦੀ ਚਾਰ ਸਾਲਾ ਭਤੀਜੀ, ਲਾੜੇ ਦੀ ਭਰਜਾਈ ਅਤੇ ਜੀਜੇ ਦੀ ਮੌਤ ਹੋ ਗਈ। ਮੌਕੇ ਤੇ ਮੌਜੂਦ ਲੋਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਐਤਵਾਰ ਦੀ ਸਵੇਰ ਵਾਪਰਿਆ ਇਹ ਸੜਕ ਹਾਦਸਾ ਇੰਨਾ ਭਿਆਨਕ ਸੀ ਕਿ ਲਾੜੇ ਅਤੇ ਇਕ ਹੋਰ ਦੀ ਤਾਂ ਮੌਕੇ ’ਤੇ ਹੀ ਮੌਤ ਹੋ ਗਈ ਸੀ ਜਦ ਕਿ ਦੋ ਜਣਿਆਂ ਨੇ ਸਿਵਲ ਹਸਪਤਾਲ ਜਗਰਾਉਂ ਵਿਖੇ ਦਮ ਤੋੜ ਦਿੱਤਾ। ਇਸ ਹਾਦਸੇ ਵਿਚ ਗੰਭੀਰ ਜਖਮੀ ਹੋਏ ਸਵਿਫਟ ਕਾਰ ਚਾਲਕ ਦੀ ਹਾਲਤ ਨੂੰ ਨਾਜੁਕ ਦੇਖਦਿਆਂ ਹੋਇਆਂ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਫਰੀਦਕੋਟ ਦੇ ਮੈਡੀਕਲ ਕਾਲਜ ਵਿਖੇ ਰੈਫਰ ਕਰ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਪੁਲਸ ਨੇ ਦੱਸਿਆ ਕਿਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸੂਰੂ ਕਰ ਦਿੱਤੀ ਹੈ ਜਾਂਚ ਵਿੱਚ ਜੋ ਵੀ ਤੱਥ ਸਾਹਮਣੇ ਹੋਣਗੇ ਉਸ ਦੇ ਅਧਾਰ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

## ਗੈਂਗਸਟਰ ਪ੍ਰਿੰਸ ਚੌਹਾਨ ਨਾਲ ਜੁੜੇ ਗਿਰੋਹ ਦੇ 2 ਹੋਰ ਮੈਂਬਰ ਗ੍ਰਿਫਤਾਰ, ਫਿਰੌਤੀ ਰੈਕੇਟ ਦਾ ਪਰਦਾਫਾਸ਼

ਮੋਹਾਲੀ 4 ਜੂਨ। ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਬੰਬੀਹਾ ਗੈਂਗ ਦੇ ਕੈਨੇਡਾ ਆਧਾਰਿਤ ਗੈਂਗਸਟਰ ਪ੍ਰਿੰਸ ਚੌਹਾਨ ਨਾਲ ਜੁੜੇ ਗਿਰੋਹ ਦੇ ਮੈਂਬਰ ਹਰਮਨਪ੍ਰੀਤ ਸਿੰਘ ਉਰਫ ਹੈਮੀ ਵਾਸੀ ਮਾਈ ਗੋਦੜੀ ਸਾਹਿਬ ਮੁਹੱਲਾ, ਫਰੀਦਕੋਟ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਉਸ ਕੋਲੋਂ 1 ਪਿਸਤੌਲ (32 ਬੋਰ) ਅਤੇ ਅਸਲਾ ਬਰਾਮਦ ਕੀਤਾ ਹੈ। ਐੱਸ. ਐੱਸ. ਓ. ਸੀ. ਮੋਹਾਲੀ ਦੇ ਏ. ਆਈ. ਜੀ. ਹਰਮਨਦੀਪ ਸਿੰਘ ਹੰਸ ਨੇ ਦੱਸਿਆ ਕਿ ਪੁਲਸ ਵੱਲੋਂ ਪਹਿਲਾਂ ਲਵਪ੍ਰੀਤ ਸਿੰਘ ਉਰਫ ਗਗਨ ਢਿੱਲੋਂ ਵਾਸੀ ਤਾਲ ਵਾਲੀ ਗਲੀ



ਹੁੱਕੀ ਵਾਲਾ ਚੌਕ ਫਰੀਦਕੋਟ ਨੂੰ ਕਾਬੂ ਕਰ ਕੇ ਉਸ ਦੇ ਕਬਜ਼ੇ ਵਿਚੋਂ 1 ਪਿਸਤੌਲ ਅਤੇ 5 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਲਵਪ੍ਰੀਤ ਬੰਬੀਹਾ ਗੈਂਗ ਦਾ ਮੁੱਖ ਸਰਗਣਾ ਸੀ ਅਤੇ ਕੈਨੇਡਾ ਸਥਿਤ ਗੈਂਗਸਟਰ ਪ੍ਰਿੰਸ ਚੌਹਾਨ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਿਹਾ ਸੀ ਅਤੇ ਪੰਜਾਬ ਦੇ ਕਾਰੋਬਾਰੀਆਂ, ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਗਾਇਕਾਂ ਤੋਂ ਫਿਰੌਤੀ ਲੈ ਕੇ ਪੰਜਾਬ ਵਿਚ ਵਸੂਲੀ ਦਾ ਮਾਡਿਊਲ ਚਲਾ ਰਿਹਾ ਹੈ। ਇਸ ਸਬੰਧੀ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਤਫਤੀਸ਼ ਦੌਰਾਨ ਹਰਮਨਪ੍ਰੀਤ ਸਿੰਘ ਉਰਫ ਹੈਮੀ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਲਜ਼ਮ ਹੈਮੀ ਤੋਂ ਮੁੱਢਲੀ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਉਸ ਨੇ ਬੰਬੀਹਾ ਗੈਂਗ ਦੇ ਪ੍ਰਿੰਸ ਚੌਹਾਨ ਦੇ ਇਸ਼ਾਰੇ ’ਤੇ ਕੰਮ ਕਰਦਿਆਂ ਪੰਜਾਬੀ ਮਿਊਜ਼ਿਕ ਇੰਡਸਟਰੀ ਵਿਚ ਕੰਮ ਕਰਦੇ ਕੁਝ ਨਾਮੀ ਵਿਅਕਤੀਆਂ ਨੂੰ ਧਮਕੀਆਂ ਦਿੱਤੀਆਂ ਸਨ।

## ਫਰਾਂਸ ਦੀ ਥਾਂ ਦੁਬਈ ਭੇਜ ਕੇ ਕੀਤੀ ਲੱਖਾਂ ਦੀ ਧੋਖਾਧੜੀ, ਔਰਤ ਸਮੇਤ 3 ਨਾਮਜਦ

ਗੁਰਦਾਸਪੁਰ 4 ਜੂਨ। ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨੇ ਫਰਾਂਸ ਭੇਜਣ ਦੀ ਥਾਂ ਦੁਬਈ ਭੇਜ ਕੇ 5 ਲੱਖ 93 ਹਜਾਰ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ਾਂ ਹੇਠ 1 ਔਰਤ ਸਮੇਤ 3 ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ‘ਚ ਰਾਹੁਲ ਪੁੱਤਰ ਵਿਜੇ ਵਾਸੀ ਮੁਹੱਲਾ ਸ਼ਹਿਜਾਦਾ ਨਗਰ ਨੇ ਦੱਸਿਆ ਕਿ ਰਜਤ, ਰਾਜ ਕੁਮਾਰ ਵਾਸੀ ਵਰਸੋਲਾ, ਕਾਜਲ ਮਹਾਜਨ ਵਾਸੀ ਗੁਰਦਾਸਪੁਰ ਨੇ ਰਾਹੁਲ ਨੂੰ ਫਰਾਂਸ ਭੇਜਣ ਦੇ ਨਾਮ ‘ਤੇ 5 ਲੱਖ 93 ਹਜਾਰ, 805 ਰੁਪਏ ਲੈ ਕੇ ਉਸਨੂੰ ਦੁਬਈ ਦਾ ਵੀਜਾ ਲਗਾ ਕੇ ਦੁਬਈ ਭੇਜ ਕੇ ਉਸ ਨਾਲ ਧੋਖਾਧੜੀ ਕੀਤੀ ਹੈ। ਇਸ ਸ਼ਿਕਾਇਤ ਦੀ ਜਾਂਚ ਉਪ ਪੁਲਸ ਕਪਤਾਨ ਪੀਬੀਆਈ ਵੱਲੋਂ ਕੀਤੀ ਗਈ, ਜਿਸ ਦੀ ਰਿਪੋਰਟ ਦੇ ਆਧਾਰ ‘ਤੇ ਪੁਲਸ ਨੇ ਔਰਤ ਸਮੇਤ 3 ਖ਼ਿਲਾਫ ਮਾਮਲਾ ਦਰਜ ਕੀਤਾ ਹੈ।

## ਪੰਜਾਬ ਮਗਰੋਂ ਹੁਣ ਚੰਡੀਗੜ੍ਹ ‘ਚ ਵੀ ਐਡਵਾਇਜਰੀ ਜਾਰੀ, ਸਵੇਰੇ-ਸ਼ਾਮ ਸੈਰ ਨਾ ਕਰਨ ਲੋਕ

ਚੰਡੀਗੜ੍ਹ 4 ਜੂਨ। ਸਿਟੀ ਬਿਊਟੀਫੁੱਲ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ‘ਚ ਵੱਧ ਰਹੇ ਪ੍ਰਦੂਸ਼ਣ ਕਾਰਨ ਸਿਹਤ ਸਬੰਧੀ ਸਮੱਸਿਆਵਾਂ ਨਾ ਵਧਣ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਵਲੋਂ ਐਤਵਾਰ ਇਕ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ। ਵਿਭਾਗ ਨੇ ਲੋਕਾਂ ਨੂੰ ਉਨ੍ਹਾਂ ਖੇਤਰਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ, ਜਿੱਥੇ ਜ਼ਿਆਦਾ ਪ੍ਰਦੂਸ਼ਣ ਹੁੰਦਾ ਹੈ, ਜਿਸ ‘ਚ ਹੌਲੀ ਅਤੇ ਭਾਰੀ ਆਵਾਜਾਈ ਵਾਲੀਆਂ ਸੜਕਾਂ, ਉਦਯੋਗ ਅਤੇ ਉਸਾਰੀ ਵਾਲੀਆਂ ਥਾਵਾਂ ਸ਼ਾਮਲ ਹਨ। ਨਾਲ ਹੀ ਲੋਕਾਂ ਨੂੰ ਸਵੇਰੇ ਅਤੇ ਦੇਰ ਸ਼ਾਮ ਬਾਹਰ ਨਾ ਨਿਕਲਣ ਦੀ ਵੀ ਸਲਾਹ ਦਿੱਤੀ ਗਈ ਹੈ। ਲੋਕਾਂ ਨੂੰ ਆਪਣੇ ਘਰਾਂ ਦੇ ਵਾਧੂ ਦਰਵਾਜੇ ਅਤੇ ਖਿੜਕੀਆਂ ਨਾ ਖੋਲ੍ਹਣ ਦੀ ਵੀ ਅਪੀਲ ਕੀਤੀ ਗਈ ਹੈ। ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ ਹਵਾਦਾਰੀ ਲਈ ਜਰੂਰੀ ਹੋਣ ’ਤੇ ਹੀ ਇੰਝ ਕਰਨ ਲਈ ਕਿਹਾ ਗਿਆ ਹੈ। ਹੁਕਮਾਂ ਅਨੁਸਾਰ ਲੋਕ ਬਾਇਓਮਾਸ ਜਿਵੇਂ ਕਿ ਲੱਕੜ, ਕੋਲਾ, ਪਸ਼ੂਆਂ ਦਾ ਗੋਹਾ ਤੇ ਮਿੱਟੀ ਦਾ ਤੇਲ ਆਦਿ ਬਾਲਣ ਤੋਂ ਗੁਰੇਜ ਕਰਨ। ਖਾਣਾ ਪਕਾਉਣ ਅਤੇ ਗਰਮ ਕਰਨ ਦੇ



ਮਕਸਦ ਲਈ ਸਾਫ਼ ਧੂੰਆਂ ਰਹਿਤ ਬਾਲਣ (ਗੈਸ ਜਾਂ ਬਿਜਲੀ) ਦੀ ਵਰਤੋਂ ਕਰੋ। ਜੇ ਬਾਇਓਮਾਸ ਦੀ ਵਰਤੋਂ ਕਰ ਰਹੇ ਹੋ, ਤਾਂ ਸਿਰਫ਼ ਇਕ ਸਾਫ਼ ਸਟੋਵ ਦੀ ਵਰਤੋਂ ਕਰਨੀ ਚਾਹੀਦੀ ਹੈ। ਸਰਦੀਆਂ ‘ਚ ਬੰਦ ਕਮਰਿਆਂ ‘ਚ ਅੰਗੀਠੀ ‘ਚ ਲੱਕੜ ਅਤੇ ਕੋਲਾ ਬਾਲਣ ਤੋਂ ਬਚੋ, ਜੋ ਘਾਤਕ ਹੋ ਸਕਦਾ ਹੈ। ਲੋਕਾਂ ਨੂੰ ਪਟਾਕੇ ਨਾ ਚਲਾਉਣ ਦੀ ਵੀ ਸਲਾਹ ਦਿੱਤੀ ਗਈ ਹੈ, ਜਦਕਿ ਯੂ. ਟੀ. ਪ੍ਰਸ਼ਾਸਨ ਨੇ ਇਸ ਵਾਰ ਤਿਉਹਾਰਾਂ ਦੇ ਸੀਜ਼ਨ ਦੌਰਾਨ ਸੀਮਤ ਸਮੇਂ ਲਈ ਗ੍ਰੀਨ ਪਟਾਕੇ ਚਲਾਉਣ ਦੀ ਇਜਾਜਤ ਦਿੱਤੀ ਸੀ। ਇਸ ਤੋਂ ਇਲਾਵਾ ਕਿਸੇ ਵੀ ਕਿਸਮ ਦੀ ਲੱਕੜ, ਪੱਤੇ, ਫਸਲਾਂ ਦੀ ਰਹਿੰਦ-ਖੂੰਹਦ ਅਤੇ ਕੂੜਾ ਨਾ ਸਾੜਨ ਦੀ ਅਪੀਲ ਕੀਤੀ ਗਈ ਹੈ। ਸਿਗਰੇਟਾਂ, ਬੀੜੀਆਂ ਅਤੇ ਤੰਬਾਕੂ ਪਦਾਰਥਾਂ ਦਾ ਸੇਵਨ ਨਾ ਕਰਨ ਤੋਂ ਇਲਾਵਾ ਬੰਦ ਥਾਵਾਂ ’ਤੇ ਮੱਛਰ ਭਜਾਉਣ ਵਾਲੀਆਂ ਅਗਰਬੱਤੀਆਂ ਨਾ ਧੁਖਾਉਣ ਦੀ ਵੀ ਅਪੀਲ ਕੀਤੀ ਗਈ ਹੈ। ਪ੍ਰਸ਼ਾਸਨ ਮੁਤਾਬਕ ਏ. ਕਿਊ. ਆਈ. ਨੂੰ ਧਿਆਨ ‘ਚ ਰੱਖ ਕੇ ਕਿਸੇ ਵੀ ਤਰ੍ਹਾਂ ਦੀ ਯੋਜਨਾਬੰਦੀ ਬਣਾਓ ਅਤੇ ਖਰਾਬ ਜਾਂ ਗੰਭੀਰ ਏ. ਕਿਊ. ਆਈ. ਵਾਲੇ ਦਿਨਾਂ ‘ਚ ਘਰ ਦੇ ਅੰਦਰ ਹੀ ਰਹੋ। ਅੱਖਾਂ ਨੂੰ ਨਿਯਮਿਤ ਤੌਰ ’ਤੇ ਸਾਫ਼ ਪਾਣੀ ਨਾਲ ਧੋਵੋ ਅਤੇ ਕੋਸੇ ਪਾਣੀ ਨਾਲ ਨਿਯਮਿਤ ਤੌਰ ’ਤੇ ਗਰਾਰੇ ਕਰੋ। ਸਾਹ ਲੈਣ ‘ਚ ਤਕਲੀਫ਼, ਚੱਕਰ ਆਉਣੇ, ਖੰਘ, ਛਾਤੀ ‘ਚ ਤਕਲੀਫ਼ ਜਾਂ ਅੱਖਾਂ ਵਿਚ ਦਰਦ ਅਤੇ ਜਲਣ ਦੀ ਹਾਲਤ ਵਿਚ ਆਪਣੇ ਨਜ਼ਦੀਕੀ ਡਾਕਟਰ ਨਾਲ ਸੰਪਰਕ ਕਰੋ। ਨਾਲ ਹੀ ਮਾਸਕ ਦੇ ਰੂਪ ਵਿਚ ਸਿਰਫ਼ ਐੱਨ.- 95 ਅਤੇ ਐੱਨ.-99 ਮਾਸਕ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ।

## ਅੰਮ੍ਰਿਤਸਰ ’ਚ ਲੁਟੇਰਿਆਂ ਦਾ ਆਤੰਕ ਜਾਰੀ, ਦੋ ਵਾਰਦਾਤਾਂ ਨੂੰ ਦਿੱਤਾ ਅੰਜਾਮ

ਅੰਮ੍ਰਿਤਸਰ 4 ਜੂਨ। ਪੁਲਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕਰਨ ਦੇ ਦਾਅਵਿਆਂ ਦੇ ਬਾਵਜੂਦ ਅੰਮ੍ਰਿਤਸਰ ’ਚ ਲੁਟੇਰਿਆਂ ਦਾ ਆਤੰਕ ਜਾਰੀ ਹੈ। ਹਰ ਰੋਜ ਲੁਟੇਰੇ ਦਿਨ-ਦਿਹਾੜੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਪਰ ਪੁਲਸ ਇਨ੍ਹਾਂ ’ਤੇ ਸ਼ਿਕੰਜਾ ਕੱਸਣ ਵਿਚ ਨਾਕਾਮ ਸਾਬਿਤ ਹੋ ਰਹੀ ਹੈ। ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਦਾ ਕਾਰਨ ਸਹਿਰ ’ਚ ਸਰੇਆਮ ਵਿਕ ਰਿਹਾ ਨਸਾ ਹੈ, ਜਿਸ ਨੂੰ ਪੂਰਾ ਕਰਨ ਲਈ ਲੁਟੇਰੇ ਲੋਕਾਂ ਨੂੰ ਡਰਾ ਧਮਕਾ ਕੇ ਜਖਮੀ ਕਰਦੇ ਹਨ ਅਤੇ ਸਾਮਾਨ ਖੋਹ ਲੈਂਦੇ ਹਨ। ਕਈ ਵਾਰ ਇਹ ਵੀ ਦੇਖਿਆ ਗਿਆ ਹੈ ਕਿ ਬੇਖੌਫ ਲੁਟੇਰੇ ਕੀਮਤੀ ਸਾਮਾਨ ਅਤੇ ਨਕਦੀ ਖੋਹਣ ਦੇ ਨਾਲ-ਨਾਲ ਗੋਲੀਆਂ ਵੀ ਚਲਾ ਦਿੰਦੇ ਹਨ। ਹਾਲ ਹੀ ਵਿਚ ਸਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਵਿਚ ਇਕ ਨੌਜਵਾਨ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਜਖਮੀ ਹੋ ਗਿਆ ਸੀ। ਇਸੇ ਤਰ੍ਹਾਂ ਥਾਣਾ ਇਸਲਾਮਾਬਾਦ ਅਤੇ




ਮੋਹਕਮਪੁਰਾ ਇਲਾਕੇ ਵਿਚ ਲੁਟੇਰਿਆਂ ਨੇ ਦੋ ਵਾਰਦਾਤਾਂ ਨੂੰ ਅੰਜਾਮ ਦਿੱਤਾ, ਜਿਸ ਵਿਚ ਥਾਣਾ ਇਸਲਾਮਾਬਾਦ ਦੀ ਪੁਲਸ ਨੂੰ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਐਕਟਿਵਾ ਸਕੂਟਰ ’ਤੇ ਥਾਂਦੇ ਰੋਡ ਤੋਂ ਗੰਦੇ ਨਾਲੇ ਵੱਲ ਜਾ ਰਿਹਾ ਸੀ। ਸਵੇਰੇ 7 ਵਜੇ ਦੇ ਕਰੀਬ ਇਕ ਇਨੋਵਾ ਕਾਰ ਵਿਚ ਸਵਾਰ ਚਾਰ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਰੋਕ ਲਿਆ ਅਤੇ ਹਥਿਆਰਾਂ ਦੀ ਨੋਕ ’ਤੇ ਉਸ ਦੇ ਹੱਥ ਵਿਚ ਪਾਇਆ ਚਾਂਦੀ ਦਾ ਕੜਾ ਅਤੇ ਜੇਬ ਵਿਚੋਂ 10 ਹਜਾਰ ਰੁਪਏ ਦੀ ਨਕਦੀ ਖੋਹ ਲਈ। ਦੂਜੇ ਪਾਸੇ ਥਾਣਾ ਮੋਹਕਮਪੁਰਾ ਦੀ ਪੁਲਸ ਨੂੰ ਰਾਜੇਸ ਕੁਮਾਰ ਨੇ ਦੱਸਿਆ ਕਿ ਉਹ ਗਲਿਆਰਾ ਖੇਤਰ ’ਚ ਸਥਿਤ ਟੀਟੂ ਪੰਜਾਬੀ ਜੁੱਤੀ ਦੀ ਦੁਕਾਨ ’ਤੇ ਕੰਮ ਕਰਦਾ ਹੈ।

## ਜਲੰਧਰ ‘ਚ ਸ਼ਰਮਨਾਕ ਕਾਰਾ, ਫਾਰਮ ਹਾਊਸ ਦੇ ਅੰਦਰ ਗਊ ਦੀ ਕੀਤੀ ਹੱਤਿਆ

ਜਲੰਧਰ 4 ਜੂਨ। ਇਥੋਂ ਦੇ ਖੁਰਲਾ ਕਿੰਗਰਾ ਇਲਾਕੇ ’ਚ ਸਥਿਤ ਇਕ ਫਾਰਮ ਹਾਊਸ ਦੇ ਅੰਦਰ ਜ਼ਿੰਦਾ ਗਊ ਨੂੰ ਲਿਆ ਕੇ 2 ਮੁਲਜਮਾਂ ਨੇ ਉਸ ਨੂੰ ਕੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਜਿਵੇਂ ਹੀ ਸਥਾਨਕ ਲੋਕਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਥਾਣਾ 7 ਦੀ ਪੁਲਸ ਨੂੰ ਸੂਚਨਾ ਦਿੱਤੀ ਪਰ ਜਦੋਂ ਤੱਕ ਪੁਲਸ ਪਹੁੰਚੀ ਉਦੋਂ ਤੱਕ ਮੁਲਜਮ ਗਊ ਨੂੰ ਪੂਰੀ ਤਰ੍ਹਾਂ ਕੱਟ ਚੁੱਕੇ ਸਨ। ਪੁਲਸ ਨੇ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਗਊ ਮਾਸ ਨੂੰ ਆਪਣੇ ਕਬਜੇ ’ਚ ਲੈ ਲਿਆ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਫਾਰਮ ਹਾਊਸ ਦੇ ਮਾਲਕ ਨੇ ਆਪਣੀ ਪ੍ਰਾਪਰਟੀ ਕਿਰਾਏ ’ਤੇ ਦਿੱਤੀ ਹੋਈ ਹੈ। ਇਥੇ ਪ੍ਰਵਾਸੀ ਲੋਕ ਰਹਿੰਦੇ ਹਨ ਪਰ ਕੁਝ ਸਮੇਂ ਤੋਂ ਅਣਪਛਾਤੇ ਲੋਕਾਂ ਦਾ ਆਉਣਾ-ਜਾਣਾ ਸੀ। ਉਨ੍ਹਾਂ ਨੂੰ ਐਤਵਾਰ ਲਗਭਗ ਸਾਢੇ 4 ਵਜੇ ਦੇ ਆਸ-ਪਾਸ ਪਤਾ ਲੱਗਾ ਕਿ ਫਾਰਮ ਹਾਊਸ ਦੇ ਅੰਦਰ ਗਊ ਕੱਟੀ ਜਾ ਰਹੀ ਹੈ। ਉਨ੍ਹਾਂ ਆਪਣੇ ਘਰਾਂ ਦੀ ਛੱਤ ’ਤੇ ਜਾ ਕੇ ਵੇਖਿਆ ਤਾਂ ਕੁਝ ਖਦਸ਼ਾ ਪ੍ਰਗਟ ਹੋਇਆ। ਇਸ ਦੀ ਸੂਚਨਾ ਜਦੋਂ ਪੁਲਸ ਨੂੰ ਦਿੱਤੀ ਤਾਂ ਥਾਣਾ-7 ਦੇ ਇੰਚਾਰਜ ਮੁਕੇਸ਼ ਕੁਮਾਰ ਆਪਣੀ ਟੀਮ ਨਾਲ ਪਹੁੰਚ ਗਏ। ਉਨ੍ਹਾਂ ਫਾਰਮ ਹਾਊਸ ਦੇ ਅੰਦਰ ਜਾ ਕੇ ਵੇਖਿਆ ਤਾਂ 2 ਵਿਅਕਤੀ ਗਊ ਦੇ ਮਾਸ ਨੂੰ ਪੂਰੀ ਤਰ੍ਹਾਂ ਕੱਟ ਚੁੱਕੇ ਸਨ ਅਤੇ ਉਸ ਮਾਸ ਦੀ ਪੈਕਿੰਗ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ। ਤਿਉਹਾਰਾਂ ਦੇ ਦਰਮਿਆਨ ਗਊ ਦੀ ਹੱਤਿਆ ਕਰਨ ਦੀ ਸੂਚਨਾ ਮਿਲਦੇ ਹੀ ਹਿੰਦੂ ਨੇਤਾ ਵੀ ਮੌਕੇ ’ਤੇ ਪਹੁੰਚ ਗਏ। ਪੁਲਸ ਦੋਵੇਂ ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਥਾਣਾ-7 ਲੈ ਗਈ ਅਤੇ ਗਊ ਮਾਸ ਨੂੰ ਕਬਜੇ ’ਚ ਲੈ ਲਿਆ। ਥਾਣਾ 7 ਦੇ ਇੰਚਾਰਜ ਮੁਕੇਸ਼ ਕੁਮਾਰ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਮੁਲਜਮ ਹੀ ਗਊ ਲਿਆ ਸਨ ਅਤੇ ਇਨ੍ਹਾਂ ਨੇ ਹੀ ਗਊ ਦੀ ਹੱਤਿਆ ਕਰਕੇ ਕੱਟੀ ਸੀ। ਪੁਲਸ ਦੇਰ ਰਾਤ ਦੋਵਾਂ ਖ਼ਿਲਾਫ ਕੇਸ ਦਰਜ ਕਰ ਰਹੀ ਸੀ। ਇਸ ਦਾ ਖੁਲਾਸਾ ਪੁਲਸ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ’ਚ ਵੀ ਕਰ ਸਕਦੀ ਹੈ।

## ਭਾਰਤੀਆਂ ਨੂੰ ਸਵੇਰੇ ਉੱਠਣ ਸਾਰ ਲੱਗੇਗਾ ਝਟਕਾ, ਚਾਹ ਦੀ ਚੁਸਕੀ ਪੈ ਸਕਦੀ ਮਹਿੰਗੀ

ਕੋਲਕਾਤਾ 4 ਜੂਨ। ਭਾਰਤ ’ਚ ਕਰੋੜਾਂ ਲੋਕ ਸਵੇਰੇ-ਸਵੇਰੇ ਚਾਹ ਦੀ ਚੁਸਕੀ ਲੈਣਾ ਪਸੰਦ ਕਰਦੇ ਹਨ। ਇਹ ਗਿਣਤੀ ਸਮੇਂ ਦੇ ਨਾਲ ਵਧਦੀ ਹੀ ਜਾ ਰਹੀ ਹੈ। ਇਸ ਕਾਰਨ ਭਾਰਤ ’ਚ ਚਾਹ ਦੀ ਖਪਤ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਦੌਰਾਨ ਚਾਹ ਪੀਣ ਦੇ ਸੌਕੀਨਾਂ ਲਈ ਇਕ ਬੁਰੀ ਖਬਰ ਹੈ। ਦਰਅਸਲ, ਚਾਹ ਉਤਪਾਦਕਾਂ ਦੀ ਬਾਡੀਜ ਟੀ-ਐਸੋਸੀਏਸਨ ਆਫ ਇੰਡੀਆ (ਟੀ. ਏ. ਆਈ.) ਨੇ ਕਿਹਾ ਹੈ ਕਿ ਉੱਤਰੀ ਬੰਗਾਲ ਦਾ ਚਾਹ ਉਦਯੋਗ ਗੰਭੀਰ ਸੰਕਟ ’ਚੋਂ ਲੰਘ ਰਿਹਾ ਹੈ ਅਤੇ ਖੇਤਰ ਦੇ ਕਈ ਬਾਗ ਬੰਦ ਹੋ ਗਏ ਹਨ। ਇਸ ਮਾਮਲੇ ਦੇ ਸਬੰਧ ਵਿੱਚ ਟੀ. ਏ. ਆਈ. ਦੇ ਜਨਰਲ ਸਕੱਤਰ ਪੀ. ਕੇ. ਭੱਟਾਚਾਰੀਆ ਨੇ ਕਿਹਾ ਕਿ ਅਕਤੂਬਰ 2023 ’ਚ ਉੱਤਰੀ ਬੰਗਾਲ ’ਚ 13-14 ਚਾਹ ਦੇ ਬਾਗ ਬੰਦ ਹੋ ਗਏ, ਜਿਸ ਨਾਲ 11,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ। ਜਾਣਕਾਰਾਂ ਦਾ ਕਹਿਣਾ ਹੈ ਕਿ ਚਾਹ ਦੇ ਬਾਗ ਦੇ ਬੰਦ ਹੋਣ ਨਾਲ ਚਾਹ ਦਾ ਉਤਪਾਦਨ ਪ੍ਰਭਾਵਿਤ ਹੋਵੇਗਾ, ਜਿਸ ਕਾਰਨ ਆਉਣ ਵਾਲੇ ਦਿਨਾਂ ’ਚ ਚਾਹ ਪੱਤੀ ਦੀਆਂ ਕੀਮਤਾਂ ’ਚ ਵਾਧਾ ਹੋਵੇਗਾ। ਠੰਡ ’ਚ ਵੈਸੇ ਵੀ ਚਾਹ ਪੱਤੀ ਦੀ ਜ਼ਿਆਦਾ ਖਪਤ ਹੁੰਦੀ ਹੈ, ਜਿਸ ਕਾਰਨ ਕੀਮਤ ਵਧ ਜਾਂਦੀ ਹੈ। ਟੀ. ਏ. ਆਈ. ਨੇ ਕਿਹਾ ਕਿ ਇਸ ਸਾਲ ਅਪ੍ਰੈਲ ’ਚ ਪੱਛਮੀ ਬੰਗਾਲ ਸਰਕਾਰ ਵੱਲੋਂ ਐਲਾਨੇ ਅੰਤ੍ਰਿਮ ਮਜਦੂਰੀ ’ਚ ਵਾਧੇ ਕਾਰਨ ਸੰਗਠਿਤ ਅਤੇ ਛੋਟੀਆਂ ਚਾਹ ਫੈਕਟਰੀਆਂ (ਬੀ. ਐੱਲ. ਐੱਫ.) ਸਮੇਤ ਲਗਭਗ 300 ਬਾਗਾਂ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਖੇਤਰਾਂ ’ਚ ਸਾਲਾਨਾ ਲਗਭਗ 40 ਕਰੋੜ ਕਿਲੋ ਚਾਹ ਦਾ ਉਤਪਾਦਨ ਹੁੰਦਾ ਹੈ। ਭੱਟਾਚਾਰੀਆ ਮੁਤਾਬਕ



ਉੱਤਰੀ ਬੰਗਾਲ ’ਚ ਕਰੀਬ 300 ਚਾਹ ਦੇ ਬਾਗ ਹਨ, ਜਿਨ੍ਹਾਂ ’ਚੋਂ 15 ਬੰਦ ਹਨ। ਟੀ. ਏ. ਆਈ. ਨੇ ਕਿਹਾ ਕਿ ਉਦਯੋਗ ਨੂੰ ਖਾਦਾਂ, ਕੋਲੇ ਅਤੇ ਰਸਾਇਣਾਂ ਤੋਂ ਲੈ ਕੇ ਉਤਪਾਦਨ ਲਾਗਤਾਂ ’ਚ ਅਚਾਨਕ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦੋਂਕਿ ਨੀਲਾਮੀ ’ਚ ਕੀਮਤਾਂ ਬਹੁਤ ਘੱਟ ਮਿਲ ਰਹੀਆਂ ਹਨ। ਐਸੋਸੀਏਸਨ ਨੇ ਇਹ ਵੀ ਕਿਹਾ ਕਿ ਵਿੱਤੀ ਸੰਕਟ ਨੂੰ ਘੱਟ ਕਰਨ ’ਚ ਮਦਦ ਲਈ ਉਦਯੋਗ ਨੇ ਪਹਿਲਾਂ ਹੀ ਪੱਛਮੀ ਬੰਗਾਲ ਸਰਕਾਰ ਨਾਲ ਗੱਲਬਾਤ ਕੀਤੀ ਹੈ। ਚਾਹ ਬੋਰਡ ਨੇ ਅਗਲੇ ਸਾਲ ਦੀ ਪਹਿਲੀ ਛਿਮਾਹੀ ’ਚ ਵਧੀਆ ਫਸਲ ਲਈ ਉੱਤਰ ਭਾਰਤ ’ਚ ਸਰਦੀਆਂ ’ਚ ਚਾਹ ਉਤਪਾਦਕ ਖੇਤਰਾਂ ’ਚ ਵਿਨਿਰਮਾਣ ਯੂਨਿਟਾਂ ਨੂੰ ਬੰਦ ਕਰਨ ਦਾ ਆਦੇਸ਼ ਦੇ ਰੱਖਿਆ ਹੈ। ਬੋਰਡ ਦੇ ਹੁਕਮਾਂ ਅਨੁਸਾਰ ਦਾਰਜੀਲਿੰਗ, ਸਿੱਕਮ, ਹਿਮਾਚਲ ਪ੍ਰਦੇਸ ਅਤੇ ਉੱਤਰਾਖੰਡ ਦੀਆਂ ਸਾਰੀਆਂ ਚਾਹ ਫੈਕਟਰੀਆਂ ਲਈ ਹਰੇ ਪੱਤੇ ਤੋੜਨ ਜਾਂ ਲੈਣ ਦੀ ਆਖਰੀ ਮਿਤੀ 11 ਦਸੰਬਰ ਤੈਅ ਕੀਤੀ ਗਈ ਹੈ। ਉਥੇ ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਤੇ ਬਿਹਾਰ ਲਈ ਮਿਤੀ 23 ਦਸੰਬਰ ਹੈ। ਦਾਰਜੀਲਿੰਗ, ਸਿੱਕਮ, ਹਿਮਾਚਲ ਪ੍ਰਦੇਸ ਅਤੇ ਉੱਤਰਾਖੰਡ ’ਚ ਫੈਕਟਰੀਆਂ ’ਚ ਹਰੇ ਪੱਤਿਆਂ ਦੀ ਪ੍ਰਾਸੈਸਿੰਗ ਦੀ ਆਖਰੀ ਮਿਤੀ 13 ਦਸੰਬਰ, ਜਦੋਂਕਿ ਤਰਾਈ, ਦੁਆਰ ਅਤੇ ਬਿਹਾਰ ’ਚ 26 ਦਸੰਬਰ ਹੈ। ਆਦੇਸ਼ ’ਚ ਕਿਹਾ ਗਿਆ ਕਿ ਦਾਰਜਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਲਈ ਛਾਂਟੀ, ਪੈਕਿੰਗ ਅਤੇ ਪੈਕ ਕੀਤੀ ਗਈ ਚਾਹ ਨੂੰ ਨੋਟੀਫਾਈਡ ਸਟੋਰੇਜ ਖੇਤਰਾਂ ’ਚ ਬਿੱਲ ਮਾਰਕਿੰਗ ਦੇ ਨਾਲ ਲਿਜਾਣ ਦੀ ਆਖਰੀ ਮਿਤੀ 26 ਦਸੰਬਰ ਹੋਵੇਗੀ। ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਤੇ ਬਿਹਾਰ ’ਚ ਸੀ. ਟੀ. ਸੀ. ਸਿੱਕਮ ਲਈ 6 ਜਨਵਰੀ 2024 ਅਤੇ ਹਰੀ ਚਾਹ ਕਿਸਮਾਂ ਲਈ 11 ਜਨਵਰੀ 2024 ਦੀ ਮਿਤੀ ਤੈਅ ਕੀਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਬਟਾਲਾ ਵਿਖੇ ਦੋ ਧਿਰਾਂ ਵਿਚਾਲੇ ਚੱਲੀਆਂ ਗੋਲੀਆਂ, ਗੈਂਗਸਟਰ ਸਮੇਤ 9 ਮੁਲਜਮ ਗ੍ਰਿਫਤਾਰ

ਬਟਾਲਾ 4 ਜੂਨ। ਬਟਾਲਾ ਦੇ ਪਿੰਡ ਚੰਦੂ ਮਾਂਝਾ 'ਚ 10 ਜੂਨ ਨੂੰ ਦੋ ਗੁੱਟਾਂ ਵਿਚਾਲੇ ਗੋਲੀਆਂ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਮਾਮਲੇ 'ਚ ਥਾਣਾ ਕਿਲਾ ਲਾਲ ਸਿੰਘ ਦੀ ਪੁਲਸ ਨੇ ਨਾਮੀ ਗੈਂਗਸਟਰ ਗੁਰਨੂਰ ਸਮੇਤ 9 ਮੁਲਜਮਾਂ ਕੋਲੋਂ 5 ਦੇਸੀ ਪਿਸਤੌਲ ਅਤੇ 21 ਗੋਲੀਆਂ ਬਰਾਮਦ ਕੀਤੀਆਂ ਹਨ। ਐੱਸਐੱਸਪੀ ਬਟਾਲਾ ਅਸਵਨੀ ਗੋਟਿਆਲ ਨੇ ਦੱਸਿਆ ਕਿ ਪਿੰਡ ਚੰਦੂ ਮਾਂਝਾ 'ਚ 10 ਜੂਨ ਨੂੰ ਦੋ ਧਿਰਾਂ 'ਚ ਆਪਸੀ ਰੰਜੀਸ਼ ਤਹਿਤ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਥਾਣਾ



ਕਿਲਾ ਲਾਲ ਸਿੰਘ ਦੀ ਪੁਲਸ ਨੇ ਜਾਂਚ ਹੋਰ ਟੀਮਾਂ ਨੂੰ ਸੌਂਪ ਦਿੱਤੀ ਸੀ। ਜਿਸ ਤੋਂ ਬਾਅਦ ਪੁਲਸ ਨੇ ਇਸ ਮਾਮਲੇ 'ਚ ਮਸਹੂਰ ਗੈਂਗਸਟਰ ਗੁਰਨੂਰ ਸਮੇਤ 9 ਸਾਥੀਆਂ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਜਾਂਚ 'ਚ ਸਾਹਮਣੇ ਆਇਆ ਸੀ ਕਿ ਜਦੋਂ ਇਸ ਗੈਂਗ ਨੇ 10 ਜੂਨ ਨੂੰ ਪਿੰਡ ਚੰਦੂ ਮਾਂਝਾ 'ਚ ਪਰਮਬੀਰ ਸਿੰਘ ਉਰਫ ਨਾਨਕ ਨੂੰ ਗੋਲੀ ਮਾਰ ਕੇ ਜਖਮੀ ਕੀਤਾ ਸੀ, ਜਿਸ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਜਦੋਂ ਮੁਲਜਮ ਨੂੰ ਪਤਾ ਲੱਗਾ ਕਿ ਪਰਮਬੀਰ ਜਖਮੀ ਹੋ ਗਿਆ ਤੇ ਹਸਪਤਾਲ 'ਚ ਦਾਖਲ ਹੈ ਤਾਂ ਉਨ੍ਹਾਂ ਨੇ ਹਸਪਤਾਲ 'ਚ ਪਰਮਬੀਰ ਉਰਫ ਨਾਨਕ ਨੂੰ ਮਾਰਨ ਦੀ ਯੋਜਨਾ ਬਣਾਈ। ਇਸ ਯੋਜਨਾ ਦੌਰਾਨ ਪੁਲਸ ਨੇ ਚੌਂਕਸੀ ਦਿਖਾਉਂਦੇ ਹੋਏ ਗਿਰੋਹ ਦੇ 9 ਮੁਲਜਮਾਂ ਨੂੰ ਅੰਮ੍ਰਿਤਸਰ ਹਸਪਤਾਲ ਜਾਂਦੇ ਹੋਏ ਗ੍ਰਿਫਤਾਰ ਕਰ ਲਿਆ, ਜਿਨ੍ਹਾਂ ਕੋਲੋਂ 3 ਪਿਸਤੌਲ 32 ਬੋਰ, ਗੋਲੀਆਂ 30 ਬੋਰ, 2 ਦਾਤਰ, 1 ਆਈ-20 ਅਤੇ ਇੱਕ ਵਰਨਾ ਕਾਰ ਬਰਾਮਦ ਕੀਤੀ ਹੈ।

# ਲੁਧਿਆਣਾ 'ਚ ਹੋਈ 8.49 ਕਰੋੜ ਰੁਪਏ ਦੀ ਲੁੱਟ ਮਾਮਲੇ 'ਚ ਵੱਡੀ ਖਬਰ, ਜਨਾਨੀ ਸਮੇਤ ਤਿੰਨ ਗ੍ਰਿਫਤਾਰ

ਲੁਧਿਆਣਾ 4 ਜੂਨ। ਲੁਧਿਆਣਾ ਦੇ ਨਿਊ ਰਾਜਗੁਰੂ ਨਗਰ ਵਿਚ ਹੋਈ 8.49 ਕਰੋੜ ਰੁਪਏ ਦੀ ਵੱਡੀ ਲੁੱਟ ਦੇ ਮਾਮਲੇ ਵਿਚ ਪੁਲਸ ਨੇ 3 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਸੂਤਰਾਂ ਮੁਤਾਬਕ ਪਿੰਡ ਮੰਡਿਆਨੀ ਤੋਂ ਫੜੇ ਗਏ ਸ਼ੱਕੀਆਂ ਦੀ ਨਿਸ਼ਾਨਦੇਹੀ 'ਤੇ ਤਿੰਨਾਂ ਨੂੰ ਮੁੱਲਾਂਪੁਰ ਦਾਖਾ ਤੋਂ ਕਾਬੂ ਕੀਤਾ ਗਿਆ ਹੈ। ਮੁਲਜਮਾਂ ਵਿਚ ਇਕ ਜਨਾਨੀ ਵੀ ਸ਼ਾਮਲ ਹੈ। ਹਾਲਾਂਕਿ ਪੁਲਸ ਨੇ ਅਜੇ ਤਿੰਨਾਂ ਦੀ ਗ੍ਰਿਫਤਾਰੀ ਨਹੀਂ ਦਿਖਾਈ ਹੈ। ਇਸ ਤੋਂ ਪਹਿਲਾਂ ਮੰਗਲਵਾਰ ਸਵੇਰੇ ਤੋਂ ਹੀ ਪੁਲਸ ਦੀਆਂ 10 ਟੀਮਾਂ ਲਾਡੋਵਾਲ ਰੋਡ, ਚੰਡੀਗੜ੍ਹ ਰੋਡ, ਦਿੱਲੀ ਰੋਡ, ਫਿਰੋਜਪੁਰ ਰੋਡ, ਰਾਏਕੋਟ ਰੋਡ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਖੰਘਾਲ ਰਹੀ ਸੀ। ਏਜੰਸੀ ਦੇ ਮੈਨੇਜਰ ਪ੍ਰਵੀਨ ਕੁਮਾਰ ਨੇ ਪੁਲਸ ਐੱਫ. ਆਈ. ਆਰ. ਵਿਚ ਦੱਸਿਆ ਕਿ ਸਵੇਰੇ ਉਸ ਨੂੰ ਦਫਤਰ 'ਚ ਮੌਜੂਦ ਸਕਿਓਰਿਟੀ ਗਾਰਡ ਅਮਰ ਸਿੰਘ ਨੇ ਦੱਸਿਆ ਕਿ ਰਾਤ ਸਮੇਂ ਕਰੀਬ 2 ਵਜੇ 8-10 ਅਣਪਛਾਤੇ ਲੁਟੇਰੇ ਕੰਪਨੀ ਆਫਿਸ 'ਚ ਆਏ। ਉਨ੍ਹਾਂ ਨੇ ਆਪਣੇ ਚਿਹਰੇ ਢਕੇ ਹੋਏ ਸਨ ਅਤੇ ਉਨ੍ਹਾਂ ਕੋਲ ਹਥਿਆਰ ਸਨ। ਲੁਟੇਰਿਆਂ ਨੇ ਆਉਂਦੇ ਹੀ ਸਭ ਤੋਂ ਪਹਿਲਾਂ ਉਸ ਦੇ ਅਤੇ ਉਸ ਦੇ ਸਾਥੀ ਗਾਰਡ ਬਲਵੰਤ ਅਤੇ ਪਰਮਦੀਨ ਦੀਆਂ ਅੱਖਾਂ 'ਚ ਮਿਰਚਾ ਪਾ ਦਿੱਤੀਆਂ। ਇਸ ਤੋਂ ਬਾਅਦ ਕੁੱਟ-ਮਾਰ ਕੀਤੀ, ਉਹ ਰੌਲਾ ਨਾ ਪਾ ਸਕਣ, ਇਸ ਲਈ ਉਨ੍ਹਾਂ ਦੇ ਮੂੰਹ 'ਚ ਕੱਪੜਾ ਤੁੰਨ ਦਿੱਤਾ, ਫਿਰ ਸਾਡੇ ਹੱਥ-ਪੈਰ ਰੱਸੀ ਨਾਲ ਬੰਨ੍ਹ ਦਿੱਤੇ। ਉਨ੍ਹਾਂ ਦੀਆਂ ਰਾਈਫਲਾਂ ਖੋਹ ਕੇ ਉਨ੍ਹਾਂ ਨੂੰ ਅੰਦਰ ਬਣੇ ਸਰਵਰ ਰੂਮ 'ਚ ਬੰਦ ਕਰ ਦਿੱਤਾ। ਫਿਰ ਸਰਵਰ ਰੂਮ ਦੇ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦਾ ਲੱਗਾ ਡੀ. ਵੀ. ਆਰ. ਪੁੱਟ ਲਿਆ ਅਤੇ ਸਕਿਓਰਿਟੀ ਸਿਸਟਮ ਦੀਆਂ ਤਾਰਾਂ ਕੱਟ ਦਿੱਤੀਆਂ। ਉਨ੍ਹਾਂ ਤੋਂ ਇਲਾਵਾ ਕੈਸ਼ ਵਾਲੇ ਕਮਰੇ 'ਚ ਏਜੰਸੀ ਦੇ ਮੁਲਾਜ਼ਮ ਹਿੰਮਤ ਸਿੰਘ ਅਤੇ ਹਰਮਿੰਦਰ ਸਿੰਘ ਸਨ। ਮੁਲਜ਼ਮਾਂ ਨੇ ਉਨ੍ਹਾਂ ਦੇ ਮੂੰਹ 'ਤੇ ਵੀ ਟੇਪ ਲਗਾ ਕੇ ਬੰਦੀ ਬਣ ਲਿਆ। ਸਾਰਿਆਂ ਦੇ ਮੋਬਾਇਲ ਲੈ ਕੇ ਮੁਲਜ਼ਮਾਂ ਨੇ ਉੱਥੇ ਹੀ ਤੋੜ ਦਿੱਤੇ ਤਾਂ ਕਿ ਉਹ ਕਿਸੇ ਨਾਲ ਸੰਪਰਕ ਨਾ ਕਰ ਸਕਣ। ਲੁਟੇਰਿਆਂ ਨੇ ਧਮਕੀ ਦਿੱਤੀ ਕਿ ਜੇਕਰ ਕੋਈ ਰੌਲਾ ਪਾਏਗਾ ਤਾਂ ਉਹ ਗੋਲੀ ਮਾਰ ਦੇਣਗੇ। ਇਸ ਲਈ ਸਾਰੇ ਕਾਫੀ ਡਰ ਗਏ ਸਨ। ਇਸ ਤੋਂ ਬਾਅਦ ਲੁਟੇਰਿਆਂ ਨੇ ਕੈਸ਼ ਏਜੰਸੀ ਦੀ ਕੈਸ਼ ਵੈਨ 'ਚ ਰੱਖਿਆ ਅਤੇ ਫਰਾਰ ਹੋ ਗਏ। ਉੱਧਰ, ਏ. ਡੀ. ਸੀ. ਪੀ.-3 ਸ਼ੁਭਮ ਅਗਰਵਾਲ ਘਟਨਾ ਸਥਾਨ 'ਤੇ ਪੁੱਜੇ ਅਤੇ ਉਨ੍ਹਾਂ ਨੇ ਮੀਡੀਆ ਦੇ ਸਾਹਮਣੇ ਬ੍ਰੀਫ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਹੁਣ ਤੱਕ ਕੈਸ਼ ਵੈਨ ਦੀ ਸੀ. ਸੀ. ਟੀ. ਵੀ. ਫੁਟੇਜ ਤੋਂ ਇਲਾਵਾ ਉਨ੍ਹਾਂ ਦੇ ਹੱਥ 'ਚ ਕੋਈ ਠੋਸ ਕਲੂ ਨਹੀਂ ਲੱਗ ਸਕਿਆ। ਪੁਲਸ ਕਮਿਸ਼ਨਰ ਵਲੋਂ ਕਰੀਬ 10 ਟੀਮਾਂ ਬਣਾਈਆਂ ਗਈਆਂ ਹਨ, ਜੋ ਵੱਖ-ਵੱਖ ਥਿਊਰੀਆਂ 'ਤੇ ਜਾਂਚ ਕਰਨ 'ਚ ਲੱਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਚੌਂਕੀਮਾਨ ਟੋਲ ਪਲਾਜ਼ਾ 'ਤੇ ਜਿਨ੍ਹਾਂ 2 ਗੱਡੀਆਂ ਨੇ ਟੋਲ ਬੈਰੀਅਰ ਤੋੜਿਆ ਸੀ, ਉਹ ਲੁਟੇਰਿਆਂ ਦੀ ਨਹੀਂ, ਸਗੋਂ ਨਸ਼ੇ 'ਚ ਟੱਲੀ ਨੌਜਵਾਨਾਂ ਦੀਆਂ ਸਨ। ਉਨ੍ਹਾਂ ਨੇ ਨਸ਼ੇ ਦੀ ਹਾਲਤ 'ਚ ਟੋਲ ਬੈਰੀਅਰ ਤੋੜਿਆ ਸੀ। ਹੁਣ ਪੁਲਸ ਬਾਕੀ ਗੱਡੀਆਂ ਦੀ ਭਾਲ 'ਚ ਲੱਗੀ ਹੋਈ ਹੈ, ਜੋ ਉਸ ਸਮੇਂ ਟੋਲ ਬੈਰੀਅਰ ਤੋਂ ਨਿਕਲੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਇਹ ਗੱਲ ਤਾਂ ਸਾਫ ਹੈ ਕਿ ਏਜੰਸੀ ਦੀ ਸਕਿਓਰਿਟੀ ਸਿਸਟਮ ਵਿਚ ਤਾਂ ਲੈਪਸ ਹੋਏ ਹੀ ਹਨ, ਜਿਸ ਕਿਸੇ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਹੈ, ਉਹ ਪੂਰੀ ਤਰ੍ਹਾਂ ਇਸ ਜਗ੍ਹਾ ਤੋਂ ਵਾਕਿਫ ਸੀ। ਕੰਧਾਂ ਤੋਂ ਲੈ ਕੇ ਇਮਾਰਤ ਦੀ ਕੋਈ ਵੀ ਜਗ੍ਹਾ ਕੋਈ ਜ਼ਿਆਦਾ ਸੇਫ ਨਹੀਂ ਸੀ। ਕੰਪਨੀ ਦੇ ਦਫਤਰ ਦੀਆਂ ਕਈ ਅਜਿਹੀਆਂ ਚੀਜ਼ਾਂ ਹਨ, ਜੋ ਸਕਿਓਰਿਟੀ ਪੈਰਾਮੀਟਰਸ 'ਤੇ ਖਰਾ ਨਹੀਂ ਉੱਤਰਦੀਆਂ। ਏ. ਡੀ. ਸੀ. ਪੀ. ਸ਼ੁਭਮ ਅਗਰਵਾਲ ਨੇ ਦੱਸਿਆ ਕਿ ਘਟਨਾ ਵਾਲੀ ਰਾਤ ਨੂੰ ਏਜੰਸੀ ਦੇ ਅੰਦਰ 5 ਮੁਲਜ਼ਮ ਸਨ। ਇਕ ਡਿਊਟੀ ਤੋਂ ਆਫ ਸੀ ਅਤੇ ਸੌਂ ਰਿਹਾ ਸੀ, ਜਦੋਂਕਿ 2 ਨੌਜਵਾਨ ਪੈਸੇ ਗਿਣ ਰਹੇ ਸਨ। ਡਿਊਟੀ ਦੇਣ ਵਾਲੇ ਦੋਵੇਂ ਸੁਰੱਖਿਆ ਮੁਲਾਜ਼ਮ ਡਬਲ ਡਿਊਟੀ ਕਰ ਰਹੇ ਸਨ। ਦਿਨ ਤੋਂ ਬਾਅਦ ਰਾਤ ਨੂੰ ਡਿਊਟੀ ਦੇਣ ਕਾਰਨ ਕਾਫੀ ਥੱਕੇ ਹੋਏ ਸਨ ਅਤੇ ਉਨ੍ਹਾਂ ਨੂੰ ਵੀ ਨੀਂਦ ਆ ਰਹੀ ਸੀ। ਇਸੇ ਦੌਰਾਨ ਲੁਟੇਰਿਆਂ ਨੇ ਧਾਵਾ ਬੋਲਿਆ। ਸਕਿਓਰਿਟੀ ਗਾਰਡ ਥੱਕੇ ਹੋਣ ਕਾਰਨ ਲੁਟੇਰੇ ਉਨ੍ਹਾਂ 'ਤੇ ਹਾਵੀ ਹੋ ਗਏ ਅਤੇ ਗਾਰਡਾਂ ਨੂੰ ਗੋਲੀ ਚਲਾਉਣ ਤੱਕ ਦਾ ਮੌਕਾ ਨਹੀਂ ਦਿੱਤਾ। ਇਹ ਘਟਨਾ 3 ਤੋਂ ਸਾਢੇ 3 ਵਜੇ ਦੀ ਹੈ।

## ਬਾਸਮਤੀ ਅਤੇ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦਾ ਰੁਝਾਨ ਵਧਿਆ

ਪੱਖੋ ਕਲਾਂ ਰੂੜੇਕੇ ਕਲਾਂ 4 ਜੂਨ। ਪੰਜਾਬ ਖਾਸ ਕਰ ਕੇ ਮਾਲਵਾ ਖੇਤਰ 'ਚ ਪਾਣੀ ਦੇ ਤੇਜੀ ਨਾਲ ਡਿੱਗ ਰਹੇ ਲੈਵਲ ਨੇ ਸਭ ਨੂੰ ਚਿੰਤਾ 'ਚ ਪਾ ਦਿੱਤਾ ਹੈ। ਬੇਸ਼ੱਕ ਇਸ ਸਬੰਧੀ ਕਾਫੀ ਸਮੇਂ ਤੋਂ ਸਰਕਾਰਾਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ 'ਤੇ ਸੁਚੇਤ ਕੀਤਾ ਜਾ ਰਿਹਾ ਹੈ ਪਰ ਵੱਧ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੇ ਮੁਕਾਬਲੇ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦਾ ਝਾੜ ਘੱਟ ਹੋਣ ਕਰ ਕੇ ਪਿਛਲੇ ਲੰਬੇ ਸਮੇਂ ਤੋਂ ਜ਼ਿਆਦਾਤਰ ਕਿਸਾਨ ਪੂਸਾ 44 ਅਤੇ ਪੀਲੀ ਪੂਸਾ ਨੂੰ ਤਰਜੀਹ ਦੇ ਰਹੇ ਹਨ। ਪਿਛਲੇ ਸਾਲ 'ਚ ਪੀ.ਆਰ. 126 ਦੇ ਨਿਕਲੇ ਰਿਕਾਰਡਤੋੜ ਝਾੜ ਕਾਰਨ ਹੁਣ ਬਹੁਤ ਕਿਸਾਨਾਂ ਨੇ ਇੱਧਰ ਵੱਲ ਰੁਖ ਕੀਤਾ ਹੈ। ਮਾਲਵਾ ਖੇਤਰ 'ਚ 30 ਫੀਸਦੀ ਤੋਂ ਉੱਪਰ ਰਕਬਾ ਪੀ. ਆਰ. 126 ਦੇ ਹੇਠਾਂ ਆਉਣ ਦੀ ਉਮੀਦ ਹੈ, ਜੋ ਪੰਜਾਬ ਦੇ ਭਵਿੱਖ ਲਈ ਇਕ ਚੰਗਾ ਸੁਨੇਹਾ ਹੀ ਕਿਹਾ ਹੈ। ਪੀ. ਏ. ਯੂ. ਦੀ ਖੋਜ ਇਹ ਕਿਸਮ ਪੂਸਾ ਦੇ ਮੁਕਾਬਲੇ ਕਿਸਾਨ ਅਤੇ ਵਾਤਾਵਰਣ ਲਈ ਤੀਹਰੀ ਕਿਫਾਇਤੀ ਹੈ। ਇਹ ਕਿਸਮ ਪੂਸਾ ਨਾਲੋਂ 30 ਤੋਂ 35 ਦਿਨ ਘੱਟ ਸਮਾਂ ਲੈਂਦੀ ਹੈ। ਇਸ ਦੀ ਪਨੀਰੀ ਦੀ ਬਿਜਾਈ ਅੱਧ ਜੂਨ ਤੋਂ ਮਹੀਨੇ ਦੇ ਅਖੀਰ ਤੱਕ ਕੀਤੀ ਜਾ ਸਕਦੀ ਹੈ ਅਤੇ ਇਸ ਦੀ ਖੇਤ 'ਚ ਲਵਾਈ ਅੱਧ ਜੁਲਾਈ ਤੋਂ ਮਹੀਨੇ ਦੇ ਅਖੀਰ ਤੱਕ ਕੀਤੀ ਜਾ ਸਕਦੀ ਹੈ, ਜਿਸ ਕਾਰਨ ਪਾਣੀ ਦੀ ਬਹੁਤ ਬੱਚਤ ਹੋਵੇਗੀ। ਇਹ ਕਿਸਮ ਨੂੰ ਪੂਸਾ ਦੇ ਮੁਕਾਬਲੇ ਬੀਮਾਰੀ ਵੀ ਘੱਟ ਲੱਗਦੀ ਹੈ ਅਤੇ ਪਰਾਲੀ



ਵੀ ਆਮ ਕਿਸਮਾਂ ਤੋਂ ਘੱਟ ਹੁੰਦੀ ਹੈ। ਇਸ ਨੂੰ ਕਟਾਈ ਤੋਂ ਬਾਅਦ ਬੜੀ ਅਸਾਨੀ ਨਾਲ ਬਗੈਰ ਅੱਗ ਲਾਏ ਹੈਪੀ ਸੀਡਰ ਅਤੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਨਾਲ ਪ੍ਰਦੂਸ਼ਣ ਦਾ ਮਸਲਾ ਵੀ ਕਾਫੀ ਹੱਦ ਤਕ ਹੱਲ ਹੁੰਦਾ ਹੈ। ਬੇਸ਼ੱਕ ਮਾਝੇ ਤੇ ਦੁਆਬੇ 'ਚ ਬਾਸਮਤੀ ਕਿਸਮਾਂ ਦੀ ਬਿਜਾਈ ਕਾਫੀ ਹੋ ਰਹੀ ਹੈ ਪਰ ਮਾਲਵੇ 'ਚ ਇਹ ਰੁਝਾਨ ਘੱਟ ਹੈ, ਜਿਸ ਕਾਰਨ ਇਸ ਦੀ ਖਰੀਦ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ। ਇਸ ਨੂੰ ਵੇਚਣ ਲਈ ਕਿਸਾਨਾਂ ਨੂੰ ਹਰਿਆਣਾ ਦੀਆਂ ਮੰਡੀਆਂ 'ਚ ਜਾਣਾ ਪੈਂਦਾ ਹੈ। ਕਿਸਾਨ ਜਰਨੈਲ ਸਿੰਘ, ਗੁਰਪ੍ਰੀਤ ਸਿੰਘ ਅਤੇ ਸੇਵਕ ਸਿੰਘ ਨੇ ਕਿਹਾ ਕਿ ਸਰਕਾਰ ਬਾਸਮਤੀ ਕਿਸਮਾਂ ਦੀ ਖਰੀਦ ਅਤੇ ਪੀੜਾਈ ਦਾ ਪ੍ਰਬੰਧ ਕਰੇ, ਜਿਸ ਨਾਲ ਜਿੱਥੇ ਕਿਸਾਨਾਂ ਨੂੰ ਆਸਾਨੀ ਹੋਵੇਗੀ, ਉੱਥੇ ਹੀ ਫਸਲ ਦਾ ਵੀ ਵਧੀਆ ਰੇਟ ਮਿਲਣ ਦੀ ਸੰਭਾਵਨਾ ਬਣੇਗੀ। ਮੁੱਖ ਖੇਤੀਬਾੜੀ ਅਫਸਰ ਬਰਨਾਲਾ ਡਾ. ਜਗਦੀਸ਼ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪੂਰੀ ਟੀਮ ਵੱਲੋਂ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਸਬੰਧੀ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਮਹਿਕਮੇ ਵੱਲੋਂ ਪਿੰਡ-ਪਿੰਡ ਜਾ ਕੇ ਸਹਿਕਾਰੀ ਸੋਸਾਇਟੀਆਂ ਅਤੇ ਸਾਂਝੀਆਂ ਥਾਵਾਂ 'ਤੇ ਕੈਂਪ ਲਾ ਕੇ ਕਿਸਾਨਾਂ ਨੂੰ ਪਾਣੀ ਦੀ ਮਹੱਤਤਾ ਅਤੇ ਪਰਾਲੀ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਮਦਨ ਵਧਾਉਣ ਦੇ ਨਾਲ-ਨਾਲ ਵਾਤਾਵਰਣ ਪ੍ਰਤੀ ਸੁਚੇਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਉਹ ਇਹ ਫਰਜ ਨਿਭਾਅ ਰਹੇ ਹਨ ।

## ਤਿਉਹਾਰੀ ਸੀਜਨ 'ਚ ਗੰਢਿਆਂ ਦੀਆਂ ਕੀਮਤਾਂ 'ਤੇ ਕਾਬੂ ਪਾਉਣ ਲਈ ਸਰਕਾਰ ਨੇ ਚੁੱਕਿਆ ਵੱਡਾ ਕਦਮ

ਬਿਜਨੈੱਸ ਡੈਸਕ 4 ਜੂਨ। ਦੇਸ਼ ਦੇ ਕਈ ਸੂਬਿਆਂ 'ਚ ਗੰਢਿਆਂ ਦੇ ਭਾਅ ਤੇਜੀ ਨਾਲ ਵਧ ਰਹੇ ਹਨ। ਦਿੱਲੀ ਸਮੇਤ ਕਈ ਸ਼ਹਿਰਾਂ 'ਚ ਗੰਢਿਆਂ ਦਾ ਭਾਅ 80 ਰੁਪਏ ਪ੍ਰਤੀ ਕਿੱਲੋ ਦੇ ਨੇੜੇ ਪਹੁੰਚ ਗਿਆ ਹੈ। ਇਕ ਹਫਤਾ ਪਹਿਲਾਂ ਗੰਢਿਆਂ ਦੀ ਕੀਮਤ 35-40 ਰੁਪਏ ਪ੍ਰਤੀ ਕਿੱਲੋ ਸੀ। ਇਕ ਹਫਤੇ 'ਚ ਹੀ ਗੰਢਿਆਂ ਦੀ ਕੀਮਤ ਦੁੱਗਣੀ ਹੋ ਕੇ 80 ਰੁਪਏ ਤੱਕ ਪਹੁੰਚ ਗਈ ਹੈ, ਜਿਸ ਕਾਰਨ ਲੋਕਾਂ ਦੀ ਰਸੋਈ ਦਾ ਬਜਟ ਖਰਾਬ ਹੋ ਗਿਆ ਹੈ। ਪਰਚੂਨ ਵਿਕਰੇਤਾਵਾਂ ਨੇ ਕਿਹਾ ਕਿ ਦੀਵਾਲੀ ਤੋਂ ਪਹਿਲਾਂ ਮੰਗ ਵਧਣ ਕਾਰਨ ਜ਼ਿਆਦਾਤਰ ਸਬਜੀਆਂ ਫਿਰ ਮਹਿੰਗੀਆਂ ਹੋ ਗਈਆਂ ਹਨ। ਤਿਉਹਾਰਾਂ ਦੇ ਸੀਜਨ ਦੌਰਾਨ ਉੱਚ ਮੰਗ ਦੇ ਵਿਚਕਾਰ ਕੀਮਤਾਂ ਨੂੰ ਹੇਠਾਂ ਲਿਆਉਣ ਲਈ ਕੇਂਦਰ ਨੇ ਆਪਣੇ ਭੰਡਾਰਾਂ ਤੋਂ ਸਟਾਕ ਜਾਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਇਕ ਰਿਪੋਰਟ ਮੁਤਾਬਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਮਹਿੰਗਾਈ ਨੂੰ ਰੋਕਣ ਲਈ ਆਪਣੇ ਬਫਰ ਸਟਾਕ ਤੋਂ



ਕਰੀਬ 16 ਸਹਿਰਾਂ ਵਿੱਚ ਗੰਢਿਆਂ ਨੂੰ ਵੇਚਣ ਦਾ ਕੰਮ ਜਾਰੀ ਰੱਖੇਗੀ। ਇਸ ਦੌਰਾਨ ਜੇਕਰ ਦੇਸ਼ ਦੀ ਰਾਜਧਾਨੀ ਦਿੱਲੀ ਦੀ ਗੱਲ ਕੀਤੀ ਜਾਵੇ ਤਾਂ ਉਥੋਂ ਦੇ ਬਾਜਾਰਾਂ 'ਚ ਗੰਢੇ 80 ਰੁਪਏ ਕਿੱਲੋ ਤੱਕ ਵਿਕ ਰਹੇ ਹਨ। ਪਿਛਲੇ ਹਫਤੇ ਤੱਕ ਇਹ 60 ਰੁਪਏ ਅਤੇ ਉਸ ਤੋਂ ਪਹਿਲਾਂ 30 ਰੁਪਏ ਪ੍ਰਤੀ ਕਿੱਲੋ ਸੀ। ਚੰਡੀਗੜ੍ਹ, ਕਾਨਪੁਰ ਅਤੇ ਕੋਲਕਾਤਾ ਵਰਗੇ ਸ਼ਹਿਰਾਂ 'ਚ ਵੀ ਗੰਢਿਆਂ ਦਾ ਭਾਅ ਲਗਭਗ ਇਹੀ ਹੈ। ਗੰਢਾ ਵਪਾਰੀਆਂ ਨੇ ਕਿਹਾ ਕਿ ਇਹ ਕੀਮਤਾਂ ਅੱਗੇ ਹੋਰ ਵੀ ਵਧ ਸਕਦੀਆਂ ਹਨ। ਸਰਕਾਰ ਨੇ 20 ਅਕਤੂਬਰ ਨੂੰ ਗੰਢਿਆਂ ਦੀਆਂ ਕੀਮਤਾਂ 'ਤੇ ਕਾਬੂ ਪਾਉਣ ਲਈ ਘੱਟੋ-ਘੱਟ ਨਿਰਯਾਤ ਮੁੱਲ 800 ਡਾਲਰ ਨਿਰਧਾਰਿਤ ਕੀਤਾ ਹੈ। ਸਰਕਾਰ ਮੁਤਾਬਕ ਇਸ ਨਾਲ ਉੱਚ ਕੀਮਤਾਂ 'ਚ 5-9 ਫੀਸਦੀ ਤੱਕ ਦੀ ਗਿਰਾਵਟ ਆਵੇਗੀ। ਮਹਾਰਾਸ਼ਟਰ 'ਚ ਗੰਢਿਆਂ ਦੀਆਂ ਥੋਕ ਕੀਮਤਾਂ 'ਚ 4.5 ਫੀਸਦੀ ਦੀ ਗਿਰਾਵਟ ਆਈ ਹੈ। ਕਮਜੋਰ ਮਾਨਸੂਨ ਕਾਰਨ ਜੂਨ-ਸਤੰਬਰ 'ਚ ਗੰਢਿਆਂ ਦੇ ਦੋ ਵੱਡੇ ਉਤਪਾਦਕ ਸੂਬੇ ਮਹਾਰਾਸ਼ਟਰ ਅਤੇ ਕਰਨਾਟਕ 'ਚ ਗੰਢਿਆਂ ਦੀ ਫਸਲ ਨੂੰ ਨੁਕਸਾਨ ਹੋਇਆ ਸੀ, ਜਿਸ ਕਾਰਨ ਕੀਮਤਾਂ 'ਚ ਵਾਧਾ ਹੋ ਗਿਆ।

## ਤਰਨਤਾਰਨ 'ਚ ਸੈਲਫੀ ਲੈ ਰਿਹਾ ਸੀ ਲਾੜਾ, ਗੋਲੀਆਂ ਚਲਾਉਂਦਾ ਪ੍ਰੇਮੀ ਪਹੁੰਚਿਆ ਚੁੱਕ ਕੇ ਲੈ ਗਿਆ ਲਾੜੀ

ਤਰਨਤਾਰਨ 4 ਜੂਨ। ਪਿੰਡ ਰਸੂਲਪੁਰ ਨਹਿਰਾਂ ਦੇ ਨਜ਼ਦੀਕ ਵਿਆਹ ਤੋਂ ਬਾਅਦ ਲਾੜੇ ਨਾਲ ਸੈਲਫੀ ਲੈ ਰਹੀ ਇਕ ਲਾੜੀ ਨੂੰ ਉਸ ਦੇ ਪ੍ਰੇਮੀ ਵਲੋਂ ਅਗਵਾ ਕਰ ਲੈਣ ਦੀ ਸੂਚਨਾ ਮਿਲੀ ਹੈ। ਇਸ ਦੌਰਾਨ ਪ੍ਰੇਮੀ ਨੇ ਆਪਣੇ ਸਾਥੀਆਂ ਨਾਲ ਮਿਲ ਲਾੜੀ ਦੀ ਮਾਂ 'ਤੇ ਜਾਨੋਂ ਮਾਰਨ ਦੀ ਨੀਯਤ ਨਾਲ ਗੋਲੀਆਂ ਵੀ ਚਲਾਈਆਂ। ਪੁਲਸ ਨੂੰ ਦਰਜ ਕਰਵਾਏ ਬਿਆਨ 'ਚ ਅਮਰਜੀਤ ਕੌਰ ਪਤਨੀ ਸਰਬਜੀਤ ਸਿੰਘ ਵਾਸੀ ਪਿੰਡ ਸੰਘਾ ਨੇ ਦੱਸਿਆ ਕਿ 10 ਅਕਤੂਬਰ ਨੂੰ ਉਸ ਦੀ ਕੁੜੀ ਜਸ਼ਨਪ੍ਰੀਤ ਕੌਰ ਦਾ ਵਿਆਹ ਕਰਨਬੀਰ ਸਿੰਘ ਵਾਸੀ ਪਿੰਡ ਗੁਲਾਲੀਪੁਰ ਨਾਲ ਹੋਇਆ ਸੀ। ਉਸ ਨੇ ਦੱਸਿਆ ਕਿ ਵਿਆਹ ਤੋਂ ਬਾਅਦ ਉਸ ਦੀ ਕੁੜੀ ਅਤੇ ਜਵਾਈ ਰਸੂਲਪੁਰ ਨਹਿਰਾਂ ਤੋਂ ਥੋੜਾ ਅੱਗੇ ਸੈਲਫੀ ਲੈਣ ਲਈ ਪੋਜ਼ ਬਣਾ ਰਹੇ ਸੀ। ਕਰੀਬ 5.30 ਵਜੇ ਸ਼ਾਮ ਰੋਹਿਤ, ਵਿੱਕੀ ਪੁੱਤਰਾਨ ਸਾਹਿਬ ਸਿੰਘ, ਗੋਲਡੀ, ਅਰਸ਼ ਪੁੱਤਰਾਨ ਫੱਤਾ ਸਿੰਘ, ਸਾਹਿਬ ਸਿੰਘ ਪੁੱਤਰ ਨੱਥਾ ਸੰਘ ਵਾਸੀਆਨ ਨਬੀਪੁਰ, ਪਲਵਿੰਦਰ ਸਿੰਘ ਉਰਫ



ਪਿੰਦਾ ਪੁੱਤਰ ਚਰਨ ਸਿੰਘ ਵਾਸੀ ਅਲੀਪੁਰ, ਹੀਰਾ ਸਿੰਘ ਵਾਸੀ ਚੱਬਾ ਅਤੇ 4-5 ਅਣਪਛਾਤੇ ਵਿਅਕਤੀ ਅਤੇ ਜਨਾਨੀਆਂ 2 ਇਨੋਵਾ ਕਾਰਾਂ ਅਤੇ ਮੋਟਰ ਸਾਈਕਲਾਂ 'ਤੇ ਸਵਾਰ ਹੋ ਕੇ ਉਕਤ ਸਥਾਨ 'ਤੇ ਆ ਗਏ। ਉਕਤ ਲੋਕਾਂ ਨੇ ਆਉਂਦੇ ਸਾਰ ਉਸ ਦੀ ਕੁੜੀ ਨੂੰ ਅਗਵਾ ਕਰ ਲਿਆ। ਇਸ ਦੌਰਾਨ ਰੋਹਿਤ ਨੇ ਆਪਣੀ ਦਸਤੀ ਪਿਸਤੌਲ ਨਾਲ ਜਾਨੋਂ ਮਾਰਨ ਦੀ ਨੀਯਤ ਨਾਲ ਉਸ 'ਤੇ ਫਾਇਰ ਵੀ ਕੀਤਾ। ਇਸ ਘਟਨਾ ਦੇ ਸਬੰਧ 'ਚ ਪੁਲਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲਾੜੀ ਨੂੰ ਉਸ ਦੇ ਪ੍ਰੇਮੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਅਗਵਾ ਕੀਤਾ ਹੈ।

## ਭਾਰਤੀ ਰੇਲਵੇ ਅਧਿਕਾਰੀ ਅਤੇ ਪ੍ਰਸਿੱਧ ਸਰਜਨ ਡਾ. ਬੀ.ਐਨ. ਤਿਵਾਰੀ ਨੇ ਤੀਜਾ ਆਇਰਨਮੈਨ ਖਿਤਾਬ ਜਿੱਤਿਆ

ਡਾ: ਬਿਸਵਨਾਥ ਤਿਵਾਰੀ, ਇੱਕ ਪ੍ਰਸਿੱਧ ਵਧੀਕ ਮੁੱਖ ਸਿਹਤ ਨਿਰਦੇਸਕ/ਜੀਆਈ ਅਤੇ ਉੱਤਰੀ ਰੇਲਵੇ ਸੈਂਟਰਲ ਹਸਪਤਾਲ, ਨਵੀਂ ਦਿੱਲੀ ਤੋਂ ਐਚਪੀਬੀ ਓਨਕੋ ਸਰਜਨ ਨੇ ਆਇਰਨ ਮੈਨ ਹੈਮਬਰਗ ਚੈਂਪੀਅਨਸ਼ਿਪ 2024 ਵਿੱਚ ਆਪਣਾ ਤੀਜਾ ਆਇਰਨਮੈਨ ਖਿਤਾਬ ਹਾਸਲ ਕਰਕੇ ਇੱਕ ਵਾਰ ਫਿਰ ਇਤਿਹਾਸ ਰਚਿਆ ਹੈ। ਉਹ ਪਹਿਲਾਂ ਵੀ ਦੋ ਵਾਰ ਆਇਰਨਮੈਨ ਚੈਂਪੀਅਨਸ਼ਿਪ ਪੂਰੀ ਕਰ ਚੁੱਕਾ ਹੈ ਅਤੇ ਹੁਣ ਤੀਜੀ ਵਾਰ ਆਇਰਨਮੈਨ ਚੈਂਪੀਅਨਸ਼ਿਪ ਪੂਰੀ ਕਰਕੇ ਇਕ ਹੋਰ ਵੱਡੀ ਉਪਲਬਧੀ ਹਾਸਲ ਕੀਤੀ ਹੈ। ਡਾ. ਤਿਵਾੜੀ ਦੀ ਇਹ ਕਮਾਲ ਦੀ ਪ੍ਰਾਪਤੀ ਉਸ ਨੂੰ ਤਿੰਨ ਆਇਰਨਮੈਨ ਖਿਤਾਬ ਹਾਸਲ ਕਰਨ ਵਾਲਾ ਪਹਿਲਾ ਭਾਰਤੀ ਰੇਲਵੇ ਅਧਿਕਾਰੀ ਅਤੇ ਭਾਰਤ ਦਾ ਪਹਿਲਾ ਸਰਜਨ ਬਣਾਉਂਦੀ ਹੈ। ਆਇਰਨਮੈਨ ਚੈਂਪੀਅਨਸ਼ਿਪ ਵਿੱਚ 3.8 ਕਿਲੋਮੀਟਰ ਸਮੁੰਦਰੀ ਤੈਰਾਕੀ, 180 ਕਿਲੋਮੀਟਰ ਸਾਈਕਲਿੰਗ ਅਤੇ 42 ਕਿਲੋਮੀਟਰ ਦੌੜ ਸ਼ਾਮਲ ਹੈ। ਡਾ: ਤਿਵਾਰੀ ਨੇ ਆਪਣੇ ਪਿਛਲੇ ਨਿੱਜੀ



ਰਿਕਾਰਡ ਨੂੰ ਸੁਧਾਰਦੇ ਹੋਏ ਸਿਰਫ 12 ਘੰਟੇ ਅਤੇ 58 ਮਿੰਟਾਂ ਵਿੱਚ ਇਹ ਈਵੈਂਟ ਪੂਰਾ ਕੀਤਾ। ਉਸਨੇ ਡੈਨਮਾਰਕ ਵਿੱਚ ਹੋਈ ਪਹਿਲੀ ਆਇਰਨ ਮੈਨ ਚੈਂਪੀਅਨਸ਼ਿਪ ਵਿੱਚ ਬਣਾਏ ਆਪਣੇ ਪਿਛਲੇ ਰਿਕਾਰਡ ਨਾਲੋਂ 7 ਮਿੰਟ ਘੱਟ ਸਮੇਂ ਵਿੱਚ ਇਹ ਉਪਲਬਧੀ ਹਾਸਲ ਕੀਤੀ। ਡਾ: ਤਿਵਾੜੀ ਨੇ ਕਿਹਾ ਕਿ ਸਮੁੰਦਰੀ ਲਹਿਰਾਂ ਅਤੇ ਠੰਡੇ ਪਾਣੀ ਦੇ ਖਿਲਾਫ ਤੈਰਾਕੀ ਕਰਨਾ ਅਤੇ ਹਵਾ ਦੀ ਰਫਤਾਰ ਦੇ ਖਿਲਾਫ ਸਾਈਕਲ ਚਲਾਉਣਾ ਬਹੁਤ ਮੁਸ਼ਕਲ ਅਤੇ ਚੁਣੌਤੀਪੂਰਨ ਸੀ ਪਰ ਉਨ੍ਹਾਂ ਨੇ ਦ੍ਰਿੜ ਇਰਾਦੇ ਨਾਲ ਇਹ ਚੈਂਪੀਅਨਸ਼ਿਪ ਪੂਰੀ ਕੀਤੀ।

# ਹੁਸ਼ਿਆਰਪੁਰ ਜੇਲ ਤੋਂ ਚੱਲ ਰਿਹਾ ਸੀ ਡਰੱਗ ਨੈੱਟਵਰਕ, ਮਾਸਟਰਮਾਈਂਡ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਵੇਗੀ ਪੁਲਸ

ਜਲੰਧਰ 4 ਜੂਨ। ਸੀ. ਆਈ. ਏ. ਸਟਾਫ ਵੱਲੋਂ ਡੇਢ ਕਿਲੋ ਹੈਰੋਇਨ, ਡਰੱਗ ਮਨੀ ਅਤੇ ਪਿਸਤੌਲ ਨਾਲ ਗ੍ਰਿਫਤਾਰ ਕੀਤੇ ਚਾਰਾਂ ਮੁਲਜਮਾਂ ਨੂੰ ਅਦਾਲਤ ਵਿਚ



ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਗਿਆ ਹੈ। ਪੁੱਛਗਿੱਛ ਵਿਚ ਪਤਾ ਲੱਗਾ ਹੈ ਕਿ ਉਕਤ ਮੁਲਜਮ ਹੁਸ਼ਿਆਰਪੁਰ ਜੇਲ ਵਿਚ ਬੰਦ ਤਰਨਤਾਰਨ ਦੇ ਪ੍ਰੀਤ ਨਾਂ ਦੇ ਮੁਲਜਮ ਦੇ ਡਰੱਗ ਨੈੱਟਵਰਕ ਨਾਲ ਜੁੜੇ ਹੋਏ ਸਨ। ਪੁਲਸ ਹੁਣ ਪ੍ਰੀਤ ਨੂੰ ਨਾਮਜਦ ਕਰ ਕੇ ਉਸਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਵੇਗੀ। ਗ੍ਰਿਫਤਾਰ ਮੁਲਜਮਾਂ 'ਚ ਸ਼ਾਮਲ ਮੁੱਖ ਮੁਲਜਮ ਲਵਪ੍ਰੀਤ ਸਿੰਘ ਉਰਫ ਰਾਜਾ ਨੇ ਪੁੱਛਗਿੱਛ ਵਿਚ ਦੱਸਿਆ ਕਿ ਜਦੋਂ ਉਹ ਕੁੱਟਮਾਰ ਦੇ ਕੇਸ ਵਿਚ ਹੁਸ਼ਿਆਰਪੁਰ ਜੇਲ ਵਿਚ ਬੰਦ ਸੀ, ਉਦੋਂ ਉਸਦੀ ਮੁਲਾਕਾਤ ਪ੍ਰੀਤ ਨਾਲ ਹੋਈ ਸੀ। ਉਦੋਂ ਪ੍ਰੀਤ ਨੇ ਕਿਹਾ ਸੀ ਕਿ ਅੰਮ੍ਰਿਤਸਰ ਦੇ ਕੁਝ ਵੱਡੇ ਨਸ਼ਾ ਸਮੱਗਲਰ ਉਸਦੇ ਜਾਣਕਾਰ ਹਨ। ਉਸੇ ਨੇ ਉਕਤ ਸਮੱਗਲਰਾਂ ਨਾਲ ਉਸਦੀ ਜਾਣ-ਪਛਾਣ ਕਰਵਾਈ ਸੀ। ਜਿਉਂ ਹੀ ਲਵਪ੍ਰੀਤ ਜੇਲ ਵਿਚੋਂ ਬਾਹਰ ਆਇਆ ਤਾਂ ਉਹ ਅੰਮ੍ਰਿਤਸਰ ਦੇ ਸਮੱਗਲਰ ਦੇ ਸਿੱਧੇ ਲਿੰਕ ਵਿਚ ਆ ਗਿਆ ਅਤੇ ਫਿਰ ਹੈਰੋਇਨ ਦੀ ਸਮੱਗਲਿੰਗ ਕਰਨ ਲੱਗਾ। ਹੈਰੋਇਨ ਵੇਚਣ ਤੋਂ ਬਾਅਦ ਜਿਹੜੀ ਵੀ ਡਰੱਗ ਮਨੀ ਉਸਨੂੰ ਮਿਲਦੀ ਸੀ, ਉਸ ਵਿਚੋਂ ਕੁਝ ਹਿੱਸਾ ਪ੍ਰੀਤ ਨੂੰ ਵੀ ਜਾਂਦਾ ਸੀ। ਦੱਸਿਆ ਜਾ ਰਿਹਾ ਹੈ ਕਿ ਉਕਤ ਚਾਰਾਂ ਮੁਲਜਮਾਂ ਨੇ ਪਹਿਲਾਂ ਵੀ ਹੈਰੋਇਨ ਸਪਲਾਈ ਕੀਤੀ ਹੋਈ ਹੈ, ਜਿਸ ਨੂੰ ਲੈ ਕੇ ਚਾਰਾਂ ਦਾ ਰਿਮਾਂਡ ਵਧਾਇਆ ਗਿਆ ਤਾਂ ਕਿ ਪਤਾ ਲੱਗੇ ਕਿ ਉਕਤ ਲੋਕਾਂ ਨੇ ਕਿਹੜੇ-ਕਿਹੜੇ ਵਿਅਕਤੀਆਂ ਨੂੰ ਹੈਰੋਇਨ ਵੇਚੀ ਸੀ। ਪੁਲਸ ਉਹ ਹੈਰੋਇਨ ਵੀ ਬਰਾਮਦ ਕਰ ਸਕਦੀ ਹੈ। ਪੁਲਸ ਮੁਲਾਜਮਾਂ ਤੋਂ ਪਤਾ ਲਾ ਰਹੀ ਹੈ ਕਿ ਉਨ੍ਹਾਂ ਕੋਲੋਂ ਬਰਾਮਦ ਹੋਇਆ ਦੇਸੀ ਪਿਸਤੌਲ ਕਿਥੋਂ ਆਇਆ ਸੀ। ਜ਼ਿਕਰਯੋਗ ਹੈ ਕਿ ਸੀ. ਆਈ. ਏ. ਸਟਾਫ ਇੰਦਰਜੀਤਰ੍ਸੰਘ, ਏ. ਐੱਸ. ਆਈ. ਗੁਰਵਿੰਦਰ ਸਿੰਘ ਵਿਰਕ ਅਤੇ ਹੋਰ ਟੀਮ ਨੇ ਗੁਰੂ ਨਾਨਕਪੁਰਾ ਰੋਡ 'ਤੇ ਨਾਕਾਬੰਦੀ ਕਰ ਕੇ ਸਵਿਫਟ ਗੱਡੀ ਵਿਚ ਸਵਾਰ ਲਵਪ੍ਰੀਤ ਸਿੰਘ ਉਰਫ ਰਾਜਾ ਨਿਵਾਸੀ ਸੰਤਪੁਰਾ ਕਪੂਰਥਲਾ, ਜਸਬੀਰਿ ਸੰਘ ਉਰਫ ਪੱਧਾ ਨਿਵਾਸੀ ਪਿੰਡ ਜਹਾਂਗੀਰ (ਕਪੂਰਥਲਾ), ਵਿਕਾਸ ਉਰਫ ਰੂਬਲ ਨਿਵਾਸੀ ਪਿੰਡ ਰਾਣੀਕਾ (ਕਪੂਰਥਲਾ) ਅਤੇ ਹਰੀਪਾਲ ਸਿੰਘ ਨਿਵਾਸੀ ਪਿੰਡ ਪ੍ਰੇਮਪੁਰਾ (ਕਪੂਰਥਲਾ) ਨੂੰ ਗ੍ਰਿਫਤਾਰ ਕੀਤਾ ਸੀ। ਮੁਲਜਮਾਂ ਤੋਂ ਡੇਢ ਕਿਲੋ ਹੈਰੋਇਨ, 53 ਹਜਾਰ ਰੁਪਏ ਡਰੱਗ ਮਨੀ ਅਤੇ ਦੇਸੀ ਪਿਸਤੌਲ ਬਰਾਮਦ ਕੀਤਾ ਗਿਆ ਸੀ। ਮੁਲਜਮ ਜਸਬੀਰ ਸਿੰਘ ਉਰਫ ਪੱਧਾ ਨੇ ਪੁੱਛਗਿੱਛ ਵਿਚ ਦੱਸਿਆ ਕਿ ਉਹ ਲਵਪ੍ਰੀਤਰਿ ਸੰਘ ਦਾ ਜਾਣਕਾਰ ਹੈ। ਉਹ ਪਹਿਲਾਂ ਟਰੈਵਲ ਏਜੰਟ ਦਾ ਕੰਮ ਕਰਦਾ ਸੀ ਪਰ ਉਸ ਕੰਮ ਵਿਚ ਕਾਫੀ ਘਾਟਾ ਪੈ ਗਿਆ ਅਤੇ ਉਹ ਲੋਕਾਂ ਦਾ ਦੇਣਦਾਰ ਬਣ ਗਿਆ। ਜਦੋਂ ਉਸਨੇ ਆਪਣੀ ਕਮਜੋਰੀ ਲਵਪ੍ਰੀਤ ਦੱਸੀ, ਉਸ ਨੇ ਜਸਬੀਰ ਨੂੰ ਪੈਸੇ ਕਮਾਉਣ ਦੀ ਆਫਰ ਦਿੱਤੀ ਅਤੇ ਕਿਹਾ ਕਿ ਉਸਦੇ ਹੈਰੋਇਨ ਸਮੱਗਲਰਾਂ ਨਾਲ ਲਿੰਕ ਹਨ। ਜੇਕਰ ਉਹ ਪੈਸਿਆਂ ਦਾ ਇੰਤਜਾਮ ਕਰਦਾ ਹੈ ਤਾਂ ਉਹ ਉਨ੍ਹਾਂ ਪੈਸਿਆਂ ਨਾਲ ਉਸਨੂੰ ਹੈਰੋਇਨ ਖਰੀਦ ਕੇ ਦੇਵੇਗਾ, ਜਦੋਂ ਕਿ ਵਿਕਵਾ ਵੀ ਖੁਦ ਹੀ ਦੇਵੇਗਾ। ਅਜਿਹੇ ਵਿਚ ਜਸਬੀਰ ਨੇ ਪੈਸਿਆਂ ਦਾ ਇੰਤਜਾਮ ਕੀਤਾ ਅਤੇ ਹੈਰੋਇਨ ਖਰੀਦ ਕੇ ਲੈ ਆਇਆ ਪਰ ਰਸਤੇ ਵਿਚ ਹੀ ਸੀ. ਆਈ. ਏ. ਸਟਾਫ ਦੇ ਹੱਥੇ ਚੜ੍ਹ ਗਿਆ।

## ਜਲੰਧਰ 'ਚ 5 ਕਰੋੜ ਤੋਂ ਵਧੇਰੇ ਦੀ ਹੈਰੋਇਨ ਸਮੇਤ ਦੋ ਸਮੱਗਲਰ ਗ੍ਰਿਫਤਾਰ

ਜਲੰਧਰ 4 ਜੂਨ। ਐਂਟੀ ਨਾਰਕੋਟਿਕਸ ਸੈੱਲ (ਸੀ. ਆਈ. ਏ.-2) ਦੀ ਟੀਮ ਨੇ ਅੰਮ੍ਰਿਤਸਰ ਤੋਂ ਹੈਰੋਇਨ ਲਿਆ ਕੇ ਜਲੰਧਰ 'ਚ ਸਪਲਾਈ ਕਰਨ ਵਾਲੇ 2 ਨਸਾ ਸਮੱਗਲਰਾਂ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਨ੍ਹਾਂ ਦੇ ਕਬਜੇ 'ਚੋਂ 1 ਕਿੱਲੋ 200 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਸੀ. ਆਈ. ਏ.-2 ਦੇ ਮੁਖੀ ਅਸੋਕ ਕੁਮਾਰ ਸਰਮਾ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਲੰਮਾ ਪਿੰਡ ਚੌਂਕ 'ਤੇ ਵਿਸੇਸ ਨਾਕਾਬੰਦੀ ਕਰਕੇ ਇਕ ਚਿੱਟੇ ਰੰਗ ਦੀ ਐਕਟਿਵਾ ਨੰ. ਪੀ.




ਬੀ. 08 ਐੱਫ. ਈ.-8711 'ਤੇ ਸਵਾਰ ਉਕਤ ਨਸਾ ਸਮੱਗਲਰਾਂ ਨੂੰ ਉਨ੍ਹਾਂ ਦੀ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਕਾਬੂ ਕਰ ਲਿਆ। ਪ੍ਰੈੱਸ ਕਾਨਫਰੰਸ ਦੌਰਾਨ ਪੁਲਸ ਕਮਿਸਨਰ ਜਲੰਧਰ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਥਾਣਾ ਸਦਰ-8 ਦੇ ਇਲਾਕੇ 'ਚੋਂ ਕਾਬੂ ਕੀਤੇ ਗਏ ਨਸਾ ਸਮੱਗਲਰਾਂ ਦੀ ਪਛਾਣ ਜਸਪ੍ਰੀਤ ਸਿੰਘ ਸਾਹਿਲ ਪੁੱਤਰ ਹਰਪਾਲ ਸਿੰਘ ਅਤੇ ਪੰਕਜ ਪੁੱਤਰ ਕਮਲ ਕਿਸੋਰ ਦੋਵੇਂ ਵਾਸੀ ਥ੍ਰੀ ਸਟਾਰ ਕਾਲੋਨੀ, ਜਲੰਧਰ ਵਜੋਂ ਹੋਈ ਹੈ। ਪ੍ਰੈੱਸ ਕਾਨਫਰੰਸ 'ਚ ਡੀ. ਸੀ. ਪੀ. ਹਰਵਿੰਦਰ ਸਿੰਘ ਵਿਰਕ ਅਤੇ ਏ. ਸੀ. ਪੀ. ਕ੍ਰਾਈਮ ਪਰਮਜੀਤ ਸਿੰਘ ਵੀ ਮੌਜੂਦ ਸਨ। ਸਾਹਿਲ ਅਤੇ ਪੰਕਜ ਖ਼ਿਲਾਫ ਥਾਣਾ ਨੰ. 8 'ਚ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਮਾਣਯੋਗ ਅਦਾਲਤ 'ਚ ਪੇਸ ਕਰਨ ਉਪਰੰਤ ਪੁਲਸ ਰਿਮਾਂਡ ਲੈ ਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।


**PUBLIC NOTICE**

My client Smt. Sanyogita W/o Lt. Sh. Subhash Chand R/o H No E-65, Gali No 6, Brahampuri, Delhi-110053, have severed all the relation from her Son namely Rohit from all her movable & immovable properties, and now my client and her family members have no concern with any acts or deed done by the above-mentioned persons.

HONEY KUMAR Advocate
D618 & E-722 LAWYERS CHAMBER BLOCK KARKARDOOMA COURT DELHI 110032

**NAME CHANGE**

I, Sandhya Spouse of Army No. JC670689P, Rank - SUB, Name - Pramod Kumar Trivedi Presently Residing at Unit - 5017 ASC Bn (MT), Kanchrapara Military Station, P. S. - Bizpur, Dist - North 24 Parganas, State - West Bengal & Permanently Residing at 13, Creek Lane, Post & P. S. - Entally, Dist. - Kolkata, State - West Bengal Pin - 700014 have changed my name from Sandhya to Sandhya Trivedi & Correct Date of Birth 20/01/1977 for all future purposes. Vide Affidavit No. 17 Dated 12/09/2022 before 1st Class Judicial Magistrate at Barrackpore Court, North 24 Parganas (W.B) in presence of Ld. Advocate G. M. Nabi.

**NAME CHANGE**

I, ASHWINI W/O NO 14836242L Rank-HAV, RAUT BHARAT BAJIRAO R/O VILL/PO-CHINCHOLI. TEH-KALJ, DIST-BEED, MAHARASHTRA-431123 have changed my name from ASHWINI to ASHVINI BHARAT RAUT for all future purpose. Vide affidavit dated 06.10.2022. before Notary Public Delhi (INDIA).

**NAME CHANGE**

I, NO-14836242L HAV RAUT BHARAT BAJIRAO S/O BAJIRAO R/O VILL/PO CHINCHOLI, TEH-KAIJ, DIST-BEED, MAHARASHTRA 431123 have changed my minor son name from AYUSH to AYUSH BHARAT RAUT for all future purpose. And his correct date of birth is 14/06/2011. Vide affidavit dated 06.10.2022 before Notary Public Delhi (INDIA).

**NAME CHANGE**

I, Ganesh Dass S/o Gokul Chand Jhamb R/o 236/3, Govindpuri, Kalkaji,Delhi-110019, have changed my name to Ganesh Dass Jhamb.

**NAME CHANGE**

I, Sundar Mati Tiwari w/o Chandan Sah R/o F-42, Satbari Kharak Riwara, Delhi-110074 have changed my name to Sunder Mati permanently

**NAME CHANGE**

I, RUBEE W/o NO-798696-F SGT DEVI PRASAD R/o VILL-RAMPUR SARAY, PO-KAWAHI ANJANPUR, TEHSIL-AALAPUR, DISTT-AMBEDKAR NAGAR, (UTTAR PRADESH)-224181, have changed my name from RUBEE to RUBEE DUBEY for all future purposes vide Affidavit dated 10/10/2022 before Notary Public Delhi.

**NAME CHANGE**

I, PRATIBHA NAUKUDAKAR W/o JC-335580X NB SUB NAUKUDAKAR AVINASH TANAJI R/O VPO-BASARGE BK, TEH-GADHINGLAJ, DIST-KOLHAPUR, MAHARASHTRA-416506, have changed my name from PRATIBHA NAUKUDAKAR to NAUKUDAKAR PRATIBHA AVINASH for all future purposes vide affidavit dated 27/10/2022 before Notary Public, Delhi.

**NAME CHANGE**

I, Reham Ilahi S/o Habib ur Rehman R/o H. No. A-227, Gali No.1, Babu Nagar, Mustafabad, Delhi-110094, have changed my name to Raham Ilahi for all future purposes.

**NAME CHANGE**

I , Rashid S/o Abrar Ahmed Idrishi residing at N-236 E-43/5, Gali No.7, Subhash Vihar, Garhi Mendu, Delhi-110053 have changed my name to Mohd Rashid Idrishi.

**NAME CHANGE**

I, RATTAN SINGH resident of E-59 Top Floor E block Jeewan Park Uttam Nagar New Delhi - 110059, do hereby solemnly affirm and declare as under:- That "RATTAN LAL YADAV" and "RATTAN SINGH" is the same and one person.That I hereby declare that I shall be known as "RATTAN SINGH" instead of "RATTAN LAL YADAV" in future for all purposes.

**NAME CHANGE**

I, ANUPAMA W/O NO-2807634M HAV DALVI VISHWAS PRABHAKAR R/O VILL-KALASGADE, PO-TILARINAGAR, TEH-CHANDGAD, DISTT-KOLHAPUR, MAHARASHTRA-416527, have changed my name from ANUPAMA to ANUPAMA VISHWAS DALVI for all future purposes vide affidavit dated 10/10/2022 before Notary Public Delhi.

**NAME CHANGE**

I, Shehjadi Begam W/o Tofik Ahmed R/o H. No. 2892, Kh. No.365, Gali No.23, Rajiv Gandhi Nagar, New Mustafabad, Delhi-110094, have changed my name to Shahjadi Begam for all future purposes.

**NAME CHANGE**

I, ARCHANA SOAM wife of SUSHIL KUMAR R/O ROOM NO-3, SNCOs MESS NEW PINTO PARK, NEW DELHI-110010, have changed my name from ARCHANA SOAM to ARCHANA for all future purposes vide Affidavit dated 15/10/2022 before Notary Public Delhi.

**NAME CHANGE**

I hitherto known as NARINDER KUMAR S/o VIJAY KUMAR employed as Assistant Divisional Electrical Engineer/General III/Delhi Division Northern Railway, and resident at 250/7B, Railway Officers Enclave Panchkuian Road, New Delhi-110001, have changed my name and shall hereafter be known as NARINDER KUMAR MEHTA.

**NAME CHANGE**

I, BHUNAN DEVI M/O JC-768439K SUB MANOJ KUMAR RAMOLA, R/O VPO-BALAWALA, TEH-DEHRADUN, DIST-DEHRADUN (UK)-248001, have changed my name from BHUNAN DEVI to POONAM DEVI for all future purposes. And in my son service record my date of birth wrongly mentioned is 01/07/1950 instead of 01/07/1946. vide Affidavit Dated 23/12/2022, by Notary Public, New Delhi.

**NAME CHANGE**

I, Purva Paliwal D/o Shri Sanjay Paliwal R/o 1002, Najafgarh, South-West, Delhi-110043 declare that my exact and correct name is PURVA PALIWAL. That I am holder of Aadhar Card No. (UID NO.6437 6171 2206) and holder of PAN CARD NO.GUMPP 7751M and in my both above documents my name is mentioned as PURVA PALIWAL but I am holder of LIC Policy in which my name is mentioned as BABY PURNIMA PALIWAL D/O SH SANJAY PALIWAL vide LIC Policy No.113925218. That BABY PURNIMA PALIWAL and PURVA PALIWAL is the one and same person. And My name be corrected as PURVA PALIWAL instead to BABY PURNIMA PALIWAL.

**NAME CHANGE**

I, Tofik Ahmad S/o Mohammad Ali R/o H. No. 2892, Kh. No.365, Gali No.23, Rajiv Gandhi Nagar, New Mustafabad, Delhi-110094, have changed my name to Tofik Ahmed for all future purposes.

**NAME CHANGE**

I, MOHAMMAD JAVED AKHTAR S/O MOHAMMAD YASEEN residing at H NO-92 GHARONDA NEEM KA BANGAR PATPARGANJ VILLAGE DELHI-110091 have changed my name to MOHD JAVED AKHTAR for all future purpose.

**NAME CHANGE**

I, KHUSBU KUMARI wife of No-6945079F NK/SHGD JITENDR KUMAR R/O VILL- NANDANI, PO-SHIWISHINGPUR, TEH&DISTT-SAMASTIPUR, BIHAR-848502 have changed my name from KHUSBU KUMARI to KHUSHBU KUMARY for all future purposes, in my husband's service records my date of birth wrongly mentioned as 18/10/1991 instead of my correct date of birth as 08/10/1992 vide Affidavit dated 06/12/2022 Before Notary Public, Delhi.

**NAME CHANGE**

I, SUKHPREET KAUR / SUKHPREET VOHRA W/O JOGINDER SINGH VOHRA residing at H NO-1 AND 2, BLOCK- NO-9, KHICHRIPUR COLONY, DELHI-110091 have changed my name to SUKHPREET KAUR VOHRA for all future purpose.



# ਬੱਚਿਆਂ ਦੀ ਸਿਹਤ ਦਾ ਰੱਖੋ ਖਾਸ ਧਿਆਨ





ਬੱਚੇ ਦੀ ਸਿਹਤ ਦਾ ਛੋਟੀ ਉਮਰ ਤੋਂ ਹੀ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਕਿਉਂਕਿ ਜੇਕਰ ਬੱਚੇ ਦੀ ਸਿਹਤ ਦਾ ਛੋਟੀ ਉਮਰੇ ਹੀ ਧਿਆਨ ਰੱਖਿਆ ਜਾਂਦਾ ਹੈ ਤਾਂ ਵਡੇਰੀ ਉਮਰ ਵਿਚ ਉਸ ਦਾ ਸਰੀਰ ਆਪਣੇ ਆਪ ਬਿਮਾਰੀਆਂ ਦੇ ਨਾਲ ਲੜਨ ਯੋਗ ਹੋ ਜਾਂਦਾ ਹੈ। ਬੱਚਿਆਂ ਦੇ ਸਿਹਤ ਸਬੰਧੀ ਤੇ ਉਨ੍ਹਾਂ ਨੂੰ ਬਿਮਾਰੀਆਂ, ਮੋਟਾਪੇ ਤੋਂ ਬਚਾਉਣ ਲਈ ਕੁਝ ਹੇਠ ਲਿਖੇ ਨੁਕਤੇ ਸੁਝਾਅ ਰਹੇ ਹਾਂ।

ਧਿਆਨਯੋਗ ਗੱਲਾਂ :

- ਜੇ ਦੁੱਧ ਉਬਲੇ ਨੂੰ ਦੋ ਘੰਟੇ ਹੋ ਚੁੱਕੇ ਹੋਣ ਤਾਂ ਬੱਚੇ ਨੂੰ ਦੇਣ ਤੋਂ ਪਹਿਲਾਂ ਇਕ ਵਾਰ ਫਿਰ ਉਬਾਲ ਲੈਣਾ ਚਾਹੀਦਾ ਹੈ।
- ਜੇ ਸਬਜ਼ੀ ਬਣੀ ਨੂੰ ਚਾਰ ਘੰਟੇ ਹੋ ਚੁੱਕੇ ਹੋਣ ਤਾਂ ਦੁਬਾਰਾ ਗਰਮ ਕਰਕੇ ਬੱਚੇ ਨੂੰ ਦੇਣੀ ਚਾਹੀਦੀ ਹੈ।
- ਜੇ ਜੰਮਿਆ ਹੋਇਆ ਦਹੀਂ ਵੀ ਇਕ ਘੰਟੇ ਤੋਂ ਵੱਧ ਬਰਸਾਤਾਂ ਦੇ ਮੌਸਮ ਵਿਚ ਬਾਹਰ ਪਿਆ ਰਹਿ ਜਾਵੇ ਤਾਂ ਉਸ ਵਿਚ ਖਰਾਬ ਕੀਟਾਣੂ ਪੈਦਾ ਹੋ ਜਾਂਦੇ ਹਨ ਜੋ ਬੱਚੇ ਨੂੰ ਬਿਮਾਰੀ ਦੇ ਸਕਦੇ ਹਨ।
- ਡਬਲਰੋਟੀ ਵੀ ਬਰਸਾਤਾਂ ਵਿਚ ਜੇ ਇਕ ਦਿਨ ਫਰਿੱਜ ਤੋਂ ਬਾਹਰ ਰਹਿ ਗਈ ਹੋਵੇ ਤਾਂ ਉਸ ਵਿਚ ਉੱਲੀ ਵਾਲੇ ਕੀਟਾਣੂ ਪੈਦਾ ਹੋ ਜਾਂਦੇ ਹਨ। ਇਸ ਲਈ ਬੱਚੇ ਨੂੰ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
- ਪੁਰਾਣੇ ਬੇਹੇ ਫਲ ਵੀ ਪੌਸ਼ਟਿਕਤਾ ਰਹਿਤ ਹੋ ਜਾਂਦੇ ਹਨ, ਇਸ ਲਈ ਬੱਚੇ ਨੂੰ ਸਿਰਫ ਤਾਜ਼ੇ ਫਲ ਹੀ ਖਾਣ ਲਈ ਦੇਣੇ ਚਾਹੀਦੇ ਹਨ।
- ਬਰਸਾਤਾਂ ਵਿਚ ਰਾਤ ਵੇਲੇ ਬੱਚੇ ਨੂੰ ਵਾਈ ਚੀਜ਼ਾਂ ਜਿਵੇਂ ਚੌਲ, ਪਕੌੜੇ ਵਗੈਰਾ ਦੇਣ ਨਾਲ ਰਾਤ ਭਰ ਬੱਚਾ ਪੇਟ ਦਰਦ ਨਾਲ ਤੜਫਦਾ ਰਹਿ ਸਕਦਾ ਹੈ।
- ਕੱਚੀਆਂ ਸਬਜ਼ੀਆਂ, ਅੱਧਪੱਕਿਆ ਮੀਟ ਜਾਂ ਚਿਕਨ ਹਾਨੀਕਾਰਕ ਸਾਬਤ ਹੋ ਸਕਦੇ ਹਨ, ਕਿਉਂਕਿ ਉਸ ਵਿਚਲੇ ਕੀੜੇ ਬੱਚੇ ਦੇ ਸਿਰ ਅੰਦਰ ਜਾ ਕੇ ਉਸ ਨੂੰ ਦੌਰੇ ਪੁਆ ਸਕਦੇ ਹਨ।
- ਬਰਸਾਤ ਕਾਰਨ ਹੁੰਮਸ ਤੇ ਨਮੀ ਵਿਚ ਵਾਧਾ ਹੋ ਜਾਂਦਾ ਹੈ, ਜਿਸ ਕਰਕੇ ਬੱਚੇ ਦੀ ਭੁੱਖ ਮਰ ਜਾਂਦੀ ਹੈ। ਭੁੱਖ ਵਧਾਉਣ ਲਈ ਦਵਾਈਆਂ ਦੀ ਥਾਂ ਤਾਜ਼ੇ ਫਲਾਂ ਦਾ ਰਸ ਤੇ ਸਬਜ਼ੀਆਂ ਦਾ ਸੂਪ ਦੇਣਾ ਵਧੀਆ ਹੈ।
- ਫਰਿੱਜ ਵਿਚਲਾ ਬਹੁਤ ਠੰਢਾ ਪਾਣੀ ਦੇਣ ਨਾਲੋਂ ਬੱਚੇ ਨੂੰ ਠਾਰ ਭੰਨ ਕੇ ਪਾਣੀ ਦਿੱਤਾ ਜਾਵੇ ਤਾਂ ਢਿੱਡ ਵਿਚਲੇ ਹਾਜ਼ਮੇ ਦੇ ਰਸ ਵਧ ਜਾਂਦੇ ਹਨ ਤੇ ਇਸ ਤਰ੍ਹਾਂ ਬੱਚੇ ਦੀ ਭੁੱਖ ਨਹੀਂ ਮਰਦੀ।
- ਬਰਸਾਤਾਂ ਵਿਚ ਬੱਚਿਆਂ ਵਿਚ ਐਲਰਜੀ ਦੀ ਤਕਲੀਫ ਵਧ ਜਾਂਦੀ ਹੈ, ਜਿਸ ਕਾਰਨ ਕਾਫੀ ਬੱਚਿਆਂ ਦੀ ਚਮੜੀ 'ਤੇ ਧੱਫੜ ਪੈ ਜਾਂਦੇ ਹਨ। ਕੁਝ ਬੱਚਿਆਂ ਨੂੰ ਜ਼ੁਕਾਮ ਰਹਿਣ ਲੱਗ ਜਾਂਦਾ ਹੈ ਤੇ ਕੁਝ ਨੂੰ ਸਾਹ ਦੀ ਤਕਲੀਫ ਹੋ ਜਾਂਦੀ ਹੈ। ਹਵਾ ਵਿਚ ਨਮੀ ਕਾਰਨ ਜੇ ਕੂਲਰ ਵਿਚਲਾ ਪਾਣੀ ਨਾ ਹੀ ਚਲਾਇਆ ਜਾਵੇ ਤਾਂ ਕੁਝ ਹੱਦ ਤੱਕ ਇਨ੍ਹਾਂ ਤਕਲੀਫਾਂ ਤੋਂ ਬਚਿਆ ਜਾ ਸਕਦਾ ਹੈ।

ਬੱਚਿਆਂ ਦਾ ਮੋਟਾਪੇ ਤੋਂ ਬਚਾਅ : ਬੱਚਿਆਂ ਵਿਚ ਮੋਟਾਪਾ ਇਕ ਭਿਆਨਕ ਸਮੱਸਿਆ ਦਾ ਕਾਰਨ ਬਣ ਗਿਆ ਹੈ। ਅੱਜਕੱਲ੍ਹ ਦਾ ਰਹਿਣ-ਸਹਿਣ, ਖਾਣਾ-ਪੀਣਾ ਅਤੇ ਨਵੀਂ ਤਰ੍ਹਾਂ ਦੇ ਭੋਜਨ ਵੱਲ ਰੁਚੀ ਬੱਚਿਆਂ ਦੀ ਸਿਹਤ ਲਈ ਤਬਾਹੀ ਮਚਾ ਰਹੀ ਹੈ। ਇਸ ਸਮੱਸਿਆ ਕਾਰਨ ਬੱਚਿਆਂ ਵਿਚ ਕਈ ਬਿਮਾਰੀਆਂ ਵੀ ਵੱਧ ਰਹੀਆਂ ਹਨ। ਸਭ ਤੋਂ ਭਿਆਨਕ ਗੱਲ ਤਾਂ ਇਹ ਹੈ ਕਿ ਇਸ ਮੋਟਾਪੇ ਕਾਰਨ ਬੱਚਿਆਂ ਨੂੰ ਹੁਣ ਦਿਲ ਦੀ ਬਿਮਾਰੀ, ਬਲੱਡ ਪ੍ਰੈਸ਼ਰ, ਸਾਹ ਫੁੱਲਣਾ ਆਦਿ ਰੋਗਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਬੱਚਿਆਂ ਨੂੰ ਵੀ ਪਤਲੇ ਹੋਣ ਲਈ ਹਸਪਤਾਲਾਂ ਵਿਚ ਅਤੇ ਹੈਲਥ ਕਲੱਬਾਂ ਵਿਚ ਭਰਤੀ ਕੀਤਾ ਜਾ ਰਿਹਾ ਹੈ।

ਮਾਂ-ਬਾਪ ਹੁਣ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਮੋਟਾਪਾ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਭਾਰਤ ਵਿਚ ਆਮ ਤੌਰ 'ਤੇ ਇਹ ਦੇਖਿਆ ਜਾਂਦਾ ਅਤੇ ਮੰਨਿਆ ਜਾਂਦਾ ਹੈ ਕਿ ਜੇਕਰ ਤੁਸੀਂ ਬੱਚਿਆਂ ਨੂੰ ਪਿਆਰ ਕਰਦੇ ਹੋ ਤਾਂ ਖੂਬ ਖਿਲਾਓ-ਪਿਆਓ। ਇਹ ਜ਼ਬਰਦਸਤੀ ਖਿਲਾਉਣਾ ਕਿੰਨਾ ਖਤਰਨਾਕ ਹੈ, ਇਹ ਗਿਆਨ ਹੁਣ ਉੱਭਰ ਰਿਹਾ ਹੈ।

ਬਾਲ ਅਵਸਥਾ ਵਿਚ ਹੀ ਗਲਤ ਖਾਣ-ਪੀਣ ਦੀਆਂ ਆਦਤਾਂ ਪੈ ਜਾਂਦੀਆਂ ਹਨ। ਜ਼ਿਅਦਾ ਦੁੱਧ, ਮੱਖਣ, ਅੰਡੇ ਕਿੰਨਾ ਨੁਕਸਾਨ ਪਹੁੰਚਾਉਂਦੇ ਹਨ ਇਹ ਤਾਂ ਬਾਅਦ ਵਿਚ ਪਤਾ ਲੱਗਦਾ ਹੈ। ਅਮਰੀਕਾ ਵਿਚ ਕੀਤੀ ਇਕ ਖੋਜ ਅਨੁਸਾਰ ਵੱਧ ਤੋਂ ਵੱਧ ਲੋਕ, ਜੋ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਹੁੰਦੀ ਹੈ, ਉਹ ਬਚਪਨ ਤੋਂ ਹੀ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ ਪਰ ਇਸ ਦਾ ਨੁਕਸਾਨ ਉਦੋਂ ਪਤਾ ਲੱਗਦਾ ਹੈ, ਜਦ ਬੱਚੇ ਅੱਲ੍ਹੜ ਉਮਰ ਵਿਚ ਪਹੁੰਚਦੇ ਹਨ।

ਹੁਣ ਸਾਡੇ ਦੇਸ਼ ਵਿਚ ਵੀ ਦੇਖਿਆ ਗਿਆ ਹੈ ਕਿ ਖਾਣ-ਪੀਣ ਦੀਆਂ ਗਲਤ ਆਦਤਾਂ ਹੀ ਇਨ੍ਹਾਂ ਸਮੱਸਿਆਵਾਂ ਨੂੰ ਵਧਾ ਰਹੀਆਂ ਹਨ, ਅੱਜਕੱਲ੍ਹ ਬਹੁਤੇ ਘਰਾਂ ਵਿਚ ਔਰਤਾਂ ਨੌਕਰੀ ਕਰਦੀਆਂ ਹਨ। ਘਰ ਆ ਕੇ ਉਹ ਸੋਚਦੀਆਂ ਹਨ ਕਿ ਹੋਟਲਾਂ ਦੇ ਤਰ੍ਹਾਂ-ਤਰ੍ਹਾਂ ਦੇ ਮਹਿੰਗੇ ਪਕਵਾਨਾਂ ਨਾਲ ਉਨ੍ਹਾਂ ਦੀ ਮਿਹਨਤ ਵੀ ਬਚੇਗੀ ਅਤੇ ਬੱਚੇ ਵੀ ਸੁਆਦੀ ਖਾਣਾ ਖਾ ਕੇ ਖੁਸ਼ ਹੋਣਗੇ। ਬਰਗਰ, ਪੀਜ਼ਾ ਅਤੇ ਕਈ ਤਰ੍ਹਾਂ ਦੇ ਫਾਸਟ ਫੂਡ ਖਾਣ ਦੀ ਆਦਤ ਬੱਚਿਆਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀ ਹੈ। ਜੇਕਰ ਤੁਸੀਂ ਸੁਵਿਧਾਨਕ ਖਾਣਾ ਲੱਭ ਰਹੇ ਹੋ ਤਾਂ ਇਹ ਜ਼ਰੂਰੀ ਨਹੀਂ ਕਿ ਤੁਸੀਂ ਬਾਹਰ ਤੋਂ ਹੀ ਖਾਣਾ ਮੰਗਵਾਓ। ਦੁੱਧ, ਦਹੀਂ, ਸਲਾਦ ਅਤੇ ਕੱਟੇ ਹੋਏ ਫਲਾਂ ਦਾ ਸਲਾਦ ਇਹ ਸਭ ਖਾਣ ਨਾਲ ਤੁਹਾਨੂੰ ਲਾਭ ਮਿਲੇਗਾ।

ਇਹ ਕਹਿਣਾ ਕਿ ਖਾਣਾ ਖਾਣ ਲਈ ਸਮਾਂ ਨਹੀ ਹੈ ਅਤੇ ਬਣਾਉਣ ਦਾ ਸਮਾਂ ਵੀ ਨਹੀਂ ਹੈ, ਇਹ ਗੱਲਾਂ ਤਾਂ ਬੇਮਤਲਬ ਦੀਆਂ ਹਨ। ਤਾਜ਼ੇ ਫਲਾਂ ਅਤੇ ਸਬਜ਼ੀਆਂ ਦਾ ਕੋਈ ਮੁਕਾਬਲਾ ਨਹੀਂ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਤੁਸੀਂ ਇਨ੍ਹਾ ਨੂੰ ਘਿਓ, ਤੇਲ ਅਤੇ ਮਸਾਲਿਆਂ ਨਾਲ ਭੁੰਨ ਕੇ ਬਣਾਓ।

ਇਨ੍ਹਾਂ ਸਬਜ਼ੀਆਂ ਨੂੰ ਹਲਕਾ ਉਬਾਲ ਕੇ, ਇਸ ਵਿਚ ਥੋੜ੍ਹਾ ਨਮਕ ਅਤੇ ਨਿੰਬੂ ਪਾ ਕੇ ਚਾਟ ਦੀ ਤਰ੍ਹਾਂ ਵੀ ਖਾਧਾ ਜਾ ਸਕਦਾ ਹੈ। ਦਹੀਂ ਵਿਚ ਵੀ ਫਲ ਕੱਟ ਕੇ ਖਾਣਾ ਚੰਗਾ ਲੱਗਦਾ ਹੈ।

ਅੱਜਕੱਲ੍ਹ ਦੇ ਰਹਿਣ-ਸਹਿਣ ਦਾ ਤਰੀਕਾ ਵੀ ਮੋਟਾਪੇ ਨੂੰ ਵਧਾਉਂਦਾ ਹੈ। ਅੱਜਕੱਲ੍ਹ ਬੱਚੇ ਕਿਤੇ ਖੇਡਣ ਨਹੀਂ ਜਾਂਦੇ। ਸਕੂਲ ਤੋਂ ਆ ਕੇ ਬੱਚੇ ਹੋਮਵਰਕ ਜਾਂ ਹੋਰ ਕੰਮਾਂ ਵਿਚ ਬਿਜ਼ੀ ਹੋ ਜਾਂਦੇ ਹਨ। ਕਈ ਵਾਰ ਖੇਡਣ ਦੀ ਥਾਂ ਨਾ ਹੋਣ ਕਰਕੇ ਵੀ ਬੱਚੇ ਖੇਡਣ ਦੀ ਬਜਾਏ ਘਰ ਟੀ.ਵੀ. ਹੀ ਦੇਖਦੇ ਰਹਿੰਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ। ਇੰਨਾ ਹੀ ਨਹੀ? ਟੈਲੀਵਿਜ਼ਨ ਦੇਖਦੇ ਸਮੇਂ ਬੱਚੇ ਕੁਝ ਨਾ ਕੁਝ ਖਾਂਦੇ ਵੀ ਰਹਿੰਦੇ ਹਨ ਉਹ ਚਟਪਟਾ ਤੇ ਮਸਾਲੇਦਾਰ ਜ਼ਿਆਦਾ ਖਾਂਦੇ ਹਨ, ਜੋ ਬਹੁਤ ਨੁਕਸਾਨਦਾਈ ਹੁੰਦਾ ਹੈ। ਟੈਲੀਵਿਜ਼ਨ ਤੋਂ ਇਲਾਵਾ ਹੁਣ ਜ਼ਿਆਦਾਤਰ ਬੱਚੇ ਕੰਪਿਊਟਰ ਵਿਚ ਰੁਚੀ ਲੈਣ ਲੱਗੇ ਹਨ। ਕਈ ਘੰਟੇ ਲਗਾਤਾਰ ਬੈਠੇ ਰਹਿਣ ਨਾਲ ਉਨ੍ਹਾਂ ਦੀ ਕੀ ਕਸਰਤ ਹੋਵੇਗੀ?

ਇਸ ਸਭ ਤੋਂ ਇਹ ਸਾਫ ਪਤਾ ਲੱਗਦੀ ਹੈ ਕਿ ਇਸ ਭਿਆਨਕ ਅਵਸਥਾ ਦਾ ਕਾਰਨ ਅਸੀਂ ਹੀ ਹਾਂ। ਜੇਕਰ ਅਸੀਂ ਥੋੜ੍ਹਾ ਜਿਹਾ ਧਿਆਨ ਖਾਣ ਵੱਲ ਦੇਈਏ ਅਤੇ ਥੋੜ੍ਹੀ ਦੇਰ ਲਈ ਆਪਣੇ ਬੱਚਿਆਂ ਨਾਲ ਖੇਡੀਏ ਅਤੇ ਉਨ੍ਹਾਂ ਨੂੰ ਖੇਡਣ ਦੀ ਆਦਤ ਪਾਈਏ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ।

ਆਪਣੀ ਸੋਚ ਬਦਲੋ। ਬੱਚਿਆਂ ਨੂੰ ਘਿਓ-ਮੱਖਣ ਅਤੇ ਚਰਬੀਦਾਰ ਤੇ ਤਲੀਆਂ ਹੋਈਆਂ ਚੀਜ਼ਾਂ ਨਾ ਦਿਓ। ਘਰ ਵਿਚ ਗਾਜਰ, ਮੂਲੀ ਜਾਂ ਫਲ ਰੱਖੋ। ਸਾਫ ਪਾਣੀ ਵਾਲੇ ਪਦਾਰਥਾਂ ਦੀ ਵਰਤੋਂ ਕਰੋ। ਤਲੀਆਂ ਚੀਜ਼ਾਂ ਤੋਂ ਆਪ ਵੀ ਦੂਰ ਰਹੋ ਬੱਚਿਆਂ ਨੂੰ ਵੀ ਇਸ ਦੀ ਆਦਤ ਪਾਓ।

ਬੱਚਿਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਸੈਰ ਕਰਨ ਜਾਣ, ਖੇਡਣ ਅਤੇ ਕਸਰਤ ਆਦਿ ਕਰਨ। ਕਦੇ ਵੀ ਬੱਚਿਆਂ ਨੂੰ ਖਾਣ ਤੋਂ ਨਾ ਰੋਕੋ ਪਰ ਉਨ੍ਹਾਂ ਨੂੰ ਸੰਪੂਰਨ ਆਹਾਰ ਖਾਣ ਦੀ ਆਦਤ ਪਾਓ। ਜੇਕਰ ਅਸੀਂ ਉਨ੍ਹਾਂ ਨੂੰ ਚੰਗੇ ਤਰੀਕੇ ਨਾਲ ਸਹੀ ਤਰੀਕੇ ਨਾਲ ਅਹਾਰ ਖੁਆਈਏ ਅਤੇ ਸਿਹਤ ਪ੍ਰਤੀ ਸੁਚੇਤ ਕਰੀਏ ਤਾਂ ਇਹ ਭਿਆਨਕ ਸਥਿਤੀ ਰੋਕੀ ਜਾ ਸਕਦੀ ਹੈ। ਬੱਚਿਆਂ ਦੇ ਮੋਟਾਪੇ ਤੋਂ ਬਚਣ ਲਈ ਕੁਝ ਤਰੀਕੇ-



* ਸਵੇਰੇ ਬੱਚਿਆਂ ਨੂੰ ਭਰ ਪੇਟ ਨਾਸ਼ਤਾ ਜ਼ਰੂਰ ਦਿਓ। ਇਸ ਨਾਸ਼ਤੇ ਵਿਚ ਪ੍ਰੋਟੀਨ ਜ਼ਰੂਰ ਹੋਣ, ਜਿਵੇਂ ਇਕ ਗਿਲਾਸ ਦੁੱਧ ਜਾਂ ਫਲਾਂ ਦਾ ਰਸ, ਇਕ ਅੰਡਾ ਜਾਂ ਪਨੀਰ ਆਦਿ।

* ਮਿੱਠੀਆਂ ਚੀਜਾਂ ਜਿਵੇਂ ਟੌਫੀ, ਚਾਕਲੇਟ, ਕੇਕ ਪੇਸਟਰੀ ਆਦਿ ਪਦਾਰਥਾਂ ਦੀ ਵਰਤੋਂ ਘੱਟ ਤੋਂ ਘੱਟ ਕਰੋ।

* ਸ਼ਾਮ ਨੂੰ ਚਾਹ ਦੇ ਸਮੇਂ ਭੁੰਨੇ ਹੋਏ ਛੋਲੇ, ਮੁਰਮੁਰੇ, ਪਾਪਕਾਰਨ ਆਦਿ ਦਿਓ।

* ਬੱਚਿਆਂ ਨੂੰ ਸਲਾਦ, ਕੱਚੀ ਸ਼ਬਜ਼ੀ, ਫਲ ਖਾਣ ਦੀ ਆਦਤ ਪਾਓ।

*ਟੈਲੀਵਿਜ਼ਨ ਦੇ ਸਾਹਮਣੇ ਬੈਠ ਕੇ ਖਾਣਾ ਛੱਡ ਦਿਓ। ਹਾਂ, ਤੁਸੀਂ ਹਲਕੀ ਗੱਲਬਾਤ ਜ਼ਰੂਰ ਕਰ ਸਕਦੇ ਹੋ।

* ਜੇਕਰ ਮਿੱਠਾ ਖਾਣਾ ਪਸੰਦ ਹੈ ਤਾਂ ਫਲਾਂ ਨੂੰ ਕੱਟ ਕੇ ਉਨ੍ਹਾਂ ਵਿਚ ਥੋੜ੍ਹਾ ਕਸਟਰਡ ਆਦਿ ਪਾ ਕੇ ਰੱਖੋ। ਆਈਸਕ੍ਰੀਮ ਤੇ ਚਾਕਲੇਟ ਦੀ ਵਰਤੋਂ ਘੱਟ ਹੀ ਕਰੋ। ਰੋਜ਼ਾਨਾ ਬੱਚਿਆਂ ਨੂੰ ਖੇਡਣ ਭੇਜੋ।

ਜੇਕਰ ਤੁਹਾਡੇ ਘਰ ਕੋਲ ਪਾਰਕ ਜਾਂ ਖੁੱਲ੍ਹੀ ਜਗ੍ਹਾ ਨਹੀਂ ਹੈ ਤਾਂ ਉੱਪਰ ਛੱਤ 'ਤੇ ਬੱਚਿਆਂ ਨੂੰ ਖੇਡਣ ਜਾਂ ਕਸਰਤ ਲਈ ਕਹੋ ਪਰ ਧਿਆਨ ਰੱਖੋ ਕਿ ਛੱਤ ਖੁੱਲ੍ਹੀ ਨਾ ਹੋਵੇ। ਚਾਰੇ ਪਾਸੇ ਦੀਵਾਰਾਂ ਆਦਿ ਹੋਣ। ਬੱਚਿਆਂ ਨਾਲ ਖੁਦ ਸੈਰ ਕਰਨ ਜਾਓ। ਬੱਚੇ ਤੁਹਾਡੀਆਂ ਆਦਤਾਂ ਤੋਂ ਬਹੁਤ ਕੁਝ ਸਿੱਖਦੇ ਹਨ। ਚੰਗੇ ਵਿਵਹਾਰ ਤੇ ਆਦਤਾ ਨਾਲ ਤੁਸੀਂ ਬੱਚਿਆਂ ਦੇ ਰੋਲ ਮਾਡਲ ਬਣ ਸਕਦੇ ਹੋ।

-ਮਨਚੰਦਾ



## ਸਿਰਦਰਦ ਲਈ ਵਿਵਹਾਰਕ ਉਪਚਾਰ

ਰੋਜ਼ਾਨਾ ਸਿਰਦਰਦ ਅਕਸਰ ਤਣਾਅ, ਅਵਸਾਦ ਦੇ ਕਾਰਨ ਹੁੰਦਾ ਹੈ। ਇਸ ਲਈ ਇਨ੍ਹਾਂ ਮਰੀਜ਼ਾਂ ਨੂੰ ਨਿਮਨਲਿਖਤ ਪ੍ਰਯਤਨ ਕਰਨੇ ਚਾਹੀਦੇ ਹਨ-

1. ਕੈਫ਼ੀਨ-ਯੁਕਤ-ਚਾਹ, ਕੌਫ਼ੀ, ਕੋਲਾ ਯੁਕਤ ਠੰਢੇ ਪੇਯ ਦਾ ਸੇਵਨ ਨਾ ਕਰੋ।
2. ਸਿਗਰੇਟ, ਤੰਬਾਕੂ ਗੁਟਖਾ, ਸ਼ਰਾਬ ਦਾ ਸੇਵਨ ਨਾ ਕਰੋ।
3. ਸੰਤੁਲਿਤ, ਵਿਵਸਥਿਤ ਜੀਵਨ ਬਤੀਤ ਕਰੋ, ਸਮੇਂ ਸਿਰ ਜਾਗੋ, ਸਮੇਂ ਸਿਰ ਸੌਣ ਦੀ ਆਦਤ ਪਾਉ, ਸਮੇਂ ਸਿਰ ਭੋਜਨ ਦਾ ਸੇਵਨ ਕਰੋ।
4. ਕਾਰਜਸ਼ੀਲ ਰਹੋ, ਨਿਯਮਿਤ ਕਸਰਤ ਕਰੋ।
5. ਪੂਰੀ ਨੀਂਦ ਲਉ।
6. ਤਣਾਅ ਘੱਟ ਕਰੋ, ਜੀਵਨ ਨੀਰਸ ਨਾ ਬਣਾਉ, ਮਨੋਰੰਜਨ ਲਈ ਵੀ ਸਮਾਂ ਕੱਢੋ।
7. ਕੰਮ 'ਚ ਰੁੱਝੇ ਰਹੋ ਅਭਿਰੁਚੀ (ਹਾਵੀ) ਰੱਖੋ, ਜਿਸ ਨਾਲ ਆਤਮਾ ਸੰਤੁਸ਼ਟੀ, ਸੰਤੋਖ ਮਿਲਦਾ ਹੈ, ਤਣਾਉ ਘੱਟ ਹੁੰਦਾ ਹੈ। ਤਣਾਉ ਘੱਟ ਕਰਨ ਦੇ ਸਕਾਰਾਤਮਕ ਵਿਚਾਰ ਬਣਾਉ।
8. ਜੇਕਰ ਖ਼ੁਦ ਤਣਾਉ ਅਵਸਾਦ ਮੁਕਤ ਨਹੀਂ ਹੋ ਸਕਦੇ ਤਾਂ ਮਨੋਰੋਗ ਚਿਕਿਤਸਕ ਦੀ ਸਲਾਹ ਲਉ, ਉਹ ਆਪਣੇ ਅਨੁਸਾਰ ਚਿਕਿਤਸਾ ਜਾਂ ਹੋਰ ਵਿਧੀਆਂ ਦੁਆਰਾ ਇਲਾਜ ਕਰਨਗੇ ਜਿਸ ਨਾਲ ਤਣਾਉ ਦੂਰ ਹੋਵੇਗਾ ਅਤੇ ਆਪ ਸਿਰਦਰਦ ਤੋਂ ਮੁਕਤ ਹੋ ਜਾਵੋਗੇ।

ਰੋਜ਼ਾਨਾ ਸਿਰਦਰਦ ਹੋਣ ਨਾਲ ਵਿਅਕਤੀ ਦੁਖੀ, ਪ੍ਰੇਸ਼ਾਨ ਰਹਿੰਦਾ ਹੈ। ਕਾਰਜ ਸ਼ਕਤੀ ਘੱਟ ਹੋ ਜਾਂਦੀ ਹੈ, ਇਕਾਗਰਚਿਤ ਕੰਮ ਨਹੀਂ ਹੁੰਦਾ, ਤਣਾਉ ਤੇ ਅਵਸਾਦ ਨਾਲ ਪੀੜਤ ਹੋ ਜਾਂਦਾ ਹੈ। ਜਿਸ ਨਾਲ ਸਿਰਦਰਦ ਹੋਰ ਜ਼ਿਆਦਾ ਵਧ ਜਾਂਦਾ ਹੈ। ਆਦਮੀ ਇਕ ਚੱਕਰਵਿਊ 'ਚ ਫਸ ਜਾਂਦਾ ਹੈ, ਜਿਸ 'ਚੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਇਸ ਵਾਸਤੇ ਮਰੀਜ਼ ਨੂੰ ਸਮੁਚਿਤ ਉਪਚਾਰ ਕਰਵਾਉਣਾ ਚਾਹੀਦਾ ਹੈ। ਜਿਸ ਨਾਲ ਰੋਗ ਮੁਕਤ ਹੋ ਕੇ ਸਵਸਥ ਸੁਖੀ ਜੀਵਨ ਬਤੀਤ ਕਰ ਸਕੇ।

ਸਿਰਦਰਦ ਦੇ ਅਸਰਦਾਰ ਨੁਸਖੇ : 1. ਸਵੇਰੇ-ਸਵੇਰੇ ਉੱਠ ਕੇ ਖਾਲੀ ਪੇਟ ਸੇਬ 'ਤੇ ਨਮਕ ਲਾ ਕੇ ਖਾਉ। ਫਿਰ ਉਤੋਂ ਦੀ ਗੁਣਗੁਣਾ ਪਾਣੀ ਜਾਂ ਇਕ ਪਿਆਲਾ ਹਲਕੇ ਗਰਮ ਦੁੱਧ ਦਾ ਪੀ ਲਉ। ਦਸ ਦਿਨਾਂ ਵਿਚ ਸਿਰਦਰਦ ਗ਼ਾਇਬ ਹੋ ਜਾਵੇਗਾ।

2. ਕਿੰਨਾ ਹੀ ਖ਼ਤਰਨਾਕ ਸਿਰਦਰਦ ਭਾਵੇਂ ਕਿਸੇ ਵੀ ਕਾਰਨ ਹੋਵੇ। ਤੁਸੀ ਲੱਸਣ ਦੀ ਇਕ ਤੁਰੀ ਛਿੱਲ ਕੇ ਆਰਾਮ ਨਾਲ ਚੱਬ-ਚੱਬ ਕੇ ਹੌਲੀ-ਹੌਲੀ ਨਿਗਲ ਜਾਉ।

-ਰਣਜੀਤ ਸਿੰਘ ਸਾਹੂਵਾਲਾ,

## ਸਿਹਤ ਲਈ ਖਤਰਨਾਕ ਕੋਲਡ ਡਰਿੰਕਸ

ਭਾਰਤ ਵਿਚ ਕੋਲਡ ਡ੍ਰਿੰਕਸ ਦਾ ਬਹੁਤ ਵੱਡਾ ਵਪਾਰ ਹੈ। ਛੋਟੇ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਇਸ ਨੂੰ ਪੀਂਦੇ ਹਨ। ਪੰਜਾਬ ਵਿਚ ਲੋਕ ਲੱਸੀ ਅਤੇ ਠੰਡੇ ਦੁੱਧ ਨੂੰ ਭੁੱਲ ਕੇ ਕੋਲ ਡਰਿੰਕਸ ਪੀ ਰਹੇ ਹਨ। ਵਿਆਹਾਂ ਅਤੇ ਪਾਰਟੀਆਂ ਵਿਚ ਵੀ ਲੋਕ ਇਨ੍ਹਾਂ ਸੋਡਿਆਂ ਦੇ ਨੁਕਸਾਨ ਤੋਂ ਬੇਫਿਕਰ, ਮੁਫਤ ਦੇ ਸਮਝ ਕੇ ਖੁੱਲ੍ਹੇ ਦਿਲ ਨਾਲ ਪੀਂਦੇ ਹਨ। ਭਾਰਤ ਵਿਚ ਵੈਸੇ ਤਾਂ ਕੋਲ ਡ੍ਰਿੰਕਸ ਦੇ ਕਾਫੀ ਬ੍ਰਾਂਡ ਵਿਕਦੇ ਹਨ ਪਰ ਸਭ ਤੋਂ ਜ਼ਿਆਦਾ ਵਿੱਕਣ ਵਾਲੇ ਬ੍ਰਾਂਡ ਕੋਕਾ ਕੋਲਾ ਅਤੇ ਪੈਪਸੀ ਹਨ। ਇਕ ਪ੍ਰਾਈਵੇਟ ਏਜੰਸੀ ਸੀ. ਐਸ. ਈ. ਨੇ ਇਨ੍ਹਾਂ ਠੰਡਿਆਂ ਦੇ ਨਮੂਨੇ ਲੈ ਕੇ ਇਨ੍ਹਾਂ ਵਿਚ ਪਾਈਆਂ ਜਾਣ ਵਾਲੀਆਂ ਚੀਜ਼ਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਇਨ੍ਹਾਂ ਵਿਚ ਮਿੱਥੀ ਮਾਤਰਾ ਤੋਂ ਵੱਧ ਕੀਟਨਾਸ਼ਕ ਹੋਣ ਦੀ ਪੁਸ਼ਟੀ ਕੀਤੀ ਹੈ।

ਸੀ. ਐਸ. ਈ. ਨੇ ਕੋਕਾ ਕੋਲਾ ਅਤੇ ਪੈਪਸੀ ਦੇ ਬਾਰਾਂ ਰਾਜਾਂ ਵਿਚੋਂ 57 ਨਮੂਨੇ ਲਏ। ਟੈਸਟ ਤੋਂ ਬਾਅਦ ਇਨ੍ਹਾਂ ਨਮੂਨਿਆਂ ਵਿਚ ਬੀ ਆਈ ਐਸ ਸਟੈਂਡਰਡ ਵੱਲੋਂ ਨਿਰਧਾਰਤ ਮਾਤਰਾ ਦੇ ਮੁਕਾਬਲੇ 24 ਗੁਣਾ ਵੱਧ ਮਾਤਰਾ ਵਿਚ ਕੀਟਨਾਸ਼ਕ ਹੋਣ ਦੀ ਪੁਸ਼ਟੀ ਕੀਤੀ।



ਇਨ੍ਹਾਂ ਕੋਲਡ ਡ੍ਰਿੰਕਸ ਵਿਚ ਕੀਟਨਾਸ਼ਕਾਂ ਦੀ ਮਾਤਰਾ 11.85 ਪੀ.ਪੀ.ਬੀ. ਪਾਈ ਗਈ ਜਦੋਂ ਕਿ ਬੀ ਆਈ ਐਸ ਸਟੈਂਡਰਡ ਮੁਤਾਬਕ ਇਹ ਮਾਤਰਾ 0.5 ਪੀ ਪੀ ਬੀ ਤੋਂ ਵੱਧ ਨਹੀਂ ਹੋਣੀ ਚਾਹੀਦੀ ਜਿਹੜੇ ਕੀਟ ਨਾਸ਼ਕ ਇਨ੍ਹਾਂ ਕੋਲਡ ਡ੍ਰਿੰਕਸ ਦੇ ਨਮੂਨਿਆਂ ਵਿਚ ਪਾਏ ਗਏ ਉਹ ਸਨ ਲਿਨਡੇਨ, ਕਲੋਰੋਪਾਇਰੀਫੋਰਸ, ਹੈਪਟਾ ਕਲੋਰੇ ਡੀ. ਈ. ਟੀ. ਅਤੇ ਮੈਲਾਥੀਨ ਆਦਿ। ਇਹ ਸਾਰੇ ਕੀਟਨਾਸਕ ਮਨੁੱਖੀ ਸਿਹਤ ਲਈ ਬਹੁਤ ਘਾਤਕ ਹਨ ਜਿਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ।

ਲਿਨਡੇਨ: ਕੋਲਡ ਡ੍ਰਿੰਕਸ ਦੇ ਨਮੂਨਿਆਂ ਵਿਚ ਇਸ ਕੀਟਨਾਸ਼ਕ ਦੀ ਮਾਤਰਾ ਬੀ. ਆਈ. ਐਸ. ਸਟੈਂਡਰਡ ਵੱਲੋਂ ਨਿਰਧਾਰਤ ਮਾਤਰਾ ਨਾਲੋਂ 57 ਗੁਣਾ ਵੱਧ ਨਿਕਲੀ। ਇਸ ਕੀਟਨਾਸ਼ਕ ਦੀ ਵਰਤੋਂ ਬੀਜਾਂ ਨੂੰ ਬੀਮਾਰੀਆਂ ਤੋਂ ਬਚਾਉਣ ਅਤੇ ਸਰੀਰ ਤੋਂ ਜੂਆਂ ਹਟਾਉਣ ਲਈ ਕੀਤੀ ਜਾਂਦੀ ਹੈ। ਲਿਨਡੇਨ ਦੇ ਵਾਧੂ ਸੇਵਨ ਨਾਲ ਨਰਸ ਸਿਸਟਮ ਉਪਰ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਸ ਨਾਲ ਲੀਵਰ ਕੈਂਸਰ ਵੀ ਹੋ ਸਕਦਾ ਹੈ।

ਕਲੋਰੋਪਾਇਰੀਫੋਰਸ : ਇਸ ਜ਼ਹਿਰੀਲੇ ਪਦਾਰਥ ਦੀ ਵਰਤੋਂ ਕਾਕਰੋਚ, ਮੱਖੀਆਂ ਅਤੇ ਕੀੜਿਆਂ ਨੂੰ ਭਜਾਉਣ ਲਈ ਕੀਤੀ ਜਾਂਦੀ ਹੈ। ਕੋਲਡ ਡ੍ਰਿੰਕਸ ਵਿਚ ਇਸ ਦੀ ਵਰਤੋਂ ਬੀ. ਆਈ. ਐਸ. ਸਟੈਂਡਰਡ ਵੱਲੋਂ ਨਿਰਧਾਰਤ ਮਾਤਰਾ ਦੇ ਮੁਕਾਬਲੇ 47 ਗੁਣਾਂ ਵੱਧ ਪਾਈ ਗਈ ਹੈ। ਇਸ ਦੀ ਜ਼ਿਆਦਾ ਵਰਤੋਂ ਨਾਲ ਸਾਡੀਆਂ ਅੱਖਾਂ, ਦਿਲ ਅਤੇ ਮਸਲ ਆਦਿ ਉਪਰ ਬੁਰੇ ਪ੍ਰਭਾਵ ਪੈਂਦੇ ਹਨ।

ਹੈਪਟਾਕਲੋਰੋ ਭਾਰਤ ਵਿਚ ਇਸ ਜ਼ਹਿਰੀਲੇ ਪਦਾਰਥ ਉਪਰ ਪਾਬੰਦੀ ਹੈ ਪਰ 71 ਪ੍ਰਤੀਸ਼ਤ ਤੋਂ ਵੱਧ ਨਮੂਨਿਆਂ ਵਿਚ ਇਸ ਦੀ ਮੌਜੂਦਗੀ ਪਾਈ ਗਈ ਹੈ ਇਸ ਨਾਲ ਲੀਵਰ ਖਰਾਬ ਹੋ ਸਕਦਾ ਹੈ ਅਤੇ ਬੱਚਿਆਂ ਵਿਚ ਕਈ ਤਰ੍ਹਾਂ ਦੀਆਂ ਖਤਰਨਾਕ ਬੀਮਾਰੀਆਂ ਪੈਦਾ ਹੋ ਸਕਦੀਆਂ ਹਨ।

ਡੀ. ਡੀ. ਟੀ. ਤੇ ਮੈਲਾਥੀਨ : ਇਸ ਦੀ ਵਰਤੋਂ ਨਾਲ ਨਾੜੀ ਤੰਤਰ ਕਮਜ਼ੋਰ ਹੋ ਜਾਂਦਾ ਹੈ। ਬੱਚਿਆਂ ਵਿਚ ਸਿਹਤ ਵਿਕਾਰ ਅਤੇ ਨਿਪੁੰਸਕਤਾ ਆਦਿ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਸਾਨੂੰ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਇਨ੍ਹਾਂ ਸੋਡਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਖਾਸ ਕਰਕੇ ਸ਼ੂਗਰ ਦੇ ਮਰੀਜ਼ਾਂ ਵਾਸਤੇ ਇਹ ਬਹੁਤ ਹੀ ਖਤਰਨਾਕ ਹਨ। ਇਕ ਬੋਤਲ ਵਿਚ ਛੇ ਤੋਂ ਸੱਤ ਚਮਚੇ ਖੰਡ ਦੇ ਪਾਏ ਜਾਂਦੇ ਹਨ। ਅਸੀਂ ਘਰ ਦੀ ਬਣਾਈ ਹੋਈ ਲੱਸੀ, ਨਿੰਬੂ, ਪਾਣੀ ਜਾਂ ਗੰਨੇ ਦਾ ਰਸ ਪੀ ਸਕਦੇ ਹਾਂ ਜਿਹੜੇ ਹਰ ਪੱਖ ਤੋਂ ਸਾਡੇ ਸਰੀਰ ਲਈ ਲਾਹੇਵੰਦ ਹਨ।

-ਬਲਜੀਤ ਸਿੰਘ



## ਕਿਹੜੇ ਕਾਰਨਾਂ ਕਰਕੇ ਮਹਿਸੂਸ ਹੁੰਦੀ ਹੈ ਥਕਾਵਟ ?



ਕਿਸੇ-ਕਿਸੇ ਦਿਨ ਤੁਸੀਂ ਇੰਨੀ ਥਕਾਵਟ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅੰਦਰ ਕੋਈ ਤਾਕਤ ਨਹੀਂ ਹੈ ਅਤੇ ਤੁਸੀਂ ਦੁਪਹਿਰ ਤੱਕ ਸੁਸਤ ਹੋ ਜਾਂਦੇ ਹੋ ਅਤੇ ਕੋਈ ਕੰਮ ਨਹੀਂ ਕਰ ਪਾਉਂਦੇ। ਅਜਿਹਾ ਕੀ ਕਾਰਨ ਹੁੰਦਾ ਹੈ ਕਿ ਤੁਸੀਂ ਇਸ ਤਰ੍ਹਾਂ ਮਹਿਸੂਸ ਕਰਦੇ ਹੋ।

ਤਣਾਓ, ਜ਼ਿਆਦਾ ਕੰਮ, ਗਲਤ ਖਾਣ-ਪੀਣ ਦੀਆਂ ਆਦਤਾਂ ਤੁਹਾਨੂੰ ਇਸ ਦਸ਼ਾ ਵਿਚ ਪਹੁੰਚਾ ਸਕਦੀਆਂ ਹਨ ਪਰ ਅਸੀਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਅਜਿਹੀ ਸਥਿਤੀ ਦਾ ਸਾਹਮਣਾ ਸਾਨੂੰ ਸਾਰਿਆਂ ਨੂੰ ਕਦੀ ਨਾ ਕਦੀ ਕਰਨਾ ਪੈਂਦਾ ਹੈ। ਗੰਭੀਰ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਜ਼ਰੂਰੀ ਆਰਾਮ ਦੇ ਬਾਵਜੂਦ ਸਾਨੂੰ ਅਚਾਨਕ ਅਤੇ ਲਗਾਤਾਰ ਥਕਾਵਟ ਦਾ ਸਾਹਮਣਾ ਕਰਨਾ ਪੈ ਜਾਵੇ ਅਜਿਹੇ ਸਮੇਂ ਵਿਚ ਤੁਹਾਨੂੰ ਕਿਸੇ ਮਾਹਿਰ ਦੀ ਸਲਾਹ ਲੈਣ ਦੀ ਜ਼ਰੂਰਤ ਹੁੰਦੀ ਹੈ।

ਥਕਾਵਟ ਕਿਸੇ ਬਿਮਾਰੀ ਦਾ ਸੰਕੇਤ ਹੋ ਸਕਦੀ ਹੈ ਜਾਂ ਤੁਸੀ ਕੋਈ ਮੈਡੀਕਲ ਟ੍ਰੀਟਮੈਂਟ ਲੈ ਰਹੇ ਹੋ ਤਾਂ ਇਸ ਕਾਰਨ ਵੀ ਤੁਹਾਨੂੰ ਸਾਈਡ ਇਫੈਕਟਸ ਦੇ ਰੂਪ ਵਿਚ ਥਕਾਵਟ ਮਹਿਸੂਸ ਕਰ ਰਹੇ ਹੋ ਅਤੇ ਕਈ ਹਫਤਿਆਂ ਦੇ ਆਰਾਮ ਦੇ ਬਾਅਦ ਵੀ ਤੁਸੀ ਆਪਣੇ ਆਪ ਨੂੰ ਐਨਰਜੀ ਰਹਿਤ ਮਹਿਸੂਸ ਕਰ ਰਹੇ ਹੋ ਤਾਂ ਤੁਹਾਨੂੰ ਕੋਈ ਸਿਹਤ ਸਬੰਧੀ ਸਮੱਸਿਆ ਹੋ ਸਕਦੀ ਹੈ। ਆਓ ਜਾਣਕਾਰੀ ਹਾਸਲ ਕਰੀਏ ਥਕਾਵਟ ਦੇ ਇਨ੍ਹਾਂ ਕਾਰਨਾਂ ਬਾਰੇ-



ਅਨੀਮੀਆ : ਅਨੀਮੀਆ ਦੇ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਆਉਂਦੀਆਂ ਹਨ ਅਤੇ ਇਸ ਦੇ ਕਾਰਨ ਸਾਡੇ ਖ਼ੂਨ ਦੀ ਆਕਸੀਜਨ ਦੀ ਸਪਲਾਈ ਦੀ ਸਮਰੱਥਾ ਮਹਿਸੂਸ ਪ੍ਰਭਾਵਿਤ ਹੁੰਦੀ ਹੈ। ਇਸ ਲਈ ਜੇ ਤੁਹਾਨੂੰ ਲਗਾਤਾਰ ਥਕਾਵਟ ਹੋ ਰਹੀ ਹੈ ਤਾਂ ਹੀਮੋਗਲੋਬਿਨ ਦੀ ਜਾਂਚ ਜ਼ਰੂਰ ਕਰਾਵਾਓ।

ਡਿਪ੍ਰੈਸ਼ਨ : ਤੁਹਾਡੇ ਵਿਚ ਐਨਰਜੀ ਦੀ ਕਮੀ ਅਤੇ ਨਾਲ ਹੀ ਨਾਲ ਭੁੱਖ ਨਾ ਲੱਗਣਾ, ਨੀਂਦ ਨਾ ਆਉਣਾ ਜਾਂ ਜ਼ਿਆਦਾ ਨੀਂਦ ਆਉਣਾ, ਕੰਮ ਵਿਚ ਦਿਲ ਨਾ ਲੱਗਣਾ, ਧਿਆਨ ਦੀ ਕਮੀ, ਉਦਾਸੀ ਆਦਿ ਲੱਛਣਾਂ ਦਾ ਉਭਰਨਾ ਡਿਪ੍ਰੈਸ਼ਨ ਦਾ ਕਾਰਨ ਹੋ ਸਕਦਾ ਹੈ।

ਸ਼ੂਗਰ : ਬਹੁਤ ਜ਼ਿਆਦਾ ਥਕਾਵਟ ਸ਼ੂਗਰ ਦੀ ਚਿਤਾਵਨੀ ਹੋ ਸਕਦੀ ਹੈ। ਥਕਾਵਟ ਦੇ ਨਾਲ-ਨਾਲ ਜੇ ਨਾਲ-ਨਾਲ ਜੇ ਪਿਆਸ ਜ਼ਿਆਦਾ ਲੱਗ ਰਹੀ ਹੈ, ਪਿਸ਼ਾਬ ਜ਼ਿਆਦਾ ਆ ਰਿਹਾ ਹੈ, ਧੁੰਦਲਾ ਨਜ਼ਰ ਆ ਰਿਹਾ ਹੋਵੇ ਤਾਂ ਸ਼ੂਗਰ ਦੀ ਜਾਂਚ ਕਰਵਾਓ।

ਥਾਇਰਾਈਡ : ਹਾਈ-ਪੋਥਾਇਰਾਈਡ ਜਾਂ ਹਾਈਪਰ ਥਾਇਰਾਈਡ, ਦੋਵਾਂ ਵਿਚ ਥਕਾਵਟ ਇਕ ਮੁੱਖ ਲੱਛਣ ਹੈ। ਹਾਈਪੋਥਾਇਰਾਈਡ ਦੀ ਸਥਿਤੀ ਵਿਚ ਥਾਇਰਾਈਡ ਗਲੈਂਡ ਜ਼ਰੂਰੀ ਥਾਇਰਾਈਡ ਹਾਰਮੋਨ ਨੂੰ ਬਣਾਉਣ ਵਿਚ ਅਸਫਲ ਹੁੰਦਾ ਹੈ ਅਤੇ ਇਸ ਦੇ ਮੁੱਖ ਲੱਛਣ ਚਮੜੀ ਦਾ ਖੁਸ਼ਕ ਹੋਣਾ, ਹੱਥਾਂ-ਪੈਰਾਂ ਦਾ ਠੰਡਾ ਰਹਿਣਾ, ਕਬਜ਼ ਦਾ ਹੋਣਾ, ਆਵਾਜ ਭਾਰੀ ਹੋਣਾ, ਜ਼ਿਆਦਾ ਥਕਾਵਟ ਰਹਿਣਾ ਆਦਿ ਹਨ। ਹਾਈਪਰਥਾਇਰਾਈਡ ਵਿਚ ਥਾਇਰਾਈਡ ਗਲੈਂਡ ਜ਼ਿਆਦਾ ਮਾਤਰਾ ਵਿਚ ਹਾਰਮੋਨ ਪੈਦਾ ਕਰਦਾ ਹੈ ਅਤੇ ਇਸ ਦੇ ਕਾਰਨ ਵੀ ਥਕਾਵਟ, ਮਾਸ਼ਪੇਸ਼ੀਆਂ ਦਾ ਕਮਜ਼ੋਰ ਹੋਣਾ, ਵਜ਼ਨ ਦਾ ਘੱਟਣਾ, ਦਿਲ ਦੀ ਗਤੀ ਦਾ ਵਧਣਾ, ਚਿੜ੍ਹਚਿੜ੍ਹਾਪਣ ਨਰਵਸਨੈੱਸ ਹਨ।



ਕੈਂਸਰ : ਥਕਾਵਟ ਕੈਂਸਰ ਦਾ ਵੀ ਇਕ ਲੱਛਣ ਹੈ। ਇਸ ਲਈ ਬਹੁਤ ਲੰਮੇ ਸਮੇਂ ਤੋਂ ਥਕਾਵਟ ਦੀ ਸਮੱਸਿਆ ਹੋਣ 'ਤੇ ਡਾਕਟਰ ਕੋਲੋਂ ਸਲਾਹੀ ਜ਼ਰੂਰ ਲਓ।

ਕਦੀ ਕਿਸੇ ਰੋਗ ਵਿਚ ਲਈਆਂ ਜਾਣ ਵਾਲੀਆਂ ਦਵਾਈਆਂ ਦੇ ਸਾਈਡ ਇਫੈਕਟਸ ਦੇ ਰੂਪ ਵਿਚ ਥਕਾਵਟ ਹੋ ਸਕਦੀ ਹੈ ਜੇ ਤੁਹਾਨੂੰ ਅਜਿਹਾ ਲੱਗਦਾ ਹੈ ਕਿ ਦਵਾਈ ਦੇ ਸੇਵਨ ਨਾਲ ਤੁਹਾਨੂੰ ਥਕਾਵਟ ਦੀ ਸ਼ਿਕਾਇਤ ਹੋ ਰਹੀ ਹੈ ਤਾਂ ਕਿਸੇ ਮਾਹਿਰ ਡਾਕਟਰ ਨਾਲ ਸੰਪਰਕ ਕਰੋ ਇਸ ਤੋਂ ਇਲਾਵਾ ਥਕਾਵਟ ਤੁਹਾਡੇ ਤੋਂ ਦੂਰ ਰਹੇ ਇਸ ਲਈ ਇਨ੍ਹਾਂ ਟਿਪਸ ਨੂੰ ਅਪਣਾਓ।

* ਆਪਣੇ ਉਪਰ ਕੰਮ ਦਾ ਬਹੁਤ ਜ਼ਿਅਦਾ ਪ੍ਰੈਸ਼ਰ ਨਾ ਰੱਖੋ। ਆਪਣੀ ਰੁਟੀਨ ਨੂੰ ਨਿਰਧਾਰਤ ਕਰੋ। ਹਰ ਰੋਜ਼ ਆਪਣੀ ਰੁਝੇਂਵਿਆਂ ਭਰਪੂਰ ਰੁਟੀਨ ਵਿਚੋਂ ਕੁਝ ਸਮਾਂ ਕੱਢੋ ਜਦੋਂ ਤੁਸੀਂ ਥੋੜ੍ਹਾ ਜਿਹਾ ਮੰਨੋਰੰਜਨ ਕਰ ਲਓ। ਸਵੇਰ ਦੀ ਭੱਜ ਦੌੜ ਤੋਂ ਬਚਣ ਲਈ 15 ਮਿੰਟ ਛੇਤੀ ਉਠ ਜਾਓ। ਆਫਿਸ ਵਿਚ ਵੀ ਕੰਮ ਕਰਦੇ ਸਮੇਂ ਕੁਝ ਸਮੇਂ ਬਾਅਦ ਸੀਟ ਤੋਂ ਖੜ੍ਹੇ ਹੋ ਕੇ ਇਕ ਦੋ ਚੱਕਰ ਲਗਾ ਲਓ। ਆਫਿਸ ਦੀ ਟੈਂਸ਼ਨ ਨੂੰ ਦਫਤਰ ਵਿਚ ਛੱਡ ਕੇ ਆਉਣ ਦੀ ਕੋਸ਼ਿਸ਼ ਕਰੋ।

*ਆਪਣੇ ਸਰੀਰ ਨੂੰ ਸਰਗਰਮ ਰੱਖੋ ਅਤੇ ਇਸ ਲਈ ਅੱਧਾ ਘੰਟਾ ਐਕਸਰਸਾਈਜ਼ ਜ਼ਰੂਰ ਕਰੋ।

ਹਰ ਰੋਜ਼ ਅੱਧਾ ਘੰਟਾ ਨਹੀਂ ਦੇ ਸਕਦੇ ਤਾਂ 10-15 ਮਿੰਟ ਸੈਰ ਜ਼ਰੂਰ ਕਰੋ। ਇਸ ਨਾਲ ਤੁਹਾਡੀ ਕਾਰਜ਼ ਸਮਰੱਥਾ ਵਧੇਗੀ। ਹੌਲੀ-ਹੌਲੀ ਤੁਸੀਂ ਇਸ ਲਈ ਖੁਦ ਹੀ ਜ਼ਿਆਦਾ ਸਮਾਂ ਕੱਢ ਲਓਗੇ ਕਿਉਂਕਿ ਇਹ ਤੁਹਾਡੇ ਵਜ਼ਨ ਕੰਟਰੋਲ ਤੇ ਫਿਟਨੈੱਸ ਲਈ ਇਹ ਸਭ ਤੋਂ ਆਸਾਨ ਤਰੀਕਾ ਹੈ।



* ਸਵੇਰ ਦਾ ਨਾਸ਼ਤਾ ਜ਼ਰੂਰ ਕਰੋ ਕਿਉਂਕਿ ਇਹ ਤੁਹਾਨੂੰ ਪੂਰੇ ਦਿਨ ਦੀ ਐਨਰਜੀ ਦਿੰਦਾ ਹੈ। ਕਈ ਖੋਜਾਂ ਤੋਂ ਇਹ ਪ੍ਰਮਾਣਤ ਹੋਇਆ ਹੈ ਕਿ ਜੋ ਵਿਅਕਤੀ ਸਵੇਰ ਦਾ ਨਾਸ਼ਤਾ ਨਹੀਂ ਲੈਂਦੇ, ਉਹ ਸਾਰਾ ਦਿਨ ਥੱਕੇ-ਥੱਕੇ ਐਨਰਜੀ ਰਹਿਤ ਮਹਸੂਸ ਕਰਦੇ ਹਨ ਇਸ ਲਈ ਆਪਣੇ ਦਿਨ ਦੀ ਸ਼ੁਰੂਆਤ ਘੱਟ ਚਿਕਨਾਈ ਤੇ ਜ਼ਿਆਦਾ ਰੇਸ਼ੇਦਾਰ ਨਾਸ਼ਤੇ ਨਾਲ ਕਰੋ ਜਿਸ ਵਿਚ ਕਾਰਬੋਹਾਈਡ੍ਰੇਟ ਜਿਵੇਂ ਫਲ, ਸਾਬਤ ਅਨਾਜ ਮੁੱਖ ਹੋਣ। ਬਹੁਤ ਘੱਟ ਕੈਲੋਰੀ ਭਰਪੂਰ ਡਾਈਟ ਵੀ ਤੁਹਾਨੂੰ ਥਕਾ ਸਕਦੀ ਹੈ।

* ਅਲਕੋਹਲ ਦਾ ਸੇਵਨ ਤੁਹਾਡੇ ਨਰਵਸ ਸਿਸਟਮ ਨੂੰ ਪ੍ਰਭਾਵਤ ਕਰਦਾ ਹੈ ਤੁਹਾਡੀ ਨੀਂਦ ਵਿਚ ਵੀ ਰੁਕਾਵਟ ਪਾਉਂਦਾ ਹੈ। ਇਸ ਦੇ ਸੇਵਨ ਦੇ ਬਾਅਦ ਤੁਸੀਂ ਕਈ ਘੰਟਿਆਂ ਤੱਕ ਆਪਣੇ ਆਪ ਨੂੰ ਥੱਕਿਆ ਹੋਇਆ ਮਹਿਸੂਸ ਕਰਦੇ ਹੋ ਇਸ ਲਈ ਅਲਕੋਹਲ ਦਾ ਸੇਵਨ ਨਾ ਕਰੋ। ਸਹੀ ਸਮੇਂ 'ਤੇ ਸੌਂਵੋ। ਰਾਤ ਨੂੰ ਬਹੁਤ ਭਾਰਾ ਭੋਜਨ ਨਾ ਕਰੋ। ਜੇ ਰਾਤ ਨੂੰ ਨੀਂਦ ਨਹੀਂ ਆ ਰਹੀ ਤਾਂ ਬਿਸਤਰੇ 'ਤੇ ਕਰਵਟ ਬਦਲਣ ਦੀ ਜਗ੍ਹਾਂ ਕੋਈ ਕਿਤਾਬ ਆਦਿ ਪੜ੍ਹੋ। 8 ਘੰਟੇ ਦੀ ਨੀਂਦ ਜ਼ਰੂਰ ਲਓ। ਨੀਂਦ ਪੂਰੀ ਨਾ ਹੋਣ ਕਾਰਨ ਵੀ ਵਿਅਕਤੀ ਆਲਸ ਤੇ ਥਕਾਵਟ ਮਹਿਸੂਸ ਕਰਦਾ ਹੈ। -ਸੋਨੀ ਮਲਹੋਤਰਾ

# ਵਕੀਲਾਂ ਵੱਲੋਂ ਅਦਾਲਤ ’ਚ ਧਰਨਾ

**ਫਤਹਿਗੜ੍ਹ ਸਾਹਿਬ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਬਾਰ ਐਸੋਸੀਏਸ਼ਨ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਅਮਰਦੀਪ ਸਿੰਘ ਧਾਰਨੀ ਦੀ ਅਗਵਾਈ ’ਚ ਪੰਜਾਬ ਦੇ ਇਕ ਕੈਬਨਿਟ ਮੰਤਰੀ ਵੱਲੋਂ ਵਕੀਲਾਂ ਬਾਰੇ ਬੋਲੇ ਅਪਸ਼ਬਦਾਂ ਦੇ ਮਾਮਲੇ ਨੂੰ ਲੈ ਕੇ ਵਕੀਲਾਂ ਨੇ ਜ਼ਿਲਾ ਅਦਾਲਤਾਂ ਅੱਗੇ ਬੈਠ ਕੇ ਧਰਨਾ ਦਿਤਾ ਅਤੇ ਕੰਮ ਠੱਪ ਰੱਖਿਆ। ਇਸ ਮੌਕੇ ਐਡ.ਧਾਰਨੀ ਨੇ ਕਿਹਾ ਕਿ ਪੰਜਾਬ ਦੇ ਕੈਬਨਿਟ ਮੰਤਰੀ ਵੱਲੋਂ ਜੋ ਵਕੀਲਾਂ ਖ਼ਿਲਾਫ਼ ਅਪਸ਼ਬਦ ਬੋਲੇ ਗਏ ਹਨ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਮੰਤਰੀ ਪਹਿਲਾਂ ਵੀ ਹੋਰ ਜਾਤੀਆਂ ਖ਼ਿਲਾਫ਼ ਅਪਸ਼ਬਦ ਬੋਲ ਚੁਕਿਆ ਹੈ। ਉਨ੍ਹਾਂ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਮੁੱਖ ਮੰਤਰੀ ਤੋਂ ਇਸ ਮੰਤਰੀ ਨੂੰ ਤੁਰੰਤ ਮੁਅੱਤਲ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਕਿਸੇ ਦੇ ਪੇਸ਼ੇ, ਧਰਮ ਅਤੇ ਜਾਤੀ ਖ਼ਿਲਾਫ਼ ਬੋਲਣ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਵਕੀਲਾਂ ਖ਼ਿਲਾਫ਼ ਧੱਕੇਸ਼ਾਹੀਆਂ ਅਤੇ ਵਕੀਲਾਂ ਖ਼ਿਲਾਫ਼ ਅਪਸ਼ਬਦ ਬੋਲਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਵਕੀਲ ਭਾਈਚਾਰਾ ਪੂਰੀ ਤਰ੍ਹਾਂ ਇਕਜੁੱਟ ਹੈ ਅਤੇ ਸਰਕਾਰ ਦੀਆਂ ਧੱਕੇਸ਼ਾਹੀਆਂ ਬਰਦਾਸ਼ਤ ਨਹੀਂ ਕਰੇਗਾ। ਇਸ ਮੌਕੇ ਸਕੱਤਰ ਵਿਵੇਕ ਸ਼ਰਮਾ, ਸਾਬਕਾ ਪ੍ਰਧਾਨ ਗਗਨਦੀਪ ਸਿੰਘ ਵਿਰਕ, ਪੀਸੀ ਜੋਸ਼ੀ, ਨਰਿੰਦਰ ਸਿੰਘ ਟਿਵਾਣਾ, ਭੁਪਿੰਦਰ ਸੋਢੀ, ਰੁਪਿੰਦਰ ਸਿੰਘ, ਕਿਰਨਦੀਪ ਸਿੰਘ, ਸੰਦੀਪ ਕੌਰ, ਅਮਨਦੀਪ ਸਿੰਘ ਬਾਵਾ, ਅਨਿਲ ਗੁਪਤਾ, ਸੰਜੀਵ ਚੋਪੜਾ, ਆਰ.ਐਨ. ਗੋਇਲ, ਕੇ.ਐਸ.ਮੋਹੀ, ਭਰਪੂਰ ਸਿੰਘ, ਹਰਬੰਸ ਸਿੰਘ ਮਹਿਤਾ, ਭਵਾਨਪ੍ਰੀਤ ਸਿੰਘ, ਸੌਰਵ ਬਾਂਸਲ, ਲਲਿਤ ਸਿੰਗਲਾ, ਹਰਵਿੰਦਰ ਸਿੰਘ ਸੋਢੀ, ਮਨਰਾਜ ਸਿੰਘ ਕੰਗ, ਸੁਰਿੰਦਰ ਮੋਹਨ, ਕਰਮਜੀਤ ਜਨੂਹਾ ਅਤੇ ਗਗਨ ਧੀਮਾਨ ਹਾਜ਼ਰ ਸਨ।

# ਭੇਤ-ਭਰੀ ਹਾਲਤ ’ਚ ਵਿਅਕਤੀ ਅਗਵਾ

**ਅਮਲੋਹ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਅਮਲੋਹ ਦੇ ਪਿੰਡ ਮਾਜਰੀ ਕਿਸ਼ਨੇ ਵਾਲੀ ਦੇ ਗੁਰਦਰਸ਼ਨ ਸਿੰਘ ਨੂੰ ਭੇਤ-ਭਰੀ ਹਾਲਤ ਵਿੱਚ ਅਗਵਾ ਕੀਤਾ ਗਿਆ।

ਪਿੰਡ ਵਾਸੀਆਂ ਅਤੇ ਪੁਲੀਸ ਦੇ ਦਬਾਅ ਸਦਕਾ ਬਾਅਦ ਵਿੱਚ ਮੁਲਜ਼ਮਾਂ ਕੋਲੋਂ ਛੁਡਾ ਕੇ ਸਿਵਲ ਹਸਪਤਾਲ ਅਮਲੋਹ ਦਾਖਲ ਕਰਵਾਇਆ ਗਿਆ, ਜਿੱਥੋਂ ਉਸ ਨੂੰ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਰੈਫ਼ਰ ਕਰ ਦਿੱਤਾ ਗਿਆ। ਸਰਬਜੀਤ ਕੌਰ ਪਤਨੀ ਗੁਰਦਰਸ਼ਨ ਸਿੰਘ ਨੇ ਉੱਚ ਪੁਲੀਸ ਅਧਿਕਾਰੀਆਂ ਨੂੰ ਪੱਤਰ ਭੇਜ ਕੇ ਗੁਹਾਰ ਲਗਾਈ ਹੈ ਕਿ ਉਸ ਦੇ ਪਤੀ ਨੂੰ ਅਗਵਾ ਕਰਕੇ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਉਸ ਨੇ ਚਿਤਾਵਨੀ ਦਿਤੀ ਕਿ ਜੇਕਰ ਇਨਸਾਫ਼ ਨਾ ਮਿਲਿਆ ਤਾਂ ਉਹ ਉਚ ਅਧਿਕਾਰੀਆਂ ਨੂੰ ਨਿੱਜੀ ਤੌਰ ’ਤੇ ਮਿਲ ਕੇ ਕਾਰਵਾਈ ਦੀ ਮੰਗ ਕਰੇਗੀ।

# ਹਾਮਝੇੜੀ ’ਚ ਬਜ਼ੁਰਗ ਦਾ ਕਤਲ

**ਪਾਤੜਾਂ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿੰਡ ਹਾਮਝੇੜੀ ਦੇ ਮੇਘਾ ਸਿੰਘ (60) ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਵਾਰਦਾਤ ਪਿੱਛੇ ਕਾਰਨ ਨਿੱਜੀ ਰੰਜਿਸ਼ ਦੱਸੀ ਜਾ ਰਹੀ ਹੈ। ਘਟਨਾ ਦੇ ਰੋਸ ਵਜੋਂ ਪਿੰਡ ਵਾਸੀਆਂ ਤੇ ਪਰਿਵਾਰ ਨੇ ਮਾਮਲੇ ’ਚ ਪੁਲੀਸ ’ਤੇ ਕਾਰਵਾਈ ਨਾ ਕਰਨ ਦੇ ਦੋਸ਼ ਲਾਉਂਦਿਆਂ ਪਾਤੜਾਂ ਜਾਖਲ ਮੁੱਖ ਸੜਕ ’ਤੇ ਹਸਪਤਾਲ ਮੂਹਰੇ ਜਾਮ ਲਾ ਦਿੱਤਾ। ਘਟਨਾ ਸਬੰਧੀ ਮੇਘਾ ਸਿੰਘ ਦੀ ਵਿਧਵਾ ਸੁਨੀਤਾ ਰਾਣੀ, ਭਰਾ ਭੀਮਾ ਗਿਰ, ਜਸਪਾਲ ਗਿਰ, ਮੁਖਤਿਆਰ ਤੇ ਗੁਰਜੰਟ ਗਿਰ ਨੇ ਦੱਸਿਆ ਕਿ ਪਿੰਡ ’ਚ ਸ਼ਾਮਲਾਤ ਦੀ ਥੋੜ੍ਹੀ ਜਿਹੀ ਜ਼ਮੀਨ ਨੂੰ ਲੈ ਕੇ ਦੋਵਾਂ ਧਿਰਾਂ ਦਰਮਿਆਨ ਕਾਫੀ ਸਮੇਂ ਤੋਂ ਵਿਵਾਦ ਸੀ। ਇਸ ਕਾਰਨ ਵਿਰੋਧੀ ਧਿਰ ਨਾਲ ਸਬੰਧਤ ਦਵਿੰਦਰ ਸਿੰਘ ਨੇ ਮੇਘਾ ਸਿੰਘ ਤੇ ਉਸ ਦੀ ਪਤਨੀ ਸੁਨੀਤਾ ਰਾਣੀ ਦੀ ਪਹਿਲਾਂ ਵੀ ਕੁੱਟਮਾਰ ਕੀਤੀ ਸੀ। ਇਸ ਸਬੰਧੀ ਪੁਲੀਸ ਕੋਲ ਪਹੁੰਚ ਕੀਤੀ ਗਈ ਪਰ ਕੋਈ ਕਾਰਵਾਈ ਨਹੀਂ ਹੋਈ। ਪਰਿਵਾਰਕ ਮੈਂਬਰਾਂ ਮੁਤਾਬਕ ਅੱਜ ਸਵੇਰੇ 11 ਕੁ ਵਜੇ ਕਿਸੇ ਨੇ ਮੇਘਾ ਸਿੰਘ ਨੂੰ ਫੋਨ ਕਰ ਕੇ ਬੁਲਾਇਆ ਤੇ ਪਿੰਡ ਬਾਦਲਗੜ੍ਹ ਦੇ ਨਜ਼ਦੀਕ ਪਿੰਡ ਕੱਲਰਭੈਣੀ ਸੜਕ ਕੋਲ ਤੇਜ਼ਧਾਰ ਹਥਿਆਰਾਂ ਨਾਲ ਉਸ ਨੂੰ ਜ਼ਖ਼ਮੀ ਕਰ ਦਿੱਤਾ। ਪਤਾ ਲੱਗਣ ’ਤੇ ਉਸ ਨੂੰ ਮਿਨੀ ਪ੍ਰਾਇਮਰੀ ਹੈਲਥ ਸੈਂਟਰ ਪਾਤੜਾਂ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ।

ਪਰਿਵਾਰ ਨੇ ਮੁਲਜ਼ਮਾਂ ਖਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਪੁਲੀਸ ਦੀ ਕਥਿਤ ਢਿੱਲਮੱਠ ਕਾਰਨ ਮੇਘਾ ਸਿੰਘ ਨੂੰ ਜਾਨ ਗੁਆਉਣੀ ਪਈ ਹੈ। ਜਾਮ ਲਾ ਕੇ ਬੈਠੇ ਪਿੰਡ ਵਾਸੀਆਂ ਨੇ ਕਿਹਾ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੱਕ ਮ੍ਰਿਤਕ ਦਾ ਪੋਸਟ ਮਾਰਟਮ ਨਹੀਂ ਕਰਵਾਇਆ ਜਾਵੇਗਾ। ਸਿਟੀ ਪੁਲੀਸ ਚੌਕੀ ਇੰਚਾਰਜ ਕਰਨੈਲ ਸਿੰਘ ਨੇ ਕਿਹਾ ਕਿ ਪੀੜਤ ਪਰਿਵਾਰ ਦੇ ਬਿਆਨਾਂ ’ਤੇ ਕੇਸ ਦਰਜ ਕਰ ਲਿਆ ਹੈ।

# ਲੋਹੀਆਂ-ਫਿਲੌਰ ਰੂਟ ’ਤੇ ਰੇਲ ਆਵਾਜਾਈ ਪ੍ਰਭਾਵਿਤ

**ਜਲੰਧਰ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਕੋਦਰ ਤੋਂ ਲੋਹੀਆਂ ਖਾਸ ਸਪੈਸ਼ਲ ਟਰੇਨ, ਫਿਲੌਰ ਤੋਂ ਲੋਹੀਆਂ ਖਾਸ ਅਤੇ ਲੁਧਿਆਣਾ ਤੋਂ ਲੋਹੀਆਂ ਖਾਸ ਵਿਚਕਾਰ ਚੱਲਣ ਵਾਲੀਆਂ ਰੇਲਾਂ 10 ਜੂਨ ਤੱਕ ਪ੍ਰਭਾਵਿਤ ਰਹਿਣਗੀਆਂ। ਇਹ ਫ਼ੈਸਲਾ ਇਸ ਲਈ ਲਿਆ ਗਿਆ ਹੈ ਕਿਉਂਕਿ ਲੋਹੀਆਂ ਖਾਸ ਫਿਲੌਰ ਮਾਰਗ ’ਤੇ ਨਕੋਦਰ ਯਾਰਡ ਵਿੱਚ ਸੈਕਸ਼ਨ ਦੇ ਰੱਖ-ਰਖਾਅ ਦਾ ਕੰਮ ਚੱਲ ਰਿਹਾ ਹੈ। ਇਨ੍ਹਾਂ ਟਰੇਨਾਂ ’ਚ ਰੋਜ਼ਾਨਾ ਹਜ਼ਾਰਾਂ ਯਾਤਰੀ ਸਫ਼ਰ ਕਰਦੇ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਜਦੋਂ ਵੀ ਮੁੱਖ ਮਾਰਗ ’ਤੇ ਕੋਈ ਸਮੱਸਿਆ ਆਉਂਦੀ ਸੀ ਤਾਂ ਇਸ ਰਸਤੇ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਹੁਣ ਇਹ ਬਦਲਵਾਂ ਰਸਤਾ ਵੀ ਲਾਗੂ ਰਹੇਗਾ।

ਦੱਸ ਦੇਈਏ ਕਿ ਜਦੋਂ ਕਿਸਾਨਾਂ ਨੇ ਜਲੰਧਰ ਅੰਮ੍ਰਿਤਸਰ ਹਾਈਵੇਅ ’ਤੇ ਲੱਡਿਆਂਵਾਲੀ ਰੇਲਵੇ ਕਰਾਸਿੰਗ ’ਤੇ ਧਰਨਾ ਦਿੱਤਾ ਤਾਂ ਉਕਤ ਰੂਟ ’ਤੇ ਰੇਲ ਗੱਡੀਆਂ ਦੀ ਆਵਾਜਾਈ ਚੱਲ ਰਹੀ ਸੀ। ਦੱਸ ਦੇਈਏ ਕਿ ਉਕਤ ਰੂਟ ’ਤੇ ਚੱਲ ਰਿਹਾ ਉਸਾਰੀ ਕਾਰਜ ਅੰਤਿਮ ਪੜਾਅ ’ਤੇ ਪਹੁੰਚ ਗਿਆ ਹੈ। ਹੁਣ ਸਿਰਫ਼ ਅੰਤਿਮ ਛੋਹ ਮਿਲਣਾ ਬਾਕੀ ਹੈ, ਇਹ ਕੰਮ ਮੁਕੰਮਲ ਹੋਣ ਤੋਂ ਬਾਅਦ ਜਲਦੀ ਹੀ ਲੋਹੀਆਂ ਮਾਰਗ ਖੋਲ੍ਹ ਦਿੱਤਾ ਜਾਵੇਗਾ।

ਜਾਣਕਾਰੀ ਅਨੁਸਾਰ ਲੋਹੀਆਂ ਖਾਸ ਤੋਂ ਫਿਲੌਰ, ਜਲੰਧਰ ਤੋਂ ਨਕੋਦਰ ਸਪੈਸ਼ਲ ਟਰੇਨ (06971-06972) ਨੂੰ ਚੱਲਣ ਵਾਲੀ ਟਰੇਨ ਨੰਬਰ 06983 ਅਤੇ 06984 10 ਜੂਨ ਤੱਕ ਪੂਰੀ ਤਰ੍ਹਾਂ ਰੱਦ ਰਹੇਗੀ। ਇਸ ਦੇ ਨਾਲ ਹੀ ਬਾਕੀ ਟਰੇਨਾਂ ਆਪਣੇ ਨਿਰਧਾਰਤ ਸਮੇਂ ਤੋਂ ਦੇਰੀ ਨਾਲ ਚੱਲਣਗੀਆਂ।

# ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

**ਅੰਮ੍ਰਿਤਸਰ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਇੱਕ ਨੌਜਵਾਨ ਦੀ ਕਥਿਤ ਤੌਰ ’ਤੇ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ ਹੈ। ਉਸ ਦੀ ਸ਼ਨਾਖ਼ਤ ਖ਼ੁਸ਼ਪ੍ਰੀਤ ਸਿੰਘ ਵਾਸੀ ਮੁਕਤਸਰ ਵਜੋਂ ਹੋਈ ਹੈ। ਪੁਲੀਸ ਨੇ ਦੱਸਿਆ ਕਿ ਪਰਿਵਾਰ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ ’ਤੇ ਪੁਲੀਸ ਨੇ ਖ਼ੁਸ਼ਪ੍ਰੀਤ ਦੇ ਦੋ ਦੋਸਤਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਕੇਸ ਵਿੱਚ ਰਮਨ ਸਿੰਘ ਸਣੇ ਇੱਕ ਅਣਪਛਾਤੇ ਨੂੰ ਨਾਮਜ਼ਦ ਕੀਤਾ ਗਿਆ ਹੈ। ਮ੍ਰਿਤਕ ਆਪਣੇ ਇਨ੍ਹਾਂ ਦੋ ਦੋਸਤਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਇਆ ਸੀ। ਉਸ ਦੇ ਪਿਤਾ ਗੁਰਭੇਜ ਸਿੰਘ ਨੇ ਦੱਸਿਆ ਕਿ ਖ਼ੁਸ਼ਪ੍ਰੀਤ ਰੁਜ਼ਗਾਰ ਦੀ ਭਾਲ ਕਰ ਰਿਹਾ ਸੀ। ਉਹ 29 ਮਈ ਤੱਕ ਸੰਪਰਕ ਵਿੱਚ ਸੀ। ਬੁੱਧਵਾਰ ਨੂੰ ਰਮਨ ਨੇ ਦੱਸਿਆ ਕਿ ਖ਼ੁਸ਼ਪ੍ਰੀਤ ਨਾਲ ਹਾਦਸਾ ਵਾਪਰ ਗਿਆ ਹੈ ਜਿਸ ਵਿੱਚ ਉਸ ਦੀ ਮੌਤ ਹੋ ਗਈ। ਡਾਕਟਰਾਂ ਨੇ ਪਰਿਵਾਰ ਨੂੰ ਮੌਤ ਦਾ ਕਾਰਨ ਨਸ਼ੇ ਦੀ ਓਵਰਡੋਜ਼ ਦੱਸਿਆ ਹੈ। ਏਐੱਸਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਮਹਿਕ ਮੈਨੀ ਤੁਲੀ ਦਾ ਕਾਵਿ ਸੰਗ੍ਰਹਿ ‘ਸਟਾਰਡਸਟ’ ਲੋਕ ਅਰਪਣ



**ਜਲੰਧਰ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਟਰਨੈਸ਼ਨਲ ਕੰਪਨੀ ਨੀਵੀਆ ਦੀ ਸੀਨੀਅਰ ਪ੍ਰੋਡਕਟ ਮੈਨੇਜਰ ਮਹਿਕ ਮੈਨੀ ਤੁਲੀ ਨੇ ਜਲੰਧਰ ਪ੍ਰੈੱਸ ਕਲੱਬ ਵਿੱਚ ਆਪਣਾ ਪਹਿਲਾ ਕਾਵਿ ਸੰਗ੍ਰਹਿ ‘ਸਟਾਰਡਸਟ’ ਰਿਲੀਜ਼ ਕੀਤਾ। ਇਸ ਪੁਸਤਕ ਵਿੱਚ ਤਾਰਿਆਂ, ਗਲੈਕਸੀਆਂ ਅਤੇ ਬ੍ਰਹਿਮੰਡ ਦੇ ਸੰਦਰਭ ਵਿੱਚ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੀਆਂ ਕੁੱਲ 22 ਛੋਟੀਆਂ ਕਵਿਤਾਵਾਂ ਹਨ।

ਕਵਿੱਤਰੀ ਨੇ ਇਨ੍ਹਾਂ ਕਵਿਤਾਵਾਂ ਵਿੱਚ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ- ਇੱਕ ਕੁੜੀ ਦਾ ਆਪਣੇ ਪਰਿਵਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਨਾਲ ਪਹਿਲੀ ਮੁਲਾਕਾਤ, ਮਾਹਵਾਰੀ ਦਾ ਪਹਿਲਾ ਅਹਿਸਾਸ, ਦਿਲ ਟੁੱਟਣਾ ਅਤੇ ਛੋਟੀਆਂ-ਛੋਟੀਆਂ ਗੱਲਾਂ ਤੋਂ ਉੱਪਰ ਉੱਠਣ ਦੇ ਇਰਾਦੇ ਨੂੰ ਦਰਸਾਇਆ ਹੈ। ਉਸ ਨੇ ਕਿਹਾ ਕਿ ਉਸ ਦੇ ਪਤੀ ਇੰਜਨੀਅਰ ਗੌਰਵ ਤੁਲੀ ਹਰ ਸਮੇਂ ਵਿੱਚ ਉਸ ਦੇ ਨਾਲ ਖੜ੍ਹੇ ਰਹੇ ਹਨ, ਜਿਸ ਸਦਕਾ ਉਹ ਇਹ ਰਚਨਾ ਕਰ ਸਕੀ ਹੈ।

ਇਸ ਮੌਕੇ ਮੁੱਖ ਮਹਿਮਾਨ ਡਾ. ਰਾਜੇਸ਼ ਕੁਮਾਰ, ਵਿਸ਼ੇਸ਼ ਮਹਿਮਾਨ ਸੁਰਿੰਦਰ ਸੈਣੀ, ਤੇਜਿੰਦਰ ਕੌਰ ਥਿੰਦ, ਪ੍ਰੋ. ਵਿਪਨ ਝਾਂਜੀ, ਪ੍ਰੋ. ਵੀਕੇ ਸਰੀਨ ਨੇ ਪ੍ਰੋਗਰਾਮ ’ਚ ਸ਼ਿਰਕਤ ਕੀਤੀ।

# ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨੂੰ ਡੀਸੀ ਨੇ ਸਰਟੀਫਿਕੇਟ ਤੇ ਫਿਲਮ ਦੀ ਟਿਕਟ ਦਿੱਤੀ



**ਜਲੰਧਰ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਲੋਕ ਸਭਾ ਹਲਕੇ ਲਈ ਵੋਟਿੰਗ ਜਾਰੀ ਹੈ। ਇਥੇ ਲੋਕ ਕਤਾਰਾਂ ’ਚ ਲੱਗ ਕੇ ਆਪਣੀ ਵੋਟ ਪਾਉਣ ਦੀ ਵਾਰੀ ਦੀ ਉਡੀਕ ਕਰ ਰਹੇ ਹਨ। ਲੱਧੇਵਾਲੀ ਸਰਕਾਰੀ ਸਕੂਲ ਦੇ ਬੂਥ ਤੇ ਕਰੋਲ ਬਾਗ ਡਿਪਸ ਸਕੂਲ ਦੇ ਬੂਥ ਵਿਖੇ ਲੋਕ ਸਭਾ ਚੋਣ ਦੌਰਾਨ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਸਰਟੀਫਿਕੇਟ ਤੇ ਫ਼ਿਲਮ ਦੀ ਟਿਕਟ ਡਿਪਟੀ ਕਮਿਸ਼ਨਰ ਡਾ ਹਿਮਾਂਸ਼ੂ ਅਗਰਵਾਲ ਨੇ ਦਿੱਤੀ।

# ਗਰਮੀ ਦੇ ਕਹਿਰ ਕਾਰਨ ਮਾਲਵੇ ਵਿੱਚ ਫਿਜ਼ਾ ਨੂੰ ਝੁਲਸਾਉਣ ਲੱਗੀ ਲੂ



**ਬਠਿੰਡਾ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕਾਫੀ ਦਿਨਾਂ ਤੋਂ ਅੱਗ ਵਾਂਗ ਵਰ੍ਹਦੀ ਲੂ ਅੱਜ ਵੀ ਪੂਰਾ ਦਿਨ ਫ਼ਿਜ਼ਾ ਨੂੰ ਝੁਲਸਾਉਂਦੀ ਰਹੀ। ਬਠਿੰਡਾ ’ਚ ਅੱਜ ਦਿਨ ਦਾ ਤਾਪਮਾਨ 46 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਗਿਆਨੀਆਂ ਮੁਤਾਬਿਕ ਪਾਰੇ ’ਚ ਕਰੀਬ 2 ਡਿਗਰੀ ਸੈਂਟੀਗ੍ਰੇਡ ਦੀ ਗਿਰਾਵਟ ਆਵੇਗੀ ਜਿਸ ਨਾਲ ਮਾਮੂਲੀ ਰਾਹਤ ਮਿਲਣ ਦੇ ਆਸਾਰ ਹਨ। ਮਾਹਿਰਾਂ ਮੁਤਾਬਕ 30 ਜਾਂ 31 ਮਈ ਨੂੰ ਇਕ ਕਮਜ਼ੋਰ ਪੱਛਮੀ ਗੜਬੜੀ ਆਉਣ ਦੀ ਉਮੀਦ ਹੈ। ਇਸ ਨਾਲ ਗਰਜ ਨਾਲ ਕਿਤੇ-ਕਿਤੇ ਛਿੱਟੇ ਪੈ ਸਕਦੇ ਹਨ। ਇਸ ਤੋਂ ਇਲਾਵਾ ਬਹੁਤੇ ਥਾਈਂ ਹਨ੍ਹੇਰੀ ਆਉਣ ਦੀ ਸੰਭਾਵਨਾ ਹੈ, ਜਿਸ ਨਾਲ ਗਰਮੀ ਤੋਂ ਅਸਥਾਈ ਰਾਹਤ ਮਿਲੇਗੀ। 5-6 ਜੂਨ ਨੂੰ ਇਕ ਹੋਰ ਪੱਛਮੀ ਗੜਬੜੀ ਪੰਜਾਬ ਵਿੱਚ ਕਾਰਵਾਈ ਕਰ ਸਕਦੀ ਹੈ। ਇਸ ਬਾਰੇ ਪੁਖ਼ਤਾ ਅੰਦਾਜ਼ਾ 1-2 ਜੂਨ ਨੂੰ ਲੱਗ ਸਕੇਗਾ। ਸਿਹਤ ਮਾਹਿਰਾਂ ਨੇ ਚਿਤਾਵਨੀ ਦਿੱਤੀ ਕਿ ਜਿੰਨਾ ਸੰਭਵ ਹੋ ਸਕੇ ਲੂ ਦੇ ਸੰਪਰਕ ਵਿੱਚ ਆਉਣ ਤੋਂ ਪ੍ਰਹੇਜ਼ ਕੀਤਾ ਜਾਵੇ। ਦਿਨ ਵੇਲੇ ਬਿਨਾਂ ਜ਼ਰੂਰੀ ਕੰਮ ਤੋਂ ਸੂਰਜ ਦੇ ਸਿੱਧੇ ਸੰਪਰਕ ਵਿੱਚ ਆਉਣ ਤੋਂ ਬਚਿਆ ਜਾਵੇ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਫ਼ਸਲਾਂ ਨੂੰ ਗਰਮੀ ਤੋਂ ਬਚਾਉਣ ਦੇ ਲਈ ਕਿਸਾਨ ਲੋੜੀਂਦਾ ਪਾਣੀ ਦਿੰਦੇ ਰਹਿਣ।ਗਰਮੀ ਦਾ ਪ੍ਰਕੋਪ ਲਗਾਤਾਰ ਵੱਧ ਰਿਹਾ ਹੈ। ਔਸਤਨ ਤਾਪਮਾਨ 45-46 ਡਿਗਰੀ ਸੈਲਸੀਅਸ ਤੱਕ ਪੁੱਜ ਚੁੱਕਾ ਹੈ। ਵੱਧ ਦੇ ਹੋਏ ਤਾਪਮਾਨ ਦਾ ਪਸ਼ੂਆਂ ਦੀ ਸਿਹਤ ਉੱਪਰ ਬੁਰਾ ਪ੍ਰਭਾਵ ਪੈਂਦਾ ਹੈ।

ਇਸ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਦੇ ਮਾਹਿਰ ਵਿਗਿਆਨੀ ਡਾ. ਅਜੀਤਪਾਲ ਸਿੰਘ ਧਾਲੀਵਾਲ ਨੇ ਪਸ਼ੂ ਪਾਲਕਾਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਪਸ਼ੂਆਂ ਲਈ ਲਗਾਤਾਰ ਠੰਢੇ ਪਾਣੀ ਦਾ ਇੰਤਜ਼ਾਮ ਕਰਨ, ਪਸ਼ੂਆਂ ਨੂੰ ਛਾਂ ਥੱਲੇ ਰੱਖਣ, ਤਾਜ਼ੇ ਪਾਣੀ ਤੇ ਖੁਰਾਕੀ ਮਾਤਰਾ ਵਿੱਚ ਪ੍ਰੋਟੀਨ ਅਤੇ ਊਰਜਾ ਦੀ ਬਹੁਤਾਤ ਰੱਖਣ, ਹਰਾ ਚਾਰਾ ਖੁੱਲ੍ਹੀ ਮਾਤਰਾ ਵਿੱਚ ਧਾਰਾਂ ਕੱਢਣ ਤੋਂ ਬਾਅਦ ਪਾਉਣ। ਧਾਰਾਂ ਠੰਢੇ ਪਹਿਰ ਕੱਢ ਲਈਆਂ ਜਾਣ। ਉਨ੍ਹਾਂ ਕਿਹਾ ਕਿ ਪਸ਼ੂਆਂ ਨੂੰ ਗਰਮੀ ਤੋਂ ਬਚਾਉਣ ਲਈ ਵਾਰ-ਵਾਰ ਨੁਹਾਉਣਾ ਚਾਹੀਦਾ ਹੈ ਜਾਂ ਸ਼ੈੱਡ ਅੰਦਰ ਫ਼ੁਆਰੇ ਆਦਿ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਗਰਮੀ ਦਾ ਪ੍ਰਕੋਪ ਘਟਾਉਣ ਲਈ ਵਿਟਾਮਿਨ ਏ, ਡੀ, ਸੀ ਅਤੇ ਬੀ ਕੰਪਲੈਕਸ ਦੀ ਮਾਤਰਾ ਵੱਧ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਮੁਰਗੀਆਂ ਲਈ ਤਾਜ਼ਾ ਪਾਣੀ 24 ਘੰਟੇ ਉਪਲੱਬਧ ਰਹਿਣਾ ਚਾਹੀਦਾ ਹੈ। ਮੁਰਗੀਆਂ ਨੂੰ ਖੁਰਾਕ ਸਵੇਰੇ ਜਲਦੀ ਅਤੇ ਰਾਤ ਦੇ ਸਮੇਂ ਜਦੋਂ ਮੌਸਮ ਠੰਡਾ ਹੋ ਜਾਵੇ ਤਦ ਪਾਉਣੀ ਚਾਹੀਦੀ ਹੈ।

# ਅਧਿਆਪਕਾਂ ਨੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ



**ਬਠਿੰਡਾ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਰਾਣੀ ਪੈਨਸ਼ਨ ਬਹਾਲੀ ਸਾਂਝੇ ਮੋਰਚਾ ਵੱਲੋਂ ਅੱਜ ਦਵਿੰਦਰ ਡਿੱਖ, ਜਗਸੀਰ ਸਹੋਤਾ ਤੇ ਰਾਜਵੀਰ ਮਾਨ ਦੀ ਅਗਵਾਈ ਹੇਠ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ ਸਬੰਧੀ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਜਾਰੀ ਕੀਤੇ ਪ੍ਰਸ਼ਨਾਂ ਦੇ ਸਵਾਲਾਂ ਦਾ ਜਵਾਬ ਲਿਆ ਗਿਆ। ਉਨ੍ਹਾਂ ਤੋਂ ਇਸ ਮੰਗ ਨੂੰ ਆਪਣੇ ਚੋਣ ਮਨੋਰਥ ਪੱਤਰ ਵਿੱਚ ਦਰਜ ਨਾ ਕਰਨ ਅਤੇ ਕੇਂਦਰ ਵਿੱਚ ਸੱਤਾ ਵਿੱਚ ਆਉਣ ’ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਸਬੰਧੀ ਪੁੱਛਿਆ ਗਿਆ। ਇਸ ’ਤੇ ਸ੍ਰੀ ਸਿੱਧੂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਉਣ ’ਤੇ 1972 ਦੇ ਐਕਟ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ।

ਇਸ ਮੌਕੇ ਪੁਰਾਣੀ ਪੈਨਸ਼ਨ ਦੇ ਰਾਹ ’ਚ ਰੋੜੇ ਅੜਕਾਉਣ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਨਰਿੰਦਰ ਬੱਲ੍ਹੂਆਣਾ, ਦਰਸ਼ਨ ਸਿੰਘ ਮੌੜ, ਜਗਪਾਲ ਬੰਗੀ, ਜੋਨੀ ਸਿੰਗਲਾ, ਜਗਦੀਸ਼ ਜੱਗੀ, ਗੁਰਮੇਲ ਮਲਕਾਣਾ, ਗੁਰਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਸੁਖਮੰਦਰ ਭੁੰਬਾ, ਜਤਿੰਦਰ ਸ਼ਰਮਾ, ਵਿਨੋਦ ਕੁਮਾਰ, ਭੁਪਿੰਦਰ ਸਿੰਘ, ਹਿੰਮਤ ਸਿੰਘ, ਤਰਸੇਮ ਸਿੰਘ ਸਿੱਧੂ, ਤਰਲੋਚਨ ਪਾਲ ਆਦਿ ਹਾਜ਼ਰ ਸਨ।

# ਗਿੱਦੜਪਿੰਡੀ ਰੇਲਵੇ ਪੁਲ ਹੇਠੋਂ ਮਿੱਟੀ ਕੱਢਣ ਦਾ ਕੰਮ ਸ਼ੁਰੂ

**ਜਲੰਧਰ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿੱਦੜਪਿੰਡੀ ਰੇਲਵੇ ਪੁਲ ਹੇਠੋਂ ਜੰਮੀ ਗਾਰ ਕੱਢਣ ਦਾ ਕੰਮ ਪ੍ਰਸ਼ਾਸਨ ਵੱਲੋਂ ਸ਼ੁਰੂ ਕਰ ਦਿੱਤਾ ਗਿਆ ਹੈ। ਹੜ੍ਹ ਪ੍ਰਭਾਵਿਤ ਇਲਾਕੇ ਦੇ ਕਿਸਾਨ ਪਿਛਲੇ ਸਾਲ ਤੋਂ ਹੀ ਇਹ ਮੰਗ ਕਰਦੇ ਆ ਰਹੇ ਸਨ ਕਿ ਰੇਲਵੇ ਪੁਲ ਹੇਠੋਂ ਮਿੱਟੀ ਕੱਢੀ ਜਾਵੇ। ਪਿਛਲੇ ਸਾਲ ਜੁਲਾਈ ਵਿੱਚ ਹੜ੍ਹ ਆਉਣ ਤੋਂ ਬਾਅਦ ਇਲਾਕੇ ਦੇ ਪੀੜਤ ਲੋਕ ਇਸ ਮਾਮਲੇ ਨੂੰ ਵਾਰ ਵਾਰ ਉਠਾ ਰਹੇ ਸਨ।

ਇਸ ਮਾਮਲੇ ਨੂੰ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਦੀ ਹਰ ਪੱਧਰ ਤੇ ਗੰਭੀਰਤਾ ਨਾਲ ਉਠਾਉਂਦੇ ਆ ਰਹੇ ਹਨ ਉਨ੍ਹਾਂ ਨੇ ਡੀਸੀ ਜਲੰਧਰ, ਮੁੱਖ ਸਕੱਤਰ ਪੰਜਾਬ ਸਰਕਾਰ, ਜਲ ਸਰੋਤ ਵਿਭਾਗ ਦੇ ਮੰਤਰੀ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੱਕ ਇਸ ਮਾਮਲੇ ਨੂੰ ਉਠਾਉਂਦੇ ਆ ਰਹੇ ਸਨ। ਸ੍ਰੀ ਸੀਚੇਵਾਲ ਨੇ ਦੱਸਿਆ ਕਿ ਬੀਤੇ ਦਿਨੀਂ ਮੁੱਖ ਮੰਤਰੀ ਪੰਜਾਬ ਨਾਲ ਹੋਈ ਮੁਲਾਕਾਤ ਦੌਰਾਨ ਉਨ੍ਹਾਂ ਭਰੋਸਾ ਦਿੱਤਾ ਸੀ ਕਿ ਗਿੱਦੜਪਿੰਡੀ ਰੇਲਵੇ ਪੁਲ਼ ਹੇਠੋਂ ਮਿੱਟੀ ਕੱਢਣ ਦਾ ਕੰਮ ਜਲਦ ਹੀ ਸ਼ੁਰੂ ਕਰਵਾਇਆ ਜਾਵੇਗਾ।

ਹੜ੍ਹ ਰੋਕੂ ਕਮੇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਗਿੱਦੜਪਿੰਡੀ ਨੇ ਸਤਲੁਜ ਦਰਿਆ ਵਿੱਚੋਂ ਮਿੱਟੀ ਕੱਢੇ ਜਾਣ ਦਾ ਕੰਮ ਸ਼ੁਰੂ ਹੋਣ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਹਲਕਾ ਇੰਚਾਰਜ ਪਿੰਦਰ ਪੰਡੋਰੀ ਸਣੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਨਾਲ ਜੇ ਮੀਂਹ ਜ਼ਿਆਦਾ ਪੈਂਦੇ ਹਨ ਤਾਂ ਨੁਕਸਾਨ ਹੋਣ ਦਾ ਡਰ ਘਟ ਜਾਵੇਗਾ, ਇਸ ਨਾਲ ਆਮ ਲੋਕਾਂ ਤੇ ਕਿਸਾਨਾਂ ?ਨੂੰ ਫਾਇਦਾ ਹੋਵੇਗਾ।

# ਬਠਿੰਡਾ ’ਚ ਗਰਮੀ ਨੇ ਦਹਾਕਿਆਂ ਦਾ ਰਿਕਾਰਡ ਤੋੜਿਆ

**ਚੰਡੀਗੜ੍ਹ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿੱਚ ਜੇਠ ਮਹੀਨੇ ਦੇ ਅੱਧ ਵਿੱਚ ਗਰਮੀ ਨੇ ਆਪਣੇ ਅਸਲ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਪਿਛਲੇ 10-15 ਦਿਨਾਂ ਤੋਂ ਪੈ ਰਹੀ ਅਤਿ ਦੀ ਗਰਮੀ ਨੇ ਲੋਕਾਂ ਦਾ ਜਿਉਣਾ ਮੁਸ਼ਕਲ ਕਰ ਦਿੱਤਾ ਹੈ। ਪੰਜਾਬ ਦੇ ਬਠਿੰਡਾ ਸ਼ਹਿਰ ਨੇ ਅੱਜ ਪਿਛਲੇ ਕਈ ਦਹਾਕਿਆਂ ਦਾ ਰਿਕਾਰਡ ਤੋੜ ਦਿੱਤਾ ਹੈ ਜਿੱਥੇ ਅੱਜ ਦਿਨ ਸਮੇਂ ਤਾਪਮਾਨ 48.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ, ਜੋ ਕਿ ਆਮ ਨਾਲੋਂ 7.1 ਡਿਗਰੀ ਵੱਧ ਸੀ। ਬਠਿੰਡਾ ਵਿੱਚ ਲੰਘੇ ਦਿਨ ਵੀ ਤਾਪਮਾਨ 46.9 ਡਿਗਰੀ ਸੈਲਸੀਅਸ ਸੀ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਸ਼ਹਿਰ ਵਿੱਚ ਸਾਲ 1981 ਵਿੱਚ ਤਾਪਮਾਨ 47 ਡਿਗਰੀ ਸੈਲਸੀਅਸ ਤੋਂ ਪਾਰ ਚਲਾ ਗਿਆ ਸੀ। ਸੂਬੇ ਦੇ ਅੱਧਾ ਦਰਜਨ ਤੋਂ ਵੱਧ ਸ਼ਹਿਰਾਂ ਦਾ ਤਾਪਮਾਨ 45 ਡਿਗਰੀ ਸੈਲਸੀਅਸ ਤੋਂ ਵੱਧ ਦਰਜ ਕੀਤਾ ਹੈ, ਜੋ ਕਿ ਆਮ ਨਾਲੋਂ 4 ਤੋਂ 7 ਡਿਗਰੀ ਸੈਲਸੀਅਸ ਵੱਧ ਹੈ। ਮੌਸਮ ਵਿਭਾਗ ਨੇ 29 ਮਈ ਤੱਕ ਅਤਿ ਦੀ ਗਰਮੀ ਪੈਣ ਲਈ ਰੈੱਡ ਅਲਰਟ ਜਾਰੀ ਕਰ ਦਿੱਤਾ ਹੈ। ਇਸ ਦੌਰਾਨ ਗਰਮ ਹਵਾਵਾਂ ਚੱਲਣ ਦੇ ਨਾਲ-ਨਾਲ ਤਾਪਮਾਨ 46-47 ਡਿਗਰੀ ਸੈਲਸੀਅਸ ਦੇ ਕਰੀਬ ਦਰਜ ਕੀਤਾ ਜਾਵੇਗਾ।

ਅੰਮ੍ਰਿਤਸਰ ਦੇ ਸ੍ਰੀ ਦੁਰਗਿਆਣਾ ਮੰਦਰ ਵਿੱਚ ਸ਼ਨਿੱਚਰਵਾਰ ਨੂੰ ਗਰਮੀ ਤੋਂ ਰਾਹਤ ਪਾਉਣ ਲਈ ਪੱਖੇ ਦੀ ਹਵਾ ਲੈਂਦਾ ਹੋਇਆ ਇੱਕ ਪਰਿਵਾਰ। -ਫੋਟੋ: ਸੁਨੀਲ ਕੁਮਾਰ

ਸੂਬੇ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਅੰਤਾਂ ਦੀ ਗਰਮੀ ਨੇ ਆਮ ਜਨ-ਜੀਵਨ ਪ੍ਰਭਾਵਿਤ ਕੀਤਾ ਹੈ। ਗਰਮੀ ਕਰਕੇ ਲੋਕਾਂ ਦਾ ਘਰੋਂ ਨਿਕਲਣਾ ਮੁਸ਼ਕਲ ਹੋ ਗਿਆ ਹੈ। ਲੋਕ ਮਜਬੂਰੀ ਵੱਸ ਹੀ ਘਰੋਂ ਬਾਹਰ ਨਿਕਲ ਰਹੇ ਹਨ। ਉਧਰ ਤਿੱਖੀ ਧੁੱਪ ਕਰਕੇ ਸਬਜ਼ੀਆਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਰਮੀ ਕਰਕੇ ਸਬਜ਼ੀਆਂ ਸੁੱਕ ਗਈਆਂ ਹਨ। ਦੂਜੇ ਪਾਸੇ ਲਗਾਤਾਰ ਗਰਮੀ ਪੈਣ ਕਰਕੇ ਸੂਬੇ ਵਿੱਚ ਬਿਜਲੀ ਦੀ ਮੰਗ ਵੀ 12 ਹਜ਼ਾਰ ਮੈਗਾਵਾਟ ਦੇ ਕਰੀਬ ਪਹੁੰਚ ਗਈ ਹੈ।

# ਨਹਿਰੀ ਵਿਭਾਗ ਵੱਲੋਂ ਮਹਿਮਾ ਮਾੜਾ ਨਾਲ ਪੱਖਪਾਤ ਕਰਨ ਦਾ ਦੋਸ਼



**ਬਠਿੰਡਾ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਕੋਟ ਭਾਈ ਰਜਵਾਹੇ ਵਿੱਚੋਂ ਨਿਕਲਦੀ ਮਹਿਮਾ ਮਾੜਾ ਮਾਈਨਰ ਦੇ ਨਵੀਨੀਕਰਨ ਦਾ ਕੰਮ ਹੌਲੀ ਚੱਲਣ ਕਾਰਨ ਅੱਧੀ ਦਰਜਨ ਪਿੰਡਾਂ ਦੇ ਜਲ ਘਰ ਛੇ ਮਹੀਨਿਆਂ ਤੋਂ ਪਾਣੀ ਨੂੰ ਤਰਸ ਗਏ ਹਨ।

ਸੋਮਵਾਰ ਨੂੰ ਕਿਸਾਨਾਂ ਵੱਲੋਂ ਬੀਕੇਯੂ ਏਕਤਾ-ਉਗਰਾਹਾਂ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਨਹਿਰੀ ਵਿਭਾਗ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਕਿਸਾਨ ਆਗੂ ਜਨਕ ਸਿੰਘ ਬਰਾੜ, ਗੁਰਜੀਤ ਸਿੰਘ, ਜੀਤਨ ਸਿੰਘ ਬਰਾੜ ਬੋਹੜ ਸਿੰਘ ਮਾਨ ਨੇ ਦੋਸ਼ ਲਗਾਇਆ ਕਿ ਕੱਸੀ ਦੇ ਠੇਕੇਦਾਰ ਵੱਲੋਂ ਟੇਲਾਂ ਨਜ਼ਦੀਕ ਬਣ ਰਹੇ ਪੁਲ ਦੀ ਉਸਾਰੀ ’ਚ ਜਾਣ-ਬੁੱਝ ਕੇ ਦੇਰੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਟੇਲਾਂ ਉੱਪਰ ਵਸੇ ਪਿੰਡ ਮਹਿਮਾ ਸਰਕਾਰੀ ਦੇ ਖੇਤਾਂ ਵੱਲ ਮੋਘਾ ਲਾਉਣ ਵਿੱਚ ਵਿਭਾਗ ਵੱਲੋਂ ਪੱਖਪਾਤ ਕੀਤਾ ਜਾ ਰਿਹਾ ਹੈ।

ਨਹਿਰੀ ਵਿਭਾਗ ਸੂਤਰ ਦੱਸਦੇ ਹਨ ਕਿ ਪੁਲਾਂ ਦਾ ਕੰਮ ਕਿਸੇ ਹੋਰ ਠੇਕੇਦਾਰ ਵੱਲੋਂ ਦੇਖਿਆ ਜਾ ਰਿਹਾ ਹੈ। ਬੀਤੀ ਰਾਤ ਕੱਸੀ ਦੀ ਬਿਨਾਂ ਸਫ਼ਾਈ ਕੀਤਿਆਂ ਪਾਣੀ ਛੱਡਣ ’ਤੇ ਪਾਣੀ ਉੱਛਲਣ ਕਾਰਨ ਕਿਸਾਨ ਬਲਜੀਤ ਸਿੰਘ ਦਾ ਨਰਮਾ ਨੁਕਸਾਨਿਆ ਗਿਆ।

ਉਧਰ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਕਿਹਾ ਕਿ ਲੋਕਾਂ ਨੂੰ ਟਿਊਬਵੈੱਲਾਂ ਨਾਲ ਝੋਨੇ ਦੀਆਂ ਪਨੀਰੀਆਂ ਪਾਲਣੀਆਂ ਪੈ ਰਹੀਆਂ ਹਨ।

ਨਹਿਰ ਵਿਭਾਗ ਦੇ ਐਕਸੀਅਨ ਸੁਖਜੀਤ ਸਿੰਘ ਰੰਧਾਵਾ ਸਿੰਘ ਨੇ ਕਿਹਾ ਕਿ ਪੁਲ ’ਤੇ ਸਲੈਬ ਪੈ ਗਈ ਹੈ।

ਮਾਈਨਾਰ ਵਿੱਚ ਜੋ ਵੀ ਮਿੱਟੀ ਵਗੈਰਾ ਉਸ ਦੀ ਸਫ਼ਾਈ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੋਘਾ ਰਕਬੇ ਦੇ ਹਿਸਾਬ ਨਾਲ ਘਟਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਇਤਰਾਜ਼ ਦੂਰੇ ਕੀਤੇ ਜਾਣਗੇ।

# ਮਾਲਵਾ ਵਿੱਚ ਲੂ ਕਾਰਨ .ਫਸਲਾਂ ਝੁਲਸੀਆਂ

**ਬਠਿੰਡਾ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਲਵੇ ਵਿੱਚ ਗਰਮੀ ਦਾ ਕਹਿਰ ਜਾਰੀ ਹੈ। ਦਿਨੇ ਵਗਦੀ ‘ਲੂ’ ਨੇ ਅੱਜ ਸਮੁੱਚੀ ਫ਼ਿਜ਼ਾ ਨੂੰ ਝੁਲਸਾਈ ਰੱਖਿਆ। ਅੱਜ ਬਠਿੰਡਾ ’ਚ ਦਿਨ ਵੇਲੇ ਪਾਰਾ 45.2 ਡਿਗਰੀ ਸੈਲਸੀਅਸ ਨੂੰ ਛੂਹ ਗਿਆ। ਇਸੇ ਤਰ੍ਹਾਂ ਅੱਜ ਬਰਨਾਲਾ ’ਚ ਦਿਨ ਦਾ ਤਾਪਮਾਨ 43.0, ਫ਼ਰੀਦਕੋਟ ’ਚ 44.3, ਫ਼ਿਰੋਜ਼ਪੁਰ ’ਚ 42.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨਾਂ ਲਈ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ’ਚ ਗਰਮੀ ਲਈ ਰੈੱਡ ਅਲਰਟ ਜਾਰੀ ਕਰ ਦਿੱਤਾ ਹੈ। ਮੌਸਮ ਦੇ ਜਾਣਕਾਰਾਂ ਅਨੁਸਾਰ ਗਰਮੀ ਦੇ ਚੱਲ ਦੌਰ ’ਚ ਜਲਦੀ ਕਿਸੇ ਤਬਦੀਲੀ ਦੇ ਆਸਾਰ ਨਹੀਂ, ਮਈ ਦੇ ਅੰਤ ਤੱਕ ਇਹ ਇਸੇ ਤਰ੍ਹਾਂ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਦੌਰਾਨ ਹਨੇਰੀ ਦੇ ਆਸਾਰ ਬਣ ਸਕਦੇ ਹਨ, ਪਰ ਮੀਂਹ ਦਾ ਅਜੇ ਤੱਕ ਕਿਧਰੇ ਨਾਮੋ-ਨਿਸ਼ਾਨ ਨਹੀਂ ਹੈ।

ਮਾਹਿਰਾਂ ਵੱਲੋਂ ਅਤਿ ਦੀ ਪੈ ਰਹੀ ਗਰਮੀ ਦਾ ਹਾਂ-ਪੱਖੀ ਪਹਿਲੂ ਇਹ ਦੱਸਿਆ ਜਾ ਰਿਹਾ ਹੈ ਕਿ ਜਿੰਨੇ ਜ਼ੋਰ ਦੀ ਗਰਮੀ ਪਵੇਗੀ, ਓਨੀ ਜਲਦੀ ਅਤੇ ਮਜ਼ਬੂਤ ਮੌਨਸੂਨ ਰਹੇਗੀ।

ਪਿਛਲੇ ਕੁੱਝ ਦਿਨਾਂ ਤੋਂ ਬਹੁਤ ਜ਼ਿਆਦਾ ਗਰਮੀ ਪੈਣ ਤੇ ਗਰਮ ਹਵਾਵਾਂ ਚੱਲਣ ਦਰਮਿਆਨ ਪ੍ਰਸ਼ਾਸਨ ਨੇ ਲੋਕਾਂ ਨੂੰ ਚੌਕਸ ਕੀਤਾ ਹੈ ਕਿ ਉਹ ਲੂ ਤੋਂ ਬਚਣ ਦੇ ਲਈ ਸਾਵਧਾਨੀਆਂ ਵਰਤਣ। ਤਾਕੀਦੀ ਕੀਤੀ ਗਈ ਹੈ ਕਿ ਜਦੋਂ ਵੀ ਘਰ ਤੋਂ ਬਾਹਰ ਨਿਕਲਣਾ ਹੋਵੇ ਤਾਂ ਜ਼ਿਆਦਾ ਮਾਤਰਾ ’ਚ ਪਾਣੀ ਪੀਤਾ ਜਾਵੇ। ਸੂਤੀ, ਹਲਕੇ ਅਤੇ ਆਰਾਮਦਾਇਕ ਕੱਪੜੇ ਪਾ ਕੇ ਅਤੇ ਸਿਰ ਨੂੰ ਢੱਕ ਕੇ ਰੱਖਿਆ ਜਾਵੇ। ਤਰਲ ਪਦਾਰਥਾਂ ਜਿਵੇਂ ਪਾਣੀ, ਨਿੰਬੂ ਪਾਣੀ, ਲੱਸੀ, ਓਆਰਐੱਸ ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕੀਤਾ ਜਾਵੇ ਅਤੇ ਦੁਪਹਿਰ ਦੇ ਵੇਲੇ ਘਰ ਤੋਂ ਬਾਹਰ, ਬਹੁਤ ਜ਼ਿਆਦਾ ਜ਼ਰੂਰੀ ਕੰਮ ਹੋਣ ’ਤੇ ਹੀ ਨਿਕਲਿਆ ਜਾਵੇ।

ਜ਼ਿਆਦਾ ਮਿਰਚ ਅਤੇ ਮਸਾਲੇਦਾਰ ਭੋਜਨ ਅਤੇ ਬਾਜ਼ਾਰ ਦੇ ਖਾਣੇ ਤੋਂ ਪ੍ਰਹੇਜ਼ ਕੀਤਾ ਜਾਵੇ, ਕੂਲਰ ਜਾਂ ਏਸੀ ਵਾਲੇ ਕਮਰੇ ਵਿੱਚ ਬੈਠਣ ਤੋਂ ਬਾਅਦ ਇੱਕ ਦਮ ਧੁੱਪ ਵਿੱਚ ਨਾ ਨਿੱਕਲਿਆ ਜਾਵੇ।

ਪ੍ਰਸ਼ਾਸਨ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਲੂ ਲੱਗਣ ਨਾਲ ਸਰੀਰ ਨੂੰ ਬੇਚੈਨੀ ਅਤੇ ਘਬਰਾਹਟ ਹੋ ਸਕਦੀ ਹੈ ਅਤੇ ਜ਼ਿਆਦਾ ਸਮਾਂ ਧੁੱਪ ਵਿੱਚ ਰਹਿਣ ਨਾਲ ਅੱਖਾਂ ਦੇ ਸਾਹਮਣੇ ਹਨੇਰਾ ਛਾ ਜਾਣਾ, ਚੱਕਰ ਖਾ ਕੇ ਡਿੱਗ ਪੈਣਾ, ਗੱਲ ਸਮਝਣ ਵਿਚ ਮੁਸ਼ਕਿਲ ਆਉਣੀ, ਚਿੜਚਿੜਾਪਣ, ਜ਼ੁਬਾਨ ਦਾ ਲੜਖੜਾਉਣਾ, ਤੁਰਨ ਸਮੇਂ ਲੜਖੜਾਉਣਾ ਅਤੇ ਦੌਰਾ ਪੈਣਾ ਆਦਿ ਹੋ ਸਕਦੇ ਹਨ।

ਲੂ ਲੱਗਣ ਦੇ ਲੱਛਣ ਨਜ਼ਰ ਆਉਣ ’ਤੇ ਵਿਅਕਤੀ ਨੂੰ ਛਾਵੇਂ ਬਿਠਾ ਦਿੱਤਾ ਜਾਵੇ, ਉਸ ਦੇ ਕੱਪੜੇ ਢਿੱਲੇ ਕਰ ਦਿੱਤੇ ਜਾਣ, ਪੀਣ ਲਈ ਤਰਲ ਪਦਾਰਥ ਦਿੱਤਾ ਜਾਵੇ, ਸਰੀਰ ਦੇ ਤਾਪਮਾਨ ਨੂੰ ਘੱਟ ਕਰਨ ਦੇ ਲਈ ਠੰਢੇ ਪਾਣੀ ਦੀਆਂ ਪੱਟੀਆਂ ਕੀਤੀਆਂ ਜਾਣ ਅਤੇ ਤੁਰੰਤ ਡਾਕਟਰ ਤੋਂ ਚੈੱਕਅੱਪ ਕਰਵਾ ਕੇ ਡਾਕਟਰ ਦੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ ਅਤੇ ਆਪ ਮੁਹਾਰੇ ਦਵਾਈਆਂ ਦੀ ਵਰਤੋਂ ਨਾ ਕੀਤਾ ਜਾਵੇ।

ਮਾਲਵਾ ਪੱਟੀ ਵਿਚ ਤਪਸ਼ ਕਾਰਨ ਨਰਮੇ ਦੀ ਫ਼ਸਲ ਝੁਲਸਣ ਲੱਗੀ ਹੈ। ਖੇਤੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਜੇਕਰ ਤਾਪਮਾਨ ਵਿਚਲੀ ਇਹ ਬੜਤ ਲਗਾਤਾਰ ਇਉਂ ਹੀ ਜਾਰੀ ਰਹੀ ਤਾਂ ਮਾਲਵਾ ਪੱਟੀ ਦੇ ਰੇਤਲੇ ਖੇਤਰ ’ਚੋਂ ਹਜ਼ਾਰਾਂ ਏਕੜ ਨਰਮੇ ਦੀ ਨਿੱਕੀ ਫ਼ਸਲ ਨੇ ਖੇਤਾਂ ਨੂੰ ਖਾਲੀ ਕਰ ਦੇਣਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਬਠਿੰਡਾ ਸਥਿਤ ਖੇਤਰੀ ਖੋਜ ਕੇਂਦਰ ਦੇ ਵਿਗਿਆਨੀ ਡਾ. ਜੀ.ਐਸ ਰੋਮਾਣਾ ਨੇ ਦੱਸਿਆ ਕਿ ਤਪਦੇ ਹੋਏ ਤਾਪਮਾਨ ਕਾਰਨ ਨਰਮੇ ਦੀ ਨਿੱਕੀ ਫ਼ਸਲ ਦਾ ਨੁਕਸਾਨ ਹੋਣ ਲੱਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਹਿਲਾਂ ਹੀ ਭਰਵੀਂ ਰੌਣੀ ਕਰਕੇ ਨਰਮਾ ਬੀਜਣ ਦੀ ਸਲਾਹ ਦਿੱਤੀ ਗਈ ਸੀ ਅਤੇ ਕਿਸਾਨਾਂ ਨੂੰ ਡੂੰਘੇ ਹਲਾਂ ਨਾਲ ਜ਼ਮੀਨ ਵਾਹਕੇ ਪਾਣੀ ਦੇਣ ਲਈ ਪ੍ਰੇਰਿਆ ਗਿਆ ਸੀ।

ਇਸੇ ਦੌਰਾਨ ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਦੇ ਆਗੂ ਦਰਸ਼ਨ ਸਿੰਘ ਗੁਰਨੇ ਨੇ ਕਿਹਾ ਕਿ ਮਈ ਮਹੀਨੇ ਦੀ ਗਰਮੀ ਨਾਲ ਪਾਰਾ 45 ਡਿਗਰੀ ਤੋਂ ਪਾਰ ਹੋ ਗਿਆ ਹੈ, ਜਿਸ ਕਾਰਨ ਸਬਜ਼ੀਆਂ, ਹਰੇ-ਚਾਰੇ ਦੇ ਨਾਲ ਨਰਮੇ ਦੀ ਫ਼ਸਲ ਸੁੱਕਣ ਲੱਗੀ ਹੈ। ਉਨ੍ਹਾਂ ਦੱਸਿਆ ਕਿ ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ ਨੂੰ ਭਾਵੇਂ ਪਾਣੀ ਲੋੜ ਅਨੁਸਾਰ ਸਮੇਂ ’ਤੇ ਲਾ ਰਹੇ ਹਾਂ, ਪਰ ਗਰਮੀ ਦੇ ਵਧਣ ਕਾਰਨ ਫ਼ਸਲਾਂ ਨੂੰ ਪਾਣੀ ਲਾਉਣ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜੇ ਕੁਝ ਕੁ ਦਿਨ ਗਰਮੀ ਦੇ ਵਧਣ ਨਾਲ ਪਾਰਾ ਹੋਰ ਵੱਧਦਾ ਗਿਆ ਤਾਂ ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ ਨੇ ਪੱਕੇ ਤੌਰ ’ਤੇ ਛੁੱਟੀ ਕਰ ਜਾਣੀ ਹੈ।

# ਪਟਿਆਲਾ ਲੋਕ ਸਭਾ ਹਲਕੇ ’ਚ ਸ਼ਾਂਤੀਪੂਰਨ ਤਰੀਕੇ ਨਾਲ ਹੋਈ ਲੋਕ ਸਭਾ ਵੋਟਿੰਗ



**ਪਟਿਆਲਾ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕੇ ਵਿੱਚ ਸ਼ਾਂਤੀਪੂਰਨ ਤਰੀਕੇ ਨਾਲ ਵੋਟਿੰਗ ਬੜੀ ਹੀ ਸ਼ਾਤੀਪੂਰਨ ਹੋਈ ਅਤੇ ਤੜਕਸਾਰ ਹੀ ਬਜ਼ੁਰਗ, ਦਿਵਿਆਂਗ, ਨੌਜਵਾਨ ਅਤੇ ਮਹਿਲਾ ਵੋਟਰਾਂ ਨੇ ਉਤਸ਼ਾਹ ਨਾਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਰਿਟਰਨਿੰਗ ਅਫ਼ਸਰ -ਕਮ- ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ ਦੀ ਅਗਵਾਈ ਵਾਲੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਲਈ ਬਣਾਏ ਮਾਡਲ ਪੋਲਿੰਗ ਬੂਥ ਖਿੱਚ ਦਾ ਕੇਂਦਰ ਰਹੇ। ਇਸ ਤੋਂ ਇਲਾਵਾ ਵੋਟ ਪਾਉਣ ਵਾਲੇ ਵੋਟਰਾਂ ਦਾ ਸਵਾਗਤ ਪੰਜਾਬੀ ਸਭਿਆਚਾਰ ਮੁਤਾਬਕ ਕੀਤਾ ਗਿਆ। ਮੁਟਿਆਰਾਂ ਨੇ ਸੂਬੇ ਦੇ ਪ੍ਰਸਿੱਧ ਲੋਕ ਨਾਚ ਗਿੱਧੇ ਰਾਹੀਂ ਵੋਟਰਾਂ ਦਾ ਸੁਆਗਤ ਕਰਕੇ ਉਤਸ਼ਾਹ ਵਧਾਇਆ। ਇਸ ਦੇ ਨਾਲ ਹੀ ਵਲੰਟੀਅਰਾਂ ਨੇ ਬਜ਼ੁਰਗਾਂ ਲਈ ਵੀਲ ਚੇਅਰ ਅਤੇ ਉਨ੍ਹਾਂ ’ਤੇ ਫੁਲਕਾਰੀ ਤਾਣ ਕੇ ਬਣਦਾ ਮਾਣ ਸਤਿਕਾਰ ਦਿੱਤਾ। ਗਰਮੀ ਦੇ ਮੱਦੇਨਜ਼ਰ ਜਿਥੇ ਪੀਣ ਵਾਲੇ ਪਾਣੀ ਅਤੇ ਛਬੀਲ ਦਾ ਵੀ ਵਿਸ਼ੇਸ਼ ਤੌਰ ’ਤੇ ਪ੍ਰਬੰਧ ਕੀਤਾ ਗਿਆ, ਉਥੇ ਮੈਡੀਕਲ ਸਹੂਲਤ ਲਈ ਟੀਮਾਂ ਵੀ ਤਾਇਨਾਤ ਰਹੀਆਂ। ਛੋਟੇ ਬੱਚਿਆਂ ਲਈ ਕਰੈੱਚ ਦਾ ਵੀ ਪ੍ਰਬੰਧ ਕੀਤਾ ਗਿਆ। ਪਹਿਲੀ ਵਾਰ ਵੋਟ ਪਾ ਕੇ ਲੋਕਤੰਤਰ ਦਾ ਹਿੱਸਾ ਬਣਨ ਵਾਲੇ ਵੋਟਰਾਂ ਦੀ ਹੌਸਲਾ ਅਫ਼ਜਾਈ ਲਈ ਪ੍ਰਸ਼ੰਸਾ ਪੱਤਰ ਸੌਂਪੇ ਗਏ।

## ਸੰਪਾਦਕੀ

# ਵੋਟਾਂ ਦੇ ਅਖ਼ੀਰਲੇ ਗੇੜ 'ਚ ਵੀ ਵੋਟਰਾਂ ਨੇ ਨਹੀਂ ਦਿਖਾਇਆ ਦਮ

ਅੱਜ ਪਈਆਂ ਅਖ਼ੀਰਲੇ ਗੇੜ ਦੀਆਂ ਚੋਣਾਂ ਵਿਚ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਸਮੇਤ ਜਿਨ੍ਹਾਂ 57 ਸੀਟਾਂ 'ਤੇ ਖੜ੍ਹੇ ਉਮੀਦਵਾਰਾਂ ਦੇ ਭਵਿੱਖ ਦਾ ਫ਼ੈਸਲਾ ਕਰਨਾ ਹੈ, ਉਨ੍ਹਾਂ 'ਚ ਪੰਜਾਬ ਦੀਆਂ 13 ਸੀਟਾਂ ਵੀ ਸ਼ਾਮਲ ਹਨ। ਪੰਜਾਬ ਵਿੱਚ 26 ਮਹਿਲਾਵਾਂ ਸਮੇਤ ਕੁੱਲ 328 ਉਮੀਦਵਾਰ ਚੋਣ ਮੈਦਾਨ ਵਿੱਚ ਸਨ ਦਾ ਵੋਟਾਂ ਪਾ ਕੇ ਭਵਿੱਖ ਪੇਟੀਆਂ ਵਿਚ ਬੰਦ ਹੋ ਗਿਆ ਹੈ।

ਚੋਣ ਮੁਕਾਬਲਿਆਂ ਵਿੱਚ ਭਾਵੇਂ ਹਰ ਵਾਰ ਕੁਝ ਨਾ ਕੁਝ ਨਵਾਂ ਵਾਪਰਦਾ ਹੈ ਪਰ ਇਸ ਵਾਰ ਦੀਆਂ ਚੋਣਾਂ ਨੇ ਦਲ ਬਦਲੀਆਂ ਦਾ ਰੰਗ ਸਭ ਤੋਂ ਵੱਧ ਦੇਖਿਆ ਹੈ। ਕਈ ਸਿਆਸੀ ਆਗੂਆਂ ਨੇ ਦਿਨਾਂ ਵਿੱਚ ਹੀ ਇੱਕ ਤੋਂ ਵੱਧ ਵਾਰ ਪਾਰਟੀਆਂ ਬਦਲੀਆਂ ਅਤੇ ਨਵੇਂ ਰੰਗਾਂ 'ਚ ਲੋਕਾਂ ਸਾਹਮਣੇ ਆਏ। ਇਸ ਤੋਂ ਇਲਾਵਾ ਜਿੱਥੇ ਬਹੁਤ ਸਾਰੇ ਨਵੇਂ ਚਿਹਰੇ ਮੈਦਾਨ 'ਚ ਹਨ, ਉੱਥੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਚਾਰ ਵਾਰ ਦੇ ਸੰਸਦ ਮੈਂਬਰ ਪ੍ਰਨੀਤ ਕੌਰ ਤੇ ਤਿੰਨ ਵਾਰ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੀ ਮੁਕਾਬਲੇ 'ਚ ਹਨ।

'ਇੰਡੀਆ' ਗੱਠਜੋੜ ਦੇ ਭਾਈਵਾਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਪੰਜਾਬ 'ਚ ਵੱਖੋ-ਵੱਖਰੇ ਤੌਰ 'ਤੇ ਚੋਣ ਲੜ ਰਹੇ ਹਨ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵੀ 1996 ਤੋਂ ਬਾਅਦ ਪਹਿਲੀ ਵਾਰ ਆਪੋ-ਆਪਣੇ ਤੌਰ 'ਤੇ ਜ਼ੋਰ ਅਜ਼ਮਾਈ ਕਰ ਰਹੇ ਹਨ। ਇਨ੍ਹਾਂ ਸਾਰੀਆਂ ਪਾਰਟੀਆਂ ਤੋਂ ਇਲਾਵਾ ਅਕਾਲੀ ਦਲ (ਅ) ਅਤੇ ਬਹੁਜਨ ਸਮਾਜ ਪਾਰਟੀ ਨੇ ਵੀ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਚੋਣ ਮੈਦਾਨ 'ਚ ਉਤਾਰੇ ਹੋਏ ਹਨ। ਸਾਬਕਾ ਸਫ਼ੀਰ ਤਰਨਜੀਤ ਸਿੰਘ ਸੰਧੂ ਭਾਜਪਾ ਦੀ ਸੀਟ 'ਤੇ ਅੰਮ੍ਰਿਤਸਰ ਸੰਸਦੀ ਸੀਟ 'ਤੇ ਕਿਸਮਤ ਅਜ਼ਮਾ ਰਹੇ ਹਨ ਅਤੇ ਕੌਮੀ ਸੁਰੱਖਿਆ ਐਕਟ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਚੋਣ ਲੜ ਰਿਹਾ ਹੈ।

ਸਖ਼ਤ ਗਰਮੀ ਦੇ ਬਾਵਜੂਦ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਸਟਾਰ ਪ੍ਰਚਾਰਕਾਂ ਵੱਲੋਂ ਪ੍ਰਚਾਰ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਸਾਰੀਆਂ ਸਿਆਸੀ ਪਾਰਟੀਆਂ ਨੇ ਰੈਲੀਆਂ ਅਤੇ ਰੋਡ ਸ਼ੋਅ ਕਰ ਕੇ ਲੋਕਾਂ ਦੇ ਦਿਲ ਤਕ ਪਹੁੰਚਣ ਦਾ ਯਤਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਉਮੀਦਵਾਰਾਂ ਦੇ ਹੱਕ 'ਚ ਪੰਜਾਬ ਵਿੱਚ ਵੀ ਰੈਲੀਆਂ ਕੀਤੀਆਂ। ਕਾਂਗਰਸ ਵੱਲੋਂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਨੇ ਵੋਟਰਾਂ ਨਾਲ ਰਾਬਤਾ ਬਣਾਇਆ। ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਥਾਂ-ਥਾਂ ਰੈਲੀਆਂ ਅਤੇ ਰੋਡ ਸ਼ੋਅ ਕੀਤੇ। ਸ਼ੁਰੂ 'ਚ ਭਾਵੇਂ ਪ੍ਰਚਾਰ ਮੱਠਾ ਸੀ ਪਰ ਅੰਤ ਤਕ ਚੋਣ ਅਖਾੜਾ ਪੂਰੀ ਤਰ੍ਹਾਂ ਮਘ ਚੁੱਕਿਆ ਸੀ ਹਾਲਾਂਕਿ ਇਸ ਵਾਰ ਕਈ ਵੱਡੇ ਸਿਆਸੀ ਚਿਹਰੇ ਚੋਣ ਪ੍ਰਚਾਰ ਤੋਂ ਦੂਰ ਰਹੇ। ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਮੁਤਾਬਿਕ ਲੋਕਾਂ ਨਾਲ ਵਾਅਦੇ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਭਰੋਸੇ ਦਿਵਾਏ ਹਨ। ਹੁਣ ਇਹ ਵੋਟਰਾਂ ਦੇ ਹੱਥ ਹੈ ਕਿ ਉਹ ਆਪਣੇ ਵੋਟ ਦੀ ਵਰਤੋਂ ਸੋਚ ਸਮਝ ਕੇ ਕਰਨ ਅਤੇ ਇਹ ਜ਼ਰੂਰ ਦੇਖਣ ਕਿ ਸੂਬੇ ਅਤੇ ਦੇਸ਼ ਦੇ ਹਿੱਤ ਕਿਸ ਪਾਸੇ ਸੁਰੱਖਿਅਤ ਹਨ। ਕਿਸੇ ਲਾਲਚ ਜਾਂ ਦਬਾਅ ਤੋਂ ਉੱਪਰ ਉੱਠ ਕੇ ਪਾਇਆ ਵੋਟ ਹੀ ਦੇਸ਼ ਦੀ ਤਰੱਕੀ ਲਈ ਸਹਾਈ ਹੋ ਸਕਦਾ ਹੈ ਅਤੇ ਵੋਟਾਂ ਦੇ ਇਸ ਮਹਾਕੁੰਭ 'ਚ ਹਰ ਵੋਟਰ ਨੂੰ ਹਾਜ਼ਰੀ ਜ਼ਰੂਰ ਲਗਵਾਉਣੀ ਚਾਹੀਦੀ ਹੈ।

# ਅਮਰੀਕਾ ਦਾ ਸਾਬਕਾ ਰਾਸ਼ਟਰਪਤੀ ਟਰੰਪ ਦੋਸ਼ੀ ਕਰਾਰ

ਅਮਰੀਕਾ ਵਿੱਚ ਨਿਊਯਾਰਕ ਦੀ ਗਰੈਂਡ ਜਿਊਰੀ ਨੇ ਡੋਨਲਡ ਟਰੰਪ ਨੂੰ ਘੋਰ ਅਪਰਾਧ ਦਾ ਦੋਸ਼ੀ ਪਾਇਆ ਹੈ ਅਤੇ 2016 ਦੀਆਂ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਉਨ੍ਹਾਂ ਨੂੰ ਪੋਰਨ ਫਿਲਮਾਂ ਦੀ ਇਕ ਸਟਾਰ ਨੂੰ ਚੁੱਪ ਰਹਿਣ ਲਈ ਰਕਮ ਅਦਾ ਕਰਨ ਦਾ ਮਾਮਲਾ ਰਫਾ ਦਫ਼ਾ ਕਰਨ ਲਈ ਸਰਕਾਰੀ ਰਿਕਾਰਡ ਵਿਚ ਹੇਰ-ਫੇਰ ਕਰਨ ਦੀਆਂ ਸਾਰੀਆਂ 34 ਮੱਦਾਂ ਤਹਿਤ ਦੋਸ਼ੀ ਪਾਇਆ ਗਿਆ ਹੈ। ਇਸ ਤਰ੍ਹਾਂ ਦੇ ਘੋਰ ਅਪਰਾਧ ਵਿੱਚ ਦੋਸ਼ੀ ਪਾਏ ਜਾਣ ਵਾਲੇ ਉਹ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ। ਉਂਝ ਉਨ੍ਹਾਂ ਆਪਣੇ ਜਾਣੇ ਪਛਾਣੇ ਅੰਦਾਜ਼ ਵਿਚ ਆਖਿਆ ਹੈ ਕਿ ਉਸ ਖਿ ?ਲਾਫ਼ ਇਹ ਝੂਠਾ ਮੁਕੱਦਮਾ ਘੜਿ ?ਆ ਗਿਆ ਹੈ ਤੇ ਇਹ ਦੇਸ਼ ਲਈ ਸ਼ਰਮਿੰਦਗੀ ਦਾ ਸਬਬ ਹੈ। 2024 ਦੀ ਰਾਸ਼ਟਰਪਤੀ ਦੀ ਚੋਣ ਲੜ ਰਹੇ ਟਰੰਪ ਨੇ ਦੋਸ਼ ਲਾਇਆ ਹੈ ਕਿ ਜੋਅ ਬਾਇਡਨ ਪ੍ਰਸ਼ਾਸਨ ਉਸ ਨਾਲ ਸਿਆਸੀ ਰੰਜਿਸ਼ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਨਾਲ ਹੀ ਉਸ ਨੇ ਆਪਣੇ ਆਪ ਨੂੰ ਮਦਰ ਟੈਰੇਸਾ ਜਿਹੀ ਪਾਕ-ਸਾਫ਼ ਰੂਹ ਕਰਾਰ ਦਿੰਦਿਆਂ ਕਿਹਾ ਕਿ ਉਸ ਜਿਹੀ ਕੋਈ ਮਹਾਨ ਸਾਧਵੀ ਵੀ ਇਹੋ ਜਿਹੇ ਫਰਜ਼ੀ ਮੁਕੱਦਮੇ 'ਚੋਂ ਬਰੀ ਨਹੀਂ ਹੋ ਸਕਦੀ ਸੀ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਸਾਡਾ ਮੁਲਕ ਨਰਕ ਬਣ ਗਿਆ ਹੈ ਅਤੇ ਉਹ ਅੰਤ ਤੱਕ ਆਪਣੀ ਲੜਾਈ ਜਾਰੀ ਰੱਖਣਗੇ। ਇਹ ਕੇਸ ਛੇ ਹਫ਼ਤੇ ਚੱਲਿਆ ਅਤੇ ਕੁੱਲ 22 ਗਵਾਹ ਭੁਗਤਾਏ ਗਏ ਹਨ ਜਿਸ ਤੋਂ ਬਾਅਦ ਅੱਜ 12 ਮੈਂਬਰੀ ਜਿਊਰੀ ਵੱਲੋਂ ਇਹ ਫ਼ੈਸਲਾ ਸੁਣਾਇਆ ਗਿਆ ਹੈ।

ਅਦਾਲਤ ਦਾ ਇਹ ਫ਼ੈਸਲਾ ਇਸ ਸਾਲ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਲੜਨ ਦੇ ਟਰੰਪ ਦੇ ਰਾਹ ਦਾ ਰੋੜਾ ਨਹੀਂ ਬਣੇਗਾ। ਉਂਝ, ਟਰੰਪ ਨੂੰ ਸਜ਼ਾ 11 ਜੁਲਾਈ ਨੂੰ ਸੁਣਾਈ ਜਾਵੇਗੀ ਜਿਸ ਤੋਂ ਚਾਰ ਦਿਨ ਬਾਅਦ ਰਿਪਬਲਿਕਨ ਪਾਰਟੀ ਦੀ ਨੈਸ਼ਨਲ ਕਨਵੈਨਸ਼ਨ ਹੋਵੇਗੀ ਜਿਸ ਵਿੱਚ ਟਰੰਪ ਨੂੰ ਰਾਸ਼ਟਰਪਤੀ ਬਾਇਡਨ ਦੇ ਮੁਕਾਬਲੇ ਰਾਸ਼ਟਰਪਤੀ ਦੇ ਅਹੁਦੇ ਲਈ ਪਾਰਟੀ ਦਾ ਬਾਕਾਇਦਾ ਉਮੀਦਵਾਰ ਮਨੋਨੀਤ ਕੀਤਾ ਜਾਵੇਗਾ। ਟਰੰਪ ਨੂੰ ਪੀੜਤ ਬਣ ਕੇ ਦਿਖਾਉਣ ਦੀ ਪੂਰੀ ਜਾਚ ਹੈ ਅਤੇ ਉਸ ਤੋਂ ਆਸ ਹੈ ਕਿ ਉਹ ਇਹ ਯਕੀਨੀ ਬਣਾਏਗਾ ਕਿ ਉਸ ਦੀ ਪ੍ਰਚਾਰ ਮੁਹਿੰਮ ਅਦਾਲਤੀ ਕੇਸਾਂ ਦੁਆਲੇ ਘੁੰਮਦੀ ਰਹੇ। ਜਦ ਤੋਂ 2020 ਦੀਆਂ ਰਾਸ਼ਟਰਪਤੀ ਚੋਣ ਦੇ ਨਤੀਜੇ ਆਏ ਹਨ ਜੋ ਬਾਇਡਨ ਨੇ ਜਿੱਤੀਆਂ ਸਨ, ਟਰੰਪ ਨੇ ਇੱਕ ਤੋਂ ਬਾਅਦ ਇੱਕ 'ਸਾਜਿ ?ਸ਼' ਦਾ ਰੌਲਾ ਪਾਇਆ ਜੋ ਉਸ ਨੂੰ ਕਥਿਤ ਤੌਰ 'ਤੇ ਵ੍ਹਾਈਟ ਹਾਊਸ ਤੋਂ ਬਾਹਰ ਰੱਖਣ ਲਈ ਘੜੀ ਗਈ। ਉਹ ਤਿੰਨ ਹੋਰ ਅਪਰਾਧਕ ਸੁਣਵਾਈਆਂ ਦਾ ਵੀ ਸਾਹਮਣਾ ਕਰ ਰਿਹਾ ਹੈ ਜਿਨ੍ਹਾਂ ਵਿੱਚੋਂ ਦੋ ਚੋਣਾਂ ਵਿਚਲੀ ਹਾਰ ਨੂੰ ਪਲਟਾਉਣ ਦੀ ਕਥਿਤ ਕੋਸ਼ਿਸ਼ ਨਾਲ ਸਬੰਧਿਤ ਹਨ। ਟਰੰਪ ਉੱਤੇ ਆਪਣੇ ਸਮਰਥਕਾਂ ਨੂੰ ਭੜਕਾਉਣ ਦਾ ਦੋਸ਼ ਹੈ ਜਿਨ੍ਹਾਂ 6 ਜਨਵਰੀ 2021 ਨੂੰ ਅਮਰੀਕੀ ਸੰਸਦ (ਕੈਪੀਟਲ ਹਿੱਲ) ਉੱਤੇ ਹੱਲਾ ਬੋਲ ਦਿੱਤਾ ਸੀ। ਇਸ ਅਫ਼ਸੋਸਨਾਕ ਘਟਨਾ ਨੇ ਨਾ ਸਿਰਫ਼ ਅਮਰੀਕੀ ਲੋਕਤੰਤਰ ਨੂੰ ਸ਼ਰਮਸਾਰ ਕੀਤਾ ਸੀ ਬਲਕਿ ਕੌਮਾਂਤਰੀ ਪੱਧਰ ਉੱਤੇ ਵੀ ਬਦਨਾਮੀ ਹੋਈ ਸੀ।

ਫਿਰ ਵੀ ਟਰੰਪ ਪਹਿਲਾਂ ਵਾਂਗ ਹੀ ਆਕੀ ਅਤੇ ਨਿਰਲੱਜ ਬਣਿਆ ਰਿਹਾ। ਉਸ ਦੀਆਂ ਕਾਨੂੰਨੀ ਮੁਸ਼ਕਿਲਾਂ ਭਾਵੇਂ ਵਧਣ ਵਾਲੀਆਂ ਹਨ ਪਰ ਉਹ ਖ਼ੁਦ ਨੂੰ 'ਬੇਗੁਨਾਹ' ਦੱਸਦਾ ਰਹੇਗਾ। ਇਹ ਹੁਣ ਅਮਰੀਕੀ ਵੋਟਰਾਂ 'ਤੇ ਹੈ ਕਿ ਉਹ ਟਰੰਪ ਦੇ ਇਨ੍ਹਾਂ ਪੈਂਤੜਿ ?ਆਂ ਨੂੰ ਕਿਵੇਂ ਲੈਂਦੇ ਹਨ।

# ਭਾਰਤ ਗਰਮ ਲਹਿਰਾਂ ਤੋਂ ਨਿਜਾਤ ਕਿਵੇਂ ਪਾਵੇ ?

**ਡਾ. ਗੁਰਿੰਦਰ ਕੌਰ**



ਮਈ ਮਹੀਨੇ ਦੀ ਸ਼ੁਰੂਆਤ ਤੋਂ ਹੀ ਭਾਰਤ ਦੇ ਉੱਤਰੀ ਰਾਜਾਂ ਵਿੱਚ ਤਾਪਮਾਨ ਵਿੱਚ ਅਥਾਹ ਵਾਧਾ ਹੋਣ ਕਾਰਨ ਲੋਕ ਗਰਮੀ ਨਾਲ ਬੇਹਾਲ ਹੋਏ ਪਏ ਹਨ। ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ, ਚੰਡੀਗੜ੍ਹ, ਪੱਛਮੀ ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਿੱਚ 20 ਮਈ ਤੋਂ 'ਰੈੱਡ ਅਲਰਟ▾ ਜਾਰੀ ਕੀਤਾ ਹੋਇਆ ਹੈ। ਮੌਸਮ ਵਿਭਾਗ ਅਨੁਸਾਰ ਦਿੱਲੀ ਵਿੱਚ ਤੇਜ਼ ਅਤੇ ਗਰਮ ਹਵਾਵਾਂ ਚੱਲਣ ਨਾਲ ਰਾਤ ਦੇ ਤਾਪਮਾਨ ਵਿੱਚ ਆਮ ਨਾਲੋਂ 2.5 ਡਿਗਰੀ ਸੈਲਸੀਅਸ ਅਤੇ ਦਿਨ ਦੇ ਤਾਪਮਾਨ ਵਿੱਚ 5 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ। ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਰਾਹੀਂ ਲੋਕਾਂ ਨੂੰ ਵਾਰ-ਵਾਰ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸਿੱਧੀ ਧੁੱਪ ਵਿੱਚ ਬਾਹਰ ਨਾ ਨਿਕਲੋ। ਪੰਜਾਬ ਵਿੱਚ ਤਾਪਮਾਨ ਦੇ ਵਾਧੇ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਸਕੂਲੀ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਅਗੇਤੀਆਂ ਕਰ ਦਿੱਤੀਆਂ ਹਨ।

ਭਾਰਤ ਵਿੱਚ ਮਈ ਅਤੇ ਜੂਨ ਦੇ ਮਹੀਨੇ ਵਿੱਚ ਤਾਪਮਾਨ ਵਿੱਚ ਵਾਧਾ ਹੋਣਾ ਕੋਈ ਨਵਾਂ ਵਰਤਾਰਾ ਨਹੀਂ ਹੈ। ਉੱਤਰ-ਪੱਛਮੀ ਰਾਜਾਂ ਵਿੱਚ ਗਰਮ ਹਵਾਵਾਂ ਪਹਿਲਾਂ ਵੀ ਚੱਲਦੀਆਂ ਸਨ ਪਰ ਹੁਣ ਮੌਸਮੀ ਤਬਦੀਲੀਆਂ ਨਾਲ ਇਨ੍ਹਾਂ ਦੇ ਆਉਣ ਦੇ ਸਮੇਂ, ਦਿਨਾਂ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ। ਭਾਰਤ ਦੇ ਮੌਸਮ ਵਿਭਾਗ ਦੀ ਰਿਪੋਰਟ ਅਨੁਸਾਰ ਮੁਲਕ ਵਿੱਚ 2015 ਤੱਕ ਸਿਰਫ਼ 17 ਰਾਜਾਂ ਵਿੱਚ ਗਰਮ ਲਹਿਰਾਂ ਚੱਲਦੀਆਂ ਸਨ, 2024 ਵਿੱਚ ਇਨ੍ਹਾਂ ਦੀ ਗਿਣਤੀ ਵਧ ਕੇ 23 ਹੋ ਗਈ ਹੈ। ਹੁਣ ਕੇਰਲਾ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਅਰੁਣਾਚਲ ਪ੍ਰਦੇਸ਼ ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜ ਜੰਮੂ ਕਸ਼ਮੀਰ ਨੂੰ ਵੀ ਗਰਮ ਲਹਿਰਾਂ ਦਾ ਸੇਕ ਲੱਗਣ ਲੱਗ ਪਿਆ ਹੈ।

ਮੌਸਮ ਵਿਭਾਗ ਨੇ ਮਈ 2024 ਦੀ ਆਪਣੀ ਰਿਪੋਰਟ ਵਿੱਚ ਚਿੰਤਾਜਨਕ ਪੇਸ਼ਨਗੋਈ ਕੀਤੀ ਸੀ ਕਿ ਹੁਣ ਲੋਕਾਂ ਨੂੰ ਪਹਿਲਾਂ ਨਾਲੋਂ ਵੱਧ ਦਿਨਾਂ ਲਈ ਗਰਮ ਲਹਿਰਾਂ ਦਾ ਸੰਤਾਪ ਝੱਲਣਾ ਪੈ ਸਕਦਾ ਹੈ। ਮਈ ਵਿੱਚ ਆਮ ਤੌਰ ਉੱਤੇ ਉੱਤਰੀ ਰਾਜ ਪਹਿਲਾ ਤਿੰਨ ਦਿਨ ਗਰਮੀ ਦੀ ਲਹਿਰ ਦੀ ਮਾਰ ਝੱਲਦੇ ਸਨ, ਹੁਣ ਉਨ੍ਹਾਂ ਦੀ ਗਿਣਤੀ ਵਧ ਕੇ 5 ਤੋਂ 7 ਦਿਨ ਹੋ ਸਕਦੀ ਹੈ। ਦੱਖਣੀ ਰਾਜਾਂ ਵਿੱਚ ਦੋਗੁਣੀ ਅਤੇ ਦੱਖਣੀ ਰਾਜਸਥਾਨ, ਪੱਛਮੀ ਮੱਧ ਪ੍ਰਦੇਸ਼, ਵਿਦਰਭ, ਮਰਾਠਵਾੜਾ, ਗੁਜਰਾਤ ਆਦਿ ਖੇਤਰਾਂ ਵਿੱਚ ਗਰਮ ਲਹਿਰਾਂ ਦੇ ਦਿਨ 3 ਤੋਂ ਵਧ ਕੇ 8 ਤੋਂ 11 ਤੱਕ ਹੋ ਸਕਦੇ ਹਨ।

ਗਰਮ ਲਹਿਰਾਂ ਦੀ ਲਪੇਟ ਵਿੱਚ ਇਕੱਲਾ ਭਾਰਤ ਹੀ ਨਹੀਂ ਆਇਆ, ਇਨ੍ਹਾਂ ਦਾ ਅਸਰ ਇਸ ਦੇ ਲਾਗਲੇ ਮੁਲਕਾਂ ਪਾਕਿਸਤਾਨ, ਬੰਗਲਾਦੇਸ਼, ਮਿਆਂਮਾਰ, ਫਿਲੀਪੀਨਜ਼, ਥਾਈਲੈਂਡ, ਵੀਅਤਨਾਮ ਅਤੇ ਲਾਓਸ ਵਰਗੇ ਗੁਆਂਢੀ ਮੁਲਕ ਵੀ ਅਪਰੈਲ ਦੇ ਮਹੀਨੇ ਵਿੱਚ ਆਏ ਹੋਏ ਸਨ। ਥਾਈਲੈਂਡ ਵਿੱਚ ਗਰਮ ਤਾਪਮਾਨ ਕਾਰਨ 30 ਵਿਅਕਤੀਆਂ ਦੀ ਮੌਤ ਹੋ ਗਈ ਸੀ। ਬੰਗਲਾਦੇਸ਼ ਅਤੇ ਥਾਈਲੈਂਡ ਵਿੱਚ ਤਾਪਮਾਨ ਦੇ ਵਾਧੇ ਨੂੰ ਦੇਖਦੇ ਹੋਏ ਕੁਝ ਦਿਨਾਂ ਲਈ ਸਕੂਲ ਵੀ ਬੰਦ ਕਰ ਦਿੱਤੇ ਗਏ ਸਨ।

ਗਰਮ ਲਹਿਰਾਂ ਦੀ ਆਮਦ ਦੇ ਦਿਨਾਂ ਅਤੇ ਤਾਪਮਾਨ ਵਿੱਚ ਵਾਧਾ ਅਚਾਨਕ ਨਹੀਂ ਹੋਇਆ। ਇਸ ਤਰ੍ਹਾਂ ਦੇ ਵਰਤਾਰੇ ਬਾਰੇ ਦੁਨੀਆ ਦੇ ਸਾਰੇ ਮੁਲਕਾਂ ਨੂੰ ਵਿਗਿਆਨੀ ਕਈ ਦਹਾਕਿਆਂ ਤੋਂ ਚਿਤਾਵਨੀਆਂ ਦੇ ਰਹੇ ਹਨ। 2022 ਵਿੱਚ ਵੀ ਅਪਰੈਲ ਵਿੱਚ ਤਾਪਮਾਨ ਦੇ ਵਾਧੇ ਨੇ ਪਿਛਲੇ 122 ਸਾਲ ਦਾ ਰਿਕਾਰਡ ਤੋੜ ਦਿੱਤਾ ਸੀ। 2023 ਦੇ ਜੂਨ ਤੋਂ ਲੈ ਕੇ ਅਪਰੈਲ 2024 ਤੱਕ 11 ਮਹੀਨੇ ਰਿਕਾਰਡ ਅਨੁਸਾਰ ਹੁਣ ਤੱਕ ਦੇ ਸਭ ਤੋਂ ਗਰਮ ਮਹੀਨੇ ਰਹੇ ਹਨ। 2023 ਦਾ ਸਾਲ ਵੀ ਹੁਣ ਤੱਕ ਸਭ ਤੋਂ ਗਰਮ ਸਾਲ ਆਂਕਿਆ ਗਿਆ ਹੈ। ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਅਨੁਸਾਰ, 2023 ਵਿੱਚ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.48 ਡਿਗਰੀ ਸੈਲਸੀਅਸ ਵੱਧ ਰਿਕਾਰਡ ਕੀਤਾ ਗਿਆ ਹੈ। 2023 ਵਿੱਚ ਸਾਲ ਦੇ ਹਰ ਇੱਕ ਦਿਨ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਉਸੇ ਦਿਨ ਦੇ ਤਾਪਮਾਨ ਨਾਲੋਂ 1 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੀ ਵੱਧ ਰਿਕਾਰਡ ਕੀਤਾ ਗਿਆ ਅਤੇ ਲਗਭਗ ਅੱਧਾ ਸਾਲ (50 ਫ਼ੀਸਦ ਦਿਨਾਂ ਵਿੱਚ) ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਵੱਧ ਰਿਕਾਰਡ ਕੀਤਾ ਗਿਆ।

ਭਾਰਤ ਦੇ ਤਾਪਮਾਨ ਵਿੱਚ ਇਸ ਸਾਲ ਹੋਏ ਬੇਸ਼ੁਮਾਰ ਵਾਧੇ ਲਈ ਮੌਸਮੀ ਤਬਦੀਲੀਆਂ ਦੇ ਨਾਲ-ਨਾਲ ਐਲ-ਨੀਨੋ ਦਾ ਵਰਤਾਰਾ ਵੀ ਜ਼ਿੰਮੇਵਾਰ ਹੈ। ਐਲ-ਨੀਨੋ ਪ੍ਰਸ਼ਾਤ ਮਹਾਸਾਗਰ ਨਾਲ ਜੁੜਿਆ ਅਜਿਹਾ ਵਰਤਾਰਾ ਹੈ ਜੋ ਭਾਰਤ ਦੇ ਮੌਸਮ ਉੱਤੇ ਬਹੁਤ ਅਸਰ ਪਾਉਂਦਾ ਹੈ। ਐਲ-ਨੀਨੋ ਵਾਲੇ ਸਾਲਾਂ ਵਿੱਚ ਭਾਰਤ ਵਿੱਚ ਮੌਨਸੂਨ ਪੌਣਾਂ ਘੱਟ ਮੀਂਹ ਪਾਉਂਦੀਆਂ ਹਨ ਜਿਸ ਕਾਰਨ ਮੁਲਕ ਦੇ ਕਈ ਖੇਤਰਾਂ ਵਿੱਚ ਸੋਕੇ ਵਾਲੇ ਹਾਲਤ ਪੈਦਾ ਹੋ ਜਾਂਦੇ ਹਨ। 2023 ਦੇ ਜੂਨ ਦੇ ਮਹੀਨੇ ਤੋਂ ਐਲ-ਨੀਨੋ ਵਰਤਾਰਾ ਸ਼ੁਰੂ ਹੋਇਆ ਸੀ। ਐਲ-ਨੀਨੋ ਦਾ ਪ੍ਰਭਾਵ ਆਮ ਤੌਰ ਉੱਤੇ 9-12 ਮਹੀਨੇ ਤੱਕ ਰਹਿੰਦਾ ਹੈ। ਇਸ ਨਾਲ 2023 ਵਿੱਚ ਮੀਂਹ ਵੀ ਔਸਤ ਨਾਲੋਂ ਘੱਟ ਪਿਆ ਅਤੇ ਸਰਦੀਆਂ ਵਿੱਚ ਪਹਾੜੀ ਇਲਾਕਿਆਂ ਵਿੱਚ ਬਰਫ਼ ਵੀ ਘੱਟ ਪਈ ਜਿਸ ਦੇ ਨਤੀਜੇ ਵਜੋਂ ਇਸ ਸਾਲ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

2023 ਵਿੱਚ ਅੰਧ ਮਹਾਸਾਗਰ, ਪ੍ਰਸ਼ਾਤ ਮਹਾਸਾਗਰ ਅਤੇ ਹਿੰਦ ਮਹਾਸਾਗਰ ਦੇ ਪਾਣੀ ਦਾ ਤਾਪਮਾਨ ਵੀ ਔਸਤ ਨਾਲੋਂ ਉੱਚਾ ਰਿਹਾ ਹੈ। ਅਪਰੈਲ 2024 ਵਿੱਚ ਸਾਇੰਸ ਡਾਇਰੈਕਟ ਜਰਨਲ ਵਿੱਚ ਛਪੀ ਖੋਜ ਅਨੁਸਾਰ ਹਿੰਦ ਮਹਾਸਾਗਰ ਬਾਕੀ ਮਹਾਸਾਗਰਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਗਰਮ ਹੋ ਰਿਹਾ ਹੈ। ਇਸ ਦੇ ਤਾਪਮਾਨ ਵਿੱਚ 2020-2100 ਦੇ ਅਰਸੇ ਵਿੱਚ 1.7 ਤੇ 3.8 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ ਜਿਸ ਨਾਲ ਲੰਮੇ ਸਮੇਂ ਤੱਕ ਚੱਲਣ ਵਾਲੀਆਂ ਸਮੁੰਦਰੀ ਗਰਮ ਲਹਿਰਾਂ ਵੀ ਹੋਂਦ ਵਿੱਚ ਆ ਸਕਦੀਆਂ ਹਨ। ਹਿੰਦ ਮਹਾਸਾਗਰ ਦੇ ਪਾਣੀ ਦੇ ਤਾਪਮਾਨ ਵਿੱਚ ਵਾਧੇ ਨਾਲ ਸਮੁੰਦਰ ਨਾਲ ਜੁੜੀਆਂ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ ਜੋ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ।

ਮੌਸਮੀ ਤਬਦੀਲੀਆਂ ਅਤੇ ਐਲ-ਨੀਨੋ ਦੇ ਨਾਲ-ਨਾਲ ਮੁਲਕ ਵਿੱਚ ਤਾਪਮਾਨ ਅਤੇ ਗਰਮ ਲਹਿਰਾਂ ਦੇ ਵਾਧੇ ਦੇ ਕੁਝ ਸਥਾਨਕ ਕਾਰਨ ਵੀ ਹਨ। ਇਨ੍ਹਾਂ ਵਿੱਚ ਸੰਘਣੇ ਜੰਗਲਾਂ ਅਤੇ ਸਥਾਨਕ ਦਰਖ਼ਤਾਂ ਥੱਲੇ ਘਟਦਾ ਰਕਬਾ, ਕੰਕਰੀਟ ਅਤੇ ਸ਼ੀਸ਼ੇ ਨਾਲ ਬਣੀਆਂ ਇਮਾਰਤਾਂ, ਸੜਕਾਂ ਦੀ ਵਧਦੀ ਲੰਬਾਈ ਤੇ ਚੌੜਾਈ, ਨਿੱਜੀ ਵਾਹਨਾਂ ਦੀ ਵਧ ਰਹੀ ਗਿਣਤੀ, ਏਅਰ ਕੰਡੀਸ਼ਨਰਾਂ ਦੀ ਵਧ ਰਹੀ ਵਰਤੋਂ ਆਦਿ ਵੀ ਸ਼ਾਮਲ ਹਨ।

ਤਾਪਮਾਨ ਦੇ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਨਾਲ ਲੋਕ ਹੀਟ ਸਟਰੋਕ, ਚਮੜੀ ਦੇ ਰੋਗ, ਪਾਣੀ ਦੀ ਕਮੀ ਵਰਗੀਆਂ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ। ਕਈ ਰਾਜਾਂ ਵਿੱਚ ਸਕੂਲ ਦੇ ਬੱਚੇ ਤਾਪਮਾਨ ਦੇ ਵਾਧੇ ਦੀ ਮਾਰ ਨਾ ਝੱਲਦੇ ਹੋਏ ਬੇਹੋਸ਼ ਹੋ ਰਹੇ ਹਨ। ਤਾਪਮਾਨ ਦੇ ਵਾਧੇ ਦਾ ਜਿਨਾ ਅਸਰ ਮਨੁੱਖਾਂ ਉੱਤੇ ਹੁੰਦਾ ਹੈ, ਓਨਾ ਹੀ ਮਾੜਾ ਅਸਰ ਜਾਨਵਰਾਂ, ਪਸ਼ੂਆਂ ਅਤੇ ਪੰਛੀਆਂ ਉੱਤੇ ਵੀ ਹੁੰਦਾ ਹੈ। ਰਾਜਸਥਾਨ ਤੋਂ ਚਾਰੇ ਅਤੇ ਪਾਣੀ ਦੀ ਘਾਟ ਕਾਰਨ ਪਸ਼ੂਆਂ ਦੇ ਮਰਨ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। 2022 ਵਿੱਚ ਪਾਣੀ ਦੀ ਘਾਟ ਅਤੇ ਤਾਪਮਾਨ ਦੇ ਵਾਧੇ ਕਾਰਨ ਅਨੇਕਾਂ ਪੰਛੀ ਮਰ ਗਏ ਸਨ।

ਤਾਪਮਾਨ ਦਾ ਵਾਧਾ ਫ਼ਸਲਾਂ, ਫਲਾਂ, ਸਬਜ਼ੀਆਂ ਆਦਿ ਉੱਤੇ ਵੀ ਅਸਰ ਕਰਦਾ ਹੈ। ਮਹਾਰਾਸ਼ਟਰ ਦੇ ਕੁਝ ਖੇਤਰਾਂ ਵਿੱਚ ਸੋਕੇ ਦੇ ਹਾਲਤ ਪੈਦਾ ਹੋ ਗਏ ਹਨ। ਪਹਾੜੀ ਖੇਤਰਾਂ ਵਿੱਚ ਸੇਬਾਂ ਦੀ ਪੈਦਾਵਾਰ ਉੱਤੇ ਵੀ ਅਸਰ ਪੈ ਰਿਹਾ ਹੈ। 2021-22 ਵਿੱਚ ਆਈ ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਛੇਵੀਂ ਰਿਪੋਰਟ ਅਨੁਸਾਰ ਤਾਪਮਾਨ ਵਿੱਚ 1 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਮੱਕੀ ਦੇ ਉਤਪਾਦਨ ਵਿੱਚ 25 ਤੋਂ 70 ਫ਼ੀਸਦ ਅਤੇ ਚੌਲਾਂ ਦੇ ਉਤਪਾਦਨ ਵਿੱਚ 10 ਤੋਂ 30 ਫ਼ੀਸਦ ਕਮੀ ਆ ਸਕਦੀ ਹੈ। ਨਤੀਜੇ ਵਜੋਂ ਘੱਟ ਪੈਦਾਵਰ ਹੋਣ ਨਾਲ ਕਿਸਾਨਾਂ ਦੀ ਆਮਦਨੀ ਘਟੇਗੀ ਅਤੇ ਅਨਾਜ ਦੀ ਥੁੜ ਪੈਦਾ ਹੋ ਜਾਵੇਗੀ। ਅਨਾਜਾਂ ਦੀ ਥੁੜ ਕਾਰਨ ਮਹਿੰਗਾਈ ਵਧੇਗੀ। ਅਨਾਜ ਗ਼ਰੀਬਾਂ ਦੀ ਪਹੁੰਚ ਤੋਂ ਬਾਹਰ ਹੋ ਜਾਣਗੇ ਜਿਸ ਨਾਲ ਕੁਪੋਸ਼ਣ ਵਧੇਗਾ ਅਤੇ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ ਹੋ ਜਾਵੇਗਾ।

ਤਾਪਮਾਨ ਵਿੱਚ ਵਾਧੇ ਨਾਲ ਹਿਮਾਲਿਆ ਵਿਚਲੇ ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਲੱਗ ਜਾਣਗੇ ਜਿਸ ਕਾਰਨ ਗਲੇਸ਼ੀਅਰ ਝੀਲਾਂ ਦੇ ਆਕਾਰ ਵਿੱਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਉਨ੍ਹਾਂ ਦੇ ਫਟਣ ਦਾ ਖ਼ਤਰਾ ਵਧੇਗਾ। ਇੰਡੀਅਨ ਸਪੇਸ ਰਿਸਰਚ ਔਰਗਨਾਈਜ਼ੇਸ਼ਨ ਦੀ ਖੋਜ ਅਨੁਸਾਰ, ਹਿਮਾਲੀਆ ਵਿਚਲੀਆਂ ਚਾਰ ਵਿੱਚੋਂ ਇੱਕ ਗਲੇਸ਼ੀਅਰ ਝੀਲਾਂ ਦਾ ਆਕਾਰ 10 ਹੈਕਟੇਅਰ ਤੋਂ ਵੱਧ ਹੈ। ਇਨ੍ਹਾਂ ਵੱਡੀਆਂ ਝੀਲਾਂ ਵਿੱਚੋਂ ਲਗਭਗ 89 ਫ਼ੀਸਦ ਦਾ ਆਕਾਰ 1984 ਤੋਂ ਬਾਅਦ ਦੁੱਗਣਾ ਹੋ ਗਿਆ ਹੈ। ਇਹ ਝੀਲਾਂ ਕਿਸੇ ਵੀ ਸਮੇਂ ਫਟ ਸਕਦੀਆਂ ਹਨ ਜੋ ਪਹਾੜੀ ਖੇਤਰਾਂ ਦੇ ਨਾਲ-ਨਾਲ ਮੈਦਾਨੀ ਖੇਤਰਾਂ ਵਿੱਚ ਭਾਰੀ ਹੜ੍ਹ ਲਿਆ ਸਕਦੀਆਂ ਹਨ। ਅਕਤੂਬਰ 2023 ਵਿੱਚ ਸਿੱਕਮ ਵਿੱਚ ਲੋਹਨੱਕ ਗਲੇਸ਼ੀਅਰ ਝੀਲ ਫਟ ਗਈ ਸੀ ਜਿਸ ਕਾਰਨ ਭਿਆਨਕ ਹੜ੍ਹ ਆਏ ਸਨ ਅਤੇ ਕਾਫ਼ੀ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ।

ਤਾਪਮਾਨ ਦੇ ਵਾਧੇ ਅਤੇ ਗਰਮ ਲਹਿਰਾਂ ਤੋਂ ਨਿਜਾਤ ਪਾਉਣ ਲਈ ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਨੂੰ ਫੌਰੀ ਯਤਨਾਂ ਦੇ ਨਾਲ-ਨਾਲ ਯੋਜਨਾਵਾਂ ਬਣਾ ਕੇ ਆਉਣ ਵਾਲੇ ਸਮੇਂ ਲਈ ਵੀ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ। ਇਸ ਲਈ ਆਵਾਜਾਈ ਦੇ ਸਾਧਨਾਂ, ਰਹਿਣ-ਸਹਿਣ ਦੇ ਤੌਰ-ਤਰੀਕਿਆਂ, ਖਾਣ-ਪੀਣ ਦੀਆਂ ਆਦਤਾਂ ਆਦਿ ਦੇ ਬਦਲਣ ਦੇ ਨਾਲ-ਨਾਲ ਇਮਾਰਤਾਂ ਦੀ ਉਸਾਰੀ ਲਈ ਵਰਤੀ ਜਾ ਰਹੀ ਸਮੱਗਰੀ ਵੀ ਸਥਾਨਕ ਖੇਤਰਾਂ ਦੇ ਅਨੁਸਾਰ ਲਗਾਉਣੀ ਚਾਹੀਦੀ ਹੈ। ਆਵਾਜਾਈ ਦੇ ਸਾਧਨਾਂ ਤੋਂ ਪੈਦਾ ਹੋ ਰਹੀਆਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਨਿੱਜੀ ਵਾਹਨਾਂ ਦੀ ਥਾਂ ਉੱਤੇ ਜਨਤਕ ਆਵਾਜਾਈ ਦੇ ਸਾਧਨਾਂ ਵਿੱਚ ਤੇਜ਼ੀ ਨਾਲ ਤਬਦੀਲੀਆਂ ਕਰ ਕੇ ਲੋਕਾਂ ਅਤੇ ਸਮੇਂ ਦੇ ਹਾਣ ਦੀ ਬਣਾਉਣ ਦੀ ਜ਼ਰੂਰਤ ਹੈ। ਜੰਗਲਾਂ ਥੱਲੇ ਰਕਬਾ ਵਧਾਉਣ ਦੇ ਨਾਲ-ਨਾਲ ਸੰਘਣੇ ਜੰਗਲਾਂ ਦੀ ਕਟਾਈ ਉੱਤੇ ਪੂਰਨ ਤੌਰ ਉੱਤੇ ਰੋਕ ਲਗਾਉਣੀ ਚਾਹੀਦੀ ਹੈ। ਹਰ ਖੇਤਰ ਵਿੱਚ ਵਪਾਰਕ ਤੌਰ ਉੱਤੇ ਫ਼ਾਇਦੇਮੰਦ ਅਤੇ ਸਜਾਵਟੀ ਦਰਖ਼ਤਾਂ ਦੀ ਥਾਂ ਉੱਤੇ ਸਥਾਨਕ ਦਰਖਤ ਤਰਜੀਹੀ ਤੌਰ ਉੱਤੇ ਲਗਾਉਣੇ ਚਾਹੀਦੇ ਹਨ। ਪਹਾੜੀ ਰਾਜਾਂ ਵਿੱਚ ਤਾਪਮਾਨ ਦੂਜੇ ਖੇਤਰਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ ਜਿਸ ਕਾਰਨ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਲਈ ਪਹਾੜੀ ਰਾਜਾਂ ਵਿੱਚ ਗ਼ੈਰ-ਜ਼ਰੂਰੀ ਉਸਾਰੀਆਂ (ਚੌੜੀਆਂ ਸੜਕਾਂ, ਹੋਟਲਾਂ ਆਦਿ) ਉੱਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਨਦੀਆਂ ਉੱਤੇ ਬਹੁ-ਮੁਖੀ ਯੋਜਨਾਵਾਂ ਦੀ ਉਸਾਰੀ ਵੀ ਪਹਾੜੀ ਖੇਤਰਾਂ ਦੀ ਸਮਰੱਥਾ ਅਨੁਸਾਰ ਹੋਣੀ ਚਾਹੀਦੀ ਹੈ। ਤੱਟਵਰਤੀ ਖੇਤਰਾਂ ਨੂੰ ਤਾਪਮਾਨ ਦੇ ਵਾਧੇ ਦੀ ਮਾਰ ਤੋਂ ਬਚਾਉਣ ਲਈ ਉਨ੍ਹਾਂ ਖੇਤਰਾਂ ਦੀਆਂ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਤੱਟਵਰਤੀ ਖੇਤਰਾਂ ਵਿਚਲੀ ਬਨਸਪਤੀ ਨੂੰ ਉਚੇਰੇ ਤੌਰ ਉੱਤੇ ਬਚਾਇਆ ਜਾਵੇ ਕਿਉਂਕਿ ਉਹ ਕੁਦਰਤੀ ਆਫ਼ਤ-ਰੋਕੂ ਹੁੰਦੇ ਹਨ ਜੋ ਇਨ੍ਹਾਂ ਖੇਤਰਾਂ ਨੂੰ ਅਤੇ ਇੱਥੇ ਵਸੇ ਲੋਕਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਂਦੇ ਹਨ। ਹਰ ਖੇਤਰ ਵਿੱਚ ਸ਼ੀਸ਼ੇ ਅਤੇ ਕੰਕਰੀਟ ਦੀਆਂ ਇਮਾਰਤਾਂ ਬਣਾਉਣ ਦੀ ਥਾਂ ਉੱਤੇ ਸਥਾਨਕ ਤਕਨੀਕ ਅਤੇ ਲੋੜਾਂ ਅਨੁਸਾਰ ਹੀ ਇਮਾਰਤਾਂ ਬਣਾਉਣੀਆਂ ਚਾਹੀਦੀਆਂ ਹਨ। ਕੇਂਦਰ ਸਰਕਾਰ ਨੂੰ ਕੌਮਾਂਤਰੀ ਪੱਧਰ ਉੱਤੇ ਵੀ ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਲਈ ਕੀਤੇ ਵਾਅਦੇ ਪੂਰੇ ਕਰਨ ਦੇ ਭਰਪੂਰ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਆਪਣੀ ਬਣਦੀ ਜ਼ਿੰਮੇਵਾਰ ਨਿਭਾਉਣੀ ਚਾਹੀਦੀ ਹੈ।

# ਕੈਨੇਡਾ ਨੇ ਰਿਪੁਦਮਨ ਦੇ ਬੇਟੇ ਦੀ ਜਾਨ ਨੂੰ ਵੀ ਭਾਰਤ ਤੋਂ ਦੱਸਿਆ ਖਤਰਾ

**ਔਟਵਾ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਆਗੂ ਹਰਦੀਪ ਸਿੰਘ ਨਿੱਜਰ ਦੀ ਮੌਤ ਨੂੰ ਲੈ ਕੇ ਭਾਰਤ 'ਤੇ ਦੋਸ਼ ਲਾਉਣ ਤੋਂ ਬਾਅਦ ਕੈਨੇਡਾ ਨੇ ਹੁਣ ਇੱਕ ਵਾਰ ਫ਼ਿਰ ਭਾਰਤ 'ਤੇ ਨਿਸ਼ਾਨਾ ਲਾਇਆ ਹੈ। ਕੈਨੇਡਾ ਹੁਣ ਏਅਰ ਇੰਡੀਆ ਬੰਬ ਧਮਾਕੇ 'ਚ ਬਰੀ ਹੋਏ ਰਿਪੁਦਮਨ ਸਿੰਘ ਮਲਿਕ ਦੇ ਬੇਟੇ ਹਰਦੀਪ ਮਲਿਕ ਦੀ ਜਾਨ ਦੇ ਖ਼ਤਰੇ ਨੂੰ ਲੈ ਕੇ ਭਾਰਤ 'ਤੇ ਉਂਗਲ ਚੁੱਕੀ ਹੈ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਨੇ ਹਰਦੀਪ ਮਲਿਕ ਦੀ ਜਾਨ ਨੂੰ ਖ਼ਤਰੇ ਨੂੰ ਲੈ ਕੇ ਇੱਕ ਐਲਰਟ ਜਾਰੀ ਕੀਤਾ ਹੈ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ (RCMP) ਨੇ ਡਿਊਟੀ ਟੂ ਵਾਰਨ ਦਾ ਇੱਕ ਨੋਟਿਸ ਭੇਜਿਆ ਹੈ। ਇਹ ਪੱਤਰ ਕੈਨੇਡਾ ਪੁਲੀਸ ਵਲੋਂ ਪਿਛਲੇ ਹਫ਼ਤੇ ਮਲਿਕ ਪਰਿਵਾਰ ਦੀ ਫ਼ਰਾਂਸ ਯਾਤਰਾ ਦੌਰਾਨ ਭੇਜਿਆ ਗਿਆ ਸੀ ਜਿਸ 'ਚ ਲਿਖਿਆ ਹੈ ਕਿ ਇੱਕ ਅਪਰਾਧਕ ਸਾਜ਼ਿਸ਼ ਕਾਰਨ ਹਰਦੀਪ ਮਲਿਕ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਹਰਦੀਪ ਮਲਿਕ ਸਮੇਤ ਬ੍ਰਿਟਿਸ਼ ਕੋਲੰਬੀਆ 'ਚ ਸਿੱਖ ਵੱਖਵਾਦੀ ਅੰਦੋਲਨ ਨਾਲ ਜੁੜੇ ਕਈ ਲੋਕਾਂ ਨੂੰ ਡਿਊਟੀ ਟੂ ਵਾਰਨ ਪੱਤਰ ਪ੍ਰਾਪਤ ਹੋਏ ਹਨ ਜਿਹੜੇ ਲੋਕਾਂ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਖ਼ਤਰਿਆਂ ਬਾਰੇ ਸੂਚਿਤ ਕਰਦੇ ਹਨ। ਕੈਨੇਡਾ ਪੁਲੀਸ ਵਲੋਂ ਹਾਲ ਹੀ ਦੇ ਦਿਨਾਂ 'ਚ ਬ੍ਰਿਟਿਸ਼ ਕੋਲੰਬੀਆ 'ਚ ਖ਼ਾਲਿਸਤਾਨੀ ਅੰਦੋਲਨ ਨਾਲ ਜੁੜੇ ਕਈ ਲੋਕਾਂ ਨੂੰ ਅਜਿਹੇ ਨੋਟਿਸ ਮਿਲੇ ਹਨ ਜਿਨ੍ਹਾਂ 'ਚ ਉਨ੍ਹਾਂ ਦੀਆਂ ਜਾਨਾਂ ਨੂੰ ਖ਼ਤਰਾ ਦੱਸਿਆ ਗਿਆ ਹੈ। ਜੂਨ 2023 'ਚ ਹੱਤਿਆ ਤੋਂ ਪਹਿਲਾਂ ਨਿੱਜਰ ਨੂੰ ਵੀ ਇੱਕ ਅਜਿਹਾ ਪੱਤਰ ਭੇਜਿਆ ਗਿਆ ਸੀ।



ਹਰਦੀਪ ਮਲਿਕ ਦੀ ਜਾਨ ਨੂੰ ਖ਼ਤਰੇ ਅਤੇ ਰਿਪੁਦਮਨ ਸਿੰਘ ਦੀ ਹੱਤਿਆ ਦੀ ਜਾਂਚ ਨਾਲ ਕੈਨੇਡਾ ਨੇ ਇਹ ਸੰਕੇਤ ਵੀ ਦਿੱਤਾ ਹੈ ਕਿ ਨਿੱਜਰ ਦੀ ਹੱਤਿਆ ਤੋਂ ਪਹਿਲਾਂ ਦੀਆਂ ਘਟਨਾਵਾਂ 'ਚ ਵੀ ਉਹ ਭਾਰਤ ਦਾ ਹੱਥ ਮੰਨਦਾ ਹੈ। ਕੈਨੇਡਾ ਵਲੋਂ ਇਸ ਤਰ੍ਹਾਂ ਦੇ ਦੋਸ਼ਾਂ ਤੋਂ ਬਾਅਦ ਹਾਲੀਆ ਸਮੇਂ 'ਚ ਦੋਹਾਂ ਦੇਸ਼ਾਂ ਦੇ ਰਿਸ਼ਤੇ ਵੀ ਖ਼ਰਾਬ ਹੋਏ ਹਨ। ਕੈਨੇਡਾ ਨੇ ਹਾਲ ਦੇ ਸਮੇਂ 'ਚ ਭਾਰਤ 'ਤੇ ਲਗਾਤਾਰ ਗੰਭੀਰ ਦੋਸ਼ ਲਾਏ ਸਨ, ਖਾਸ ਤੌਰ ਨਾਲ ਹਰਦੀਪ ਨਿੱਜਰ ਦੀ ਹੱਤਿਆ 'ਚ ਕੈਨੇਡਾ ਸਰਕਾਰ ਨੇ ਭਾਰਤ ਸਰਕਾਰ ਦਾ ਹੱਥ ਹੋਣ ਦੀ ਗੱਲ ਕਹੀ ਸੀ ਜਿਸ ਨਾਲ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ 'ਚ ਖਟਾਸ ਪੈਦਾ ਕਰ ਦਿੱਤੀ ਸੀ।

ਇਸ ਮਾਮਲੇ ਵਿਚਾਲੇ ਹੁਣ ਕੈਨੇਡਾ ਸਰਕਾਰ ਨੇ ਰਿਪੁਦਮਨ ਸਿੰਘ ਦਾ ਮਾਮਲਾ ਚੁੱਕ ਲਿਆ ਹੈ। ਕੈਨੇਡਾ ਪੁਲੀਸ ਨੇ ਆਪਣੇ ਇੱਕ ਹੋਰ ਸਿੱਖ ਨਾਗਰਿਕ ਦੇ ਜੀਵਨ ਨੂੰ ਖ਼ਤਰਾ ਦੱਸਦੇ ਹੋਏ ਭਾਰਤ ਵੱਲ ਸੰਕੇਤ ਕੀਤਾ ਹੈ, ਅਤੇ ਨਾਲ ਹੀ ਉਸ ਦੇ ਪਿਤਾ ਦੀ ਹੱਤਿਆ 'ਚ ਵੀ ਭਾਰਤ ਦੇ ਰੋਲ ਦੀ ਜਾਂਚ ਕਰਨ ਦੀ ਗੱਲ ਕਹੀ ਹੈ। ਕੈਨੇਡਾ ਪੁਲੀਸ ਨੇ ਸਾਲ 1985 'ਚ ਏਅਰ ਇੰਡੀਆ ਦੇ ਜਹਾਜ਼ 'ਚ ਹੋਏ ਘਾਤਕ ਬੰਬ ਧਮਾਕੇ ਦੇ ਦੋਸ਼ੀ ਗਰਦਾਨੇ ਗਏ ਰਿਪੁਦਮਨ ਸਿੰਘ ਮਲਿਕ ਦੇ ਬੇਟੇ ਦੀ ਜਾਨ ਨੂੰ ਖ਼ਤਰਾ ਦੱਸਿਆ ਹੈ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਵਲੋਂ ਅਧਿਕਾਰਿਕ ਤੌਰ 'ਤੇ ਜਾਰੀ ਇੱਕ ਬਿਆਨ 'ਚ ਕਿਹਾ ਕਿ ਹਰਦੀਪ ਮਲਿਕ ਦੇ ਜੀਵਨ ਨੂੰ ਕਿਸੇ ਸਾਜ਼ਿਸ਼ ਕਾਰਨ ਖ਼ਤਰਾ ਹੋ ਸਕਦਾ ਹੈ। ਹਰਦੀਪ ਮਲਿਕ ਕੈਨੇਡਾ ਦੇ ਸਰੀ 'ਚ ਰਹਿੰਦਾ ਹੈ, ਅਤੇ ਵੱਡੇ ਵਪਾਰੀ ਰਹੇ ਰਿਪੁਦਮਨ ਸਿੰਘ ਮਲਿਕ ਦਾ ਬੇਟਾ ਹੈ। ਰਿਪੁਦਮਨ ਸਿੰਘ ਮਲਿਕ ਦੀ ਸਰੀ ਦੇ ਨਿਊਟਨ ਇਲਾਕੇ 'ਚ ਗੋਲੀਬਾਰੀ 'ਚ ਮੌਤ ਹੋ ਗਈ ਸੀ।

ਰਿਪੁਦਮਨ ਸਿੰਘ 'ਤੇ 23 ਜੂਨ 1985 ਨੂੰ ਕੈਨੇਡਾ ਤੋਂ ਲੰਡਨ ਹੁੰਦੇ ਹੋਏ ਜਾ ਰਹੇ ਏਅਰ ਇੰਡੀਆ ਦੇ ਜਹਾਜ਼ 'ਚ ਆਇਰਿਸ਼ ਤੱਟ ਕੋਲ ਧਮਾਕਾ ਕਰਵਾਉਣ ਦਾ ਦੋਸ਼ ਲੱਗਾ ਸੀ। ਉਸ ਜਹਾਜ਼ 'ਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ। ਕੈਨੇਡੀਆਈ ਜਾਂਚਕਰਤਾਵਾਂ ਨੇ ਕਿਹਾ ਸੀ ਕਿ ਬੰਬ ਧਮਾਕਿਆਂ ਦੀ ਯੋਜਨਾ ਸਿੱਖ ਵੱਖਵਾਦੀਆਂ ਨੇ ਬਣਾਈ ਸੀ ਜਿਹੜੇ 1984 'ਚ ਗੋਲਡਨ ਟੈਂਪਲ 'ਤੇ ਭਾਰਤੀ ਫ਼ੌਜ ਦੇ ਘਾਤਕ ਹਮਲੇ ਦਾ ਬਦਲਾ ਲੈਣਾ ਚਾਹੁੰਦੇ ਸਨ ਹਾਲਾਂਕਿ ਰਿਪੁਦਮਨ ਸਿੰਘ 'ਤੇ ਦੋਸ਼ ਸਾਬਿਤ ਨਹੀਂ ਸਨ ਹੋ ਸਕੇ, ਅਤੇ ਕੋਰਟ ਤੋਂ ਉਹ ਬਰੀ ਹੋ ਗਿਆ ਸੀ। ਰਿਪੁਦਮਨ ਸਿੰਘ ਮਲਿਕ ਦੀ 14 ਜੁਲਾਈ 2022 ਨੂੰ ਸਰੀ 'ਚ ਉਸ ਦੇ ਦਫ਼ਤਰ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਦੂਜੇ ਪਾਸੇ RCMP ਅਫ਼ਸਰ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਕੀ ਰਿਪੁਦਮਨ ਸਿੰਘ ਦੀ ਹੱਤਿਆ ਪਿੱਛੇ ਭਾਰਤ ਸਰਕਾਰ ਦਾ ਹੱਥ ਸੀ। RCMP ਦਾ ਮੰਨਣਾ ਹੈ ਕਿ ਭਾਰਤ ਸਰਕਾਰ ਪਿਛਲੇ ਸਾਲ ਇੱਕ ਪ੍ਰਮੁੱਖ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਜਰ ਦੀ ਹੱਤਿਆ 'ਚ ਸ਼ਾਮਿਲ ਸੀ। ਸਿੰਘ ਮਲਿਕ ਦੀ ਪਤਨੀ ਅਤੇ ਪਰਿਵਾਰ ਦੇ ਦੂਜੇ ਹੋਰ ਮੈਂਬਰ ਪਿਛਲੇ ਹਫ਼ਤੇ ਫ਼ਰਾਂਸ 'ਚ ਯਾਤਰਾ ਕਰ ਰਹੇ ਸਨ। ਇਸ ਦੌਰਾਨ RCMP ਨੇ ਹਰਦੀਪ ਮਲਿਕ ਨੂੰ ਇੱਕ ਪੱਤਰ ਦਿੰਦੇ ਹੋਏ ਚਿਤਾਵਨੀ ਦਿੱਤੀ ਸੀ ਕਿ ਇੱਕ ਅਪਰਾਧਕ ਸਾਜ਼ਿਸ਼ ਕਾਰਨ ਉਸ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। RCMP ਦਾ ਇਹ ਪੱਤਰ ਕਿਸੇ ਨੂੰ ਉਸ ਦੀ ਸੁਰੱਖਿਆ ਲਈ ਖ਼ਤਰੇ ਦੇ ਬਾਰੇ 'ਚ ਜਾਗਰੂਕ ਹੋਣ ਦੇ ਬਾਰੇ 'ਚ ਕਹਿੰਦਾ ਹੈ।

# ਉਡੀਕ 'ਚ ਬਿਰਖ ਹੋ ਗਿਆ ਬਰਗਾੜੀ

**ਬਰਗਾੜੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਰੀਦਕੋਟ ਸੰਸਦੀ ਹਲਕੇ ਦਾ ਕਸਬਾ ਬਰਗਾੜੀ ਅੱਜ ਵੀ ਬੇਅਦਬੀ ਦੀ ਚੀਸ ਝੱਲ ਰਿਹਾ ਹੈ। ਜਦੋਂ ਕੋਈ ਛੋਟੀ ਵੱਡੀ ਚੋਣ ਆਉਂਦੀ ਹੈ ਤਾਂ ਬਰਗਾੜੀ ਦੇ ਜ਼ਖ਼ਮ ਮੁੜ ਅੱਲੇ ਹੋ ਜਾਂਦੇ ਹਨ। ਦੁਨੀਆਂ ਭਰ 'ਚ ਬਰਗਾੜੀ ਉਸ ਵੇਲੇ ਚਰਚਾ 'ਚ ਆਇਆ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਪਹਿਲਾ ਕੇਸ ਸਾਹਮਣੇ ਆਇਆ ਸੀ। ਬਰਗਾੜੀ ਦੇ ਗੁਰੂ ਘਰ ਨੇੜੇ 12 ਅਕਤੂਬਰ 2015 ਨੂੰ ਗੁਰੂ ਗ੍ਰੰਥ ਸਾਹਿਬ ਦੇ 110 ਅੰਗ ਖਿੱਲਰੇ ਹੋਏ ਮਿਲੇ ਸਨ। ਉਸ ਤੋਂ ਪਹਿਲਾਂ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ 'ਚੋਂ ਪਹਿਲੀ ਜੂਨ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋ ਗਏ ਸਨ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਸਰਕਾਰ ਸਮੇਂ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਜਿਸ ਕਰ ਕੇ ਉਨ੍ਹਾਂ ਦੇ ਹੱਥੋਂ ਸਰਕਾਰ ਹੀ ਨਿਕਲ ਗਈ। ਬੇਅਦਬੀ ਮਾਮਲਿਆਂ 'ਚ ਇਨਸਾਫ਼ ਦਿਵਾਉਣ ਦੇ ਭਰੋਸੇ ਨਾਲ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹਕੂਮਤ ਦਿੱਤੀ ਸੀ, ਪਰ ਕਾਂਗਰਸ ਸਰਕਾਰ ਨੇ ਵੀ ਲੋਕਾਂ ਦਾ ਵਿਸ਼ਵਾਸ ਤੋੜ ਦਿੱਤਾ। ਹਾਲੇ ਵੀ ਬੇਅਦਬੀ ਮਾਮਲਿਆਂ ਦਾ ਨਿਆਂ ਕਿਸੇ ਤਣ-ਪੱਤਣ ਨਹੀਂ ਲੱਗਿਆ।



ਬਰਗਾੜੀ ਦੇ ਲੋਕ ਜਿਹੜੇ ਪਹਿਲਾਂ ਅਕਾਲੀ ਦਲ ਨੂੰ ਹੀ ਕਟਹਿਰੇ 'ਚ ਖੜ੍ਹਾ ਕਰਦੇ ਸਨ, ਉਨ੍ਹਾਂ ਦੀ ਨਜ਼ਰਾਂ 'ਚ ਹੁਣ ਸਭ ਇੱਕ ਹਨ। ਉਨ੍ਹਾਂ ਦੀ ਮੌਜੂਦਾ ਹਕੂਮਤ ਤੋਂ ਵੀ ਤਸੱਲੀ ਨਹੀਂ।

ਜਿਸ ਜਗ੍ਹਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੱਲਰੇ ਮਿਲੇ ਸਨ, ਉਸ ਦੇ ਨੇੜੇ ਹੀ ਸੱਥ 'ਚ ਬੈਠੇ ਲੋਕਾਂ ਨੇ ਹਰ ਸਿਆਸੀ ਪਾਰਟੀ 'ਤੇ ਨਿਸ਼ਾਨਾ ਸੇਧਿਆ। ਬਰਗਾੜੀ ਦਾ ਜਗਸੀਰ ਸਿੰਘ ਕਹਿੰਦਾ ਹੈ ਕਿ ਅਕਾਲੀਆਂ ਨੇ ਸਿਰਸੇ ਵਾਲੇ ਨੂੰ ਮੁਆਫ਼ੀ ਦਿੱਤੀ ਅਤੇ ਅਮਰਿੰਦਰ ਸਰਕਾਰ ਨੇ ਨਿਆਂ ਦਾ ਵਾਅਦਾ ਕਰ ਕੇ ਧੋਖਾ ਕੀਤਾ। ਉਹ ਆਖਦਾ ਹੈ ਕਿ ਹਾਲੇ ਵੀ ਕੋਈ ਪਤਾ ਨਹੀਂ ਕਿ ਇਨਸਾਫ਼ ਮਿਲੇਗਾ ਜਾਂ ਨਹੀਂ। ਲੋਕ ਸਭਾ ਚੋਣਾਂ 2019 'ਚ ਬਰਗਾੜੀ 'ਚੋਂ ਕਾਂਗਰਸ ਨੂੰ ਸਭ ਤੋਂ ਵੱਧ ਵੋਟਾਂ ਮਿਲੀਆਂ ਜੋ 2, 437 ਸਨ। ਓਦੋਂ ਅਕਾਲੀ ਦਲ ਨੂੰ 1597 ਅਤੇ ਆਮ ਆਦਮੀ ਪਾਰਟੀ ਨੂੰ 435 ਵੋਟਾਂ ਹੀ ਮਿਲੀਆਂ ਸਨ।

ਮੌਜੂਦਾ ਚੋਣਾਂ 'ਚ ਬਰਗਾੜੀ ਦੇ ਲੋਕਾਂ ਦਾ ਕਿਸੇ ਸਿਆਸੀ ਪਾਰਟੀ ਵੱਲ ਬਹੁਤਾ ਝੁਕਾਅ ਨਹੀਂ ਰਿਹਾ। ਬੇਸ਼ੱਕ ਪੰਜਾਬ ਦੇ ਦੂਜੇ ਹਿੱਸਿਆਂ 'ਚ ਬੇਅਦਬੀ ਦਾ ਮੁੱਦਾ ਉੱਭਰ ਨਹੀਂ ਰਿਹਾ, ਪਰ ਬਰਗਾੜੀ ਦੇ ਲੋਕਾਂ ਦੇ ਮਨਾਂ 'ਤੇ ਲੱਗੀ ਸੱਟ ਅੱਜ ਵੀ ਰੜਕਦੀ ਹੈ।

# ਭਾਰਤ ਦੇ 700 ਵਿਦਿਆਰਥੀਆਂ ਦੇ ਭਵਿੱਖ ਨਾਲ ਖੇਡਣ ਵਾਲੇ ਏਜੰਟ ਬ੍ਰਿਜੇਸ਼ ਮਿਸ਼ਰਾ ਨੂੰ ਕੈਨੇਡਾ ਅਦਾਲਤ ਨੇ 3 ਸਾਲ ਦੀ ਸਜ਼ਾ ਸੁਣਾਈ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਲਜਾਂ ਦੇ ਜਾਅਲੀ ਦਸਤਾਵੇਜ਼ਾਂ 'ਤੇ ਸਵੱਡੀ ਵੀਜ਼ੇ ਲਗਵਾ ਕੇ 700 ਵਿਦਿਆਰਥੀਆਂ ਨੂੰ ਕੈਨੇਡਾ ਭੇਜਣ ਵਾਲੇ ਧੋਖੇਬਾਜ਼ ਟਰੈਵਲ ਏਜੰਸਟ ਬ੍ਰਿਜੇਸ਼ ਮਿਸ਼ਰਾ ਨੂੰ ਵੈਨਕੂਵਰ ਦੀ ਅਦਾਲਤ ਵਿੱਚ ਇਮੀਗ੍ਰੇਸ਼ਨ ਅਪਰਾਧਾਂ ਲਈ ਦੋਸ਼ੀ ਕਰਾਰ ਦਿੰਦਿਆਂ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। 37 ਸਾਲਾ ਬ੍ਰਿਜੇਸ਼ ਮਿਸ਼ਰਾ ਨੂੰ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੀ ਜਾਂਚ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ 2016 ਅਤੇ 2020 ਦੇ ਵਿਚਕਾਰ ਭਾਰਤ ਵਿਦਿਆਰਥੀਆਂ ਨੂੰ ਜਾਅਲੀ ਦਸਤਾਵੇਜ਼ ਲਗਾ ਦੇ ਕੈਨੇਡਾ ਭੇਜਿਆ ਸੀ। ਇਸ ਵਿੱਚ ਬਹੁਗਿਣਤੀ ਪੰਜਾਬੀਆਂ ਦੀ ਹੈ। ਮਿਸ਼ਰਾ ਨੇ ਅੱਜ ਵੈਨਕੂਵਰ ਅਦਾਲਤ ਵਿੱਚ ਕੈਨੇਡੀਅਨ ਇਮੀਗ੍ਰੇਸ਼ਨ ਦੇ ਕਈ ਅਪਰਾਧਾਂ ਲਈ ਮੁਆਫੀ ਮੰਗੀ। ਮਿਸ਼ਰਾ ਨੂੰ ਜੂਨ 2023 ਵਿਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੀ ਹਿਰਾਸਤ ਦੇ ਸਮੇਂ ਨੂੰ ਸਜ਼ਾ ਗਿਣਿਆ ਜਾਵੇਗਾ ਤੇ ਇਸ ਤਰ੍ਹਾਂ ਉਸ ਨੂੰ 19 ਮਹੀਨੇ ਹੋਰ ਜੇਲ੍ਹ 'ਚ ਰਹਿਣਾ ਪਵੇਗਾ। ਉਹ ਟੂਰਿਸਟ ਵੀਜ਼ੇ 'ਤੇ ਕੈਨੇਡਾ ਵਿਚ ਦਾਖਲ ਹੋਇਆ ਸੀ, ਜਿਸ ਦੀ ਮਿਆਦ ਉਸ ਦੀ ਗ੍ਰਿਫਤਾਰੀ ਦੇ ਸਮੇਂ ਖਤਮ ਹੋ ਚੁੱਕੀ ਸੀ। ਜਾਂਚ ਦੌਰਾਨ 12 ਪੀੜਤ ਸਾਹਮਣੇ ਆਏ ਹਨ। ਕੈਨੇਡਾ ਵਿੱਚ ਆਪਣੀ ਸਜ਼ਾ ਭੁਗਤਣ ਤੋਂ ਬਾਅਦ ਮਿਸ਼ਰਾ ਨੂੰ ਭਾਰਤ ਭੇਜੇ ਜਾਣ ਦੀ ਉਮੀਦ ਹੈ ਜਿੱਥੇ ਉਸ ਨੂੰ ਮਨੁੱਖੀ ਤਸਕਰੀ ਦੇ ਅਪਰਾਧ ਸਮੇਤ ਹੋਰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਦਾਲਤ ਵਿੱਚ ਕੋਈ ਵੀ ਪੀੜਤ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਮੌਜੂਦ ਨਹੀਂ ਸਨ।

# ਮੇਜਰ ਰਾਧਿਕਾ ਸੇਨ ਦਾ ਯੂਐੱਨ ਦੇ ਵੱਕਾਰੀ ਪੁਰਸਕਾਰ ਨਾਲ ਸਨਮਾਨ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਵੱਲੋਂ ਕੌਮਾਂਤਰੀ ਸੰਯੁਕਤ ਰਾਸ਼ਟਰ ਸ਼ਾਂਤੀਦੂਤ ਦਿਵਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਭਾਰਤੀ ਮਹਿਲਾ ਸ਼ਾਂਤੀਦੂਤ ਮੇਜਰ ਰਾਧਿਕਾ ਸੇਨ ਨੂੰ '2023 ਯੂਨਾਈਟਿਡ ਨੇਸ਼ਨਜ਼ ਮਿਲਟਰੀ ਜੈਂਡਰ ਐਡਵੋਕੇਟ ਆਫ ਦਿ ਯੀਅਰ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਕਾਂਗੋ ਵਿੱਚ ਸੰਯੁਕਤ ਰਾਸ਼ਟਰ ਮਿਸ਼ਨ 'ਚ ਸੇਵਾ ਨਿਭਾਅ ਚੁੱਕੀ ਮੇਜਰ ਰਾਧਿਕਾ ਸੇਨ ਨੂੰ ਹਕੀਕਤ ਵਿੱਚ ਅਗਵਾਈ ਕਰਨ ਵਾਲੀ ਆਗੂ ਅਤੇ ਪ੍ਰੇਰਨਾ ਸਰੋਤ ਦੱਸਿਆ।



# ਆਯੁਰਵੈਦਿਕ ਵਿਧੀ ਰਾਹੀਂ ਅੱਖਾਂ ਦੀ ਸਾਂਭ ਸੰਭਾਲ



ਅੱਖਾਂ ਕੁਦਰਤ ਵਲੋਂ ਮਨੁੱਖ ਨੂੰ ਬਖਸ਼ਿਆ ਹੋਇਆ ਅਨਮੋਲ ਤੋਹਫਾ ਹਨ। ਕੁਦਰਤ ਦੀ ਇਸ ਅਨਮੁਲੀ ਦਾਤ ਦੀ ਸਾਂਭ ਸੰਭਾਲ ਕਰਕੇ ਆਯੁਰਵੈਦਿਕ ਵਿਧੀ ਰਾਹੀਂ ਨਜ਼ਰ ਦੀ ਕਮਜ਼ੋਰੀ ਤੋਂ ਬਚਿਆ ਜਾ ਸਕਦਾ ਹੈ। ਜਦ ਅੱਖਾਂ ਦੀ ਲੈਂਸ ਦੀ ਪਾਰਦਸ਼ਤਾ ਹਲਕੀ ਹੋਣ ਲੱਗੇ ਅਤੇ ਧੁੰਦਲਾ ਦਿਖਾਈ ਦੇਣ ਲੱਗ ਪਵੇ ਤਾਂ ਉਸਨੂੰ ਮੋਤੀਆ ਬਿੰਦ ਕਿਹਾ ਜਾਂਦਾ ਹੈ। ਮੋਤੀਆ ਦੋ ਤਰ੍ਹਾਂ ਦਾ ਹੁੰਦਾ ਚਿੱਟਾ ਅਤੇ ਕਾਲਾ ਮੋਤੀਆ। ਆਯੁਰਵੈਦਿਕ ਰਾਹੀ ਚਿੱਟੇ ਮੋਤੀਏ ਤੋਂ ਬੜਾ ਸਹਿਜੇ ਹੀ ਛੁਟਕਾਰਾ ਮਿਲ ਸਕਦਾ ਹੈ। ਮੋਤੀਆ ਜ਼ਿਆਦਾਤਰ 40 ਸਾਲ ਦੀ ਉਮਰ ਤੋਂ ਬਾਅਦ ਹੁੰਦਾ ਹੈ। ਇਹ ਰੋਗ ਉਮਰ, ਸ਼ੂਗਰ, ਵਿਟਾਮਨਾਂ ਅਤੇ ਪ੍ਰੋਟੀਨ ਦੀ ਕਮੀ, ਇਨਫੈਕਸ਼ਨ ਜਾਂ ਕਿਸੇ ਸੱਟ ਆਦਿ ਕਾਰਣਾਂ ਕਰਕੇ ਵੀ ਹੋ ਸਕਦਾ ਹੈ। ਅਜਿਹੇ ਹਾਲਤਾਂ ਵਿਚ ਉਮਰ ਦਾ ਘੱਟ ਜਾਂ ਵੱਧ ਹੋਣਾ ਕੋਈ ਮਾਅਨੇ ਨਹੀਂ ਰੱਖਦਾ।

- ਸਵੇਰੇ ਉਠਦੇ ਸਾਰ ਹੀ ਮੂੰਹ ਵਿੱਚ ਠੰਢਾ (ਤਾਜ਼ਾ) ਪਾਣੀ ਭਰ ਕੇ ਅੱਖਾਂ ਪੂਰੀ ਤਰਾਂ ਖੋਲ੍ਹ ਕੇ ਅੱਖਾਂ ਵਿੱਚ ਪਾਣੀ ਦੇ ਛਿੱਟੇ ਮਾਰੋ। ਅਜਿਹਾ 8-10 ਵਾਰ ਕਰੋ। ਮੂੰਹ ਵਿਚ ਭਰਿਆ ਪਾਣੀ ਵਾਰ ਵਾਰ ਬਦਲਣ ਦੀ ਜ਼ਰੂਰਤ ਨਹੀਂ।
- ਮੋਤੀਆ ਬਿੰਦ ਤੋਂ ਬਚਣ ਅਤੇ ਅੱਖਾਂ ਦੀ ਨਜ਼ਰ ਤੇਜ਼ ਕਰਨ ਲਈ ਹਰ ਰੋਜ਼ ਗਾਜਰ, ਸੰਤਰਾ, ਦੁੱਧ ਅਤੇ ਘਿਓ ਦੀ ਵਰਤੋਂ ਕਰੋ।
- ਇੱਕ ਬੂੰਦ ਪਿਆਜ਼ ਦਾ ਰਸ ਅਤੇ ਇੱਕ ਬੂੰਦ ਸ਼ਹਿਦ ਮਿਲਾ ਕੇ ਇਸ ਮਿਸ਼ਰਣ ਨੂੰ ਰੋਜ਼ਾਨਾ ਅੱਖਾਂ ਵਿੱਚ ਕਾਜਲ ਵਾਂਗ ਲਗਾਉਣ ਨਾਲ ਅੱਖਾਂ ਨਿਰੋਗ ਰਹਿੰਦੀਆਂ ਹਨ।
- ਇੱਕ ਚਮਚਾ ਘਿਓ, ਦੋ ਕਾਲੀਆ ਮਿਰਚਾਂ ਅਤੇ ਥੋੜ੍ਹੀ ਜਿਹੀ ਮਿਸ਼ਰੀ ਮਿਲਾ ਕੇ ਦਿਨ ਵਿੱਚ ਤਿੰਨ ਵਾਰ ਇਸਦੀ ਵਰਤੋਂ ਕਰੋ। ਨਜ਼ਰ ਤੇਜ਼ ਹੋਵੇਗੀ।

### ਧਨੀਆ

***ਇੱਕ ਗਰਮ ਪੀਸਿਆ ਹੋਇਆ ਧਨੀਆ ਇੱਕ ਕੱਪ ਪਾਣੀ ਵਿੱਚ ਉਬਾਲ ਲਵੋ। ਫਿਰ ਇਸ ਉਬਲੇ ਹੋਏ ਪਾਣੀ ਨੂੰ ਠੰਢਾ ਹੋਣ ਤੇ ਸਵੇਰੇ ਸ਼ਾਮ ਅੱਖਾਂ ਵਿੱਚ ਪਾਓ। ਇਸ ਨਾਲ ਮੋਤੀਆ ਬਿੰਦ ਦੇ ਰੋਗ ਵਿੱਚ ਫਾਇਦਾ ਹੋਵੇਗਾ।***

- ਸੌਂਫ ਅਤੇ ਧਨੀਆਂ ਬਰਾਬਰ ਮਾਤਰਾ ਵਿੱਚ ਲਵੋ, ਇਸ ਵਿੱਚ ਮਿਸ਼ਰੀ ਮਿਲਾ ਕੇ ਇੱਕ ਇੱਕ ਚਮਚਾ ਸਵੇਰੇ ਸ਼ਾਮ ਖਾਣ ਨਾਲ ਬਹੁਤ ਲਾਭ ਮਿਲਦਾ ਹੈ।
- ਬਦਾਮ ਦੀਆਂ 6 ਗਿਰੀਆਂ ਅਤੇ 6 ਕਾਲੀਆਂ ਮਿਰਚਾਂ ਲਵੋ ਉਨ੍ਹਾਂ ਨੂੰ ਪੀਸ ਕੇ ਮਿਸ਼ਰੀ ਵਿੱਚ ਮਿਲਾ ਕੇ ਖਾਣ ਨਾਲ ਵੀ ਮੋਤੀਆ ਬਿੰਦ ਵਿੱਚ ਲਾਭ ਮਿਲਦਾ ਹੈ।
- ਗਾਜਰ, ਪਾਲਕ ਅਤੇ ਆਂਵਲੇ ਦੇ ਰਸ ਦੀ ਵਰਤੋਂ ਕਰਨ ਨਾਲ ਮੋਤੀਆ ਬਿੰਦ 2-3 ਮਹੀਨੇ ਵਿੱਚ ਆਪਣੇ ਆਪ ਖ਼ਤਮ ਹੋ ਜਾਵੇਗਾ।
- ਮੋਤੀਆ ਬਿੰਦ ਵਿੱਚ ਹਲਦੀ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ। ਹਲਦੀ ਵਿੱਚ ਕਰਕਿਊਮਿਨ ਨਾਮੀ ਰਸਾਇਣ ਹੁੰਦਾ ਹੈ। ਜਿਹੜਾ ਸਰੀਰ ਦੇ ਇਮਊਨ ਸਿਸਟਮ ਨੂੰ ਤਾਕਤਵਰ ਬਣਾਉਂਦਾ ਹੈ। ਇਸ ਨਾਲ ਸਾਈਟੋਕਾਈਨਸ ਅਤੇ ਇਂਜਾਈਮਜ਼ ਨਿਯੰਤਰਤ ਹੁੰਦੇ ਹਨ। ਮੋਤੀਆ ਬਿੰਦ ਅਤੇ ਰਤੌਂਦੀ ਹੋ ਜਾਣ ਤੇ ਨਿੰਮ ਦੇ ਤੇਲ ਦੀ ਸਿਲਾਈ ਅੱਖਾਂ ਵਿੱਚ ਲਗਾਓ।

• ਡਾ. ਐਸ ਐਸ ਕੰਬੋਜ
9915291533

# ਆਓ ਬਣਾਈਏ ਤੰਬਾਕੂ ਮੁਕਤ ਸਮਾਜ

ਭਾਰਤ ਪੂਰੀ ਦੁਨੀਆ ਵਿਚੋਂ ਤੰਬਾਕੂ ਦਾ ਦੂਜਾ ਸਭ ਤੋਂ ਵੱਡਾ ਉਪਭੋਗਤਾ, ਅਮਰੀਕਾ ਅਤੇ ਚੀਨ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਭਾਰਤ ਵਿੱਚ ਤੰਬਾਕੂ ਦਾ ਪੌਦਾ ਪੁਰਤਗਾਲੀਆਂ ਦੁਆਰਾ ਸੰਨ 1608 ਈ. ਵਿੱਚ ਲਿਆਂਦਾ ਗਿਆ ਅਤੇ ਬਾਅਦ ਵਿੱਚ ਇਸਦੀ ਖੇਤੀ ਪੂਰੇ ਦੇਸ਼ ਵਿੱਚ ਫੈਲ ਗਈ। ਅੰਕੜਿਆ ਅਨੁਸਾਰ ਭਾਰਤ ਵਿਚ 35 ਫ਼ੀਸਦੀ ਤੋਂ ਜ਼ਿਆਦਾ ਬਾਲਗ ਤੰਬਾਕੂ ਦਾ ਸੇਵਨ ਕਰਦੇ ਹਨ। ਤੰਬਾਕੂ ਉਤਪਾਦਾਂ ਦਾ ਸੇਵਨ ਅਨੇਕ ਰੂਪਾਂ ਵਿੱਚ ਕੀਤਾ ਜਾਂਦਾ ਹੈ ਜਿਵੇਂ ਕਿ ਬੀੜੀ, ਸਿਗਰਟ, ਗੁਟਖਾ, ਜ਼ਰਦਾ, ਖੈਨੀ, ਹੁੱਕਾ, ਚਿਲਮ ਆਦਿ। ਤੰਬਾਕੂ ਇੱਕ ਧੀਮੀ ਗਤੀ ਦਾ ਜ਼ਹਿਰ ਹੈ ਜੋ ਸੇਵਨ ਕਰਨ ਵਾਲੇ ਨੂੰ ਹੌਲੀ ਹੌਲੀ ਮੌਤ ਦੀ ਗ੍ਰਿਫਤ ਵਿੱਚ ਜਕੜ ਲੈਂਦਾ ਹੈ। ਭਾਰਤ ਵਿੱਚ ਸਿਗਰਟ ਨਾਲੋਂ ਬੀੜੀ ਜ਼ਿਆਦਾ ਪੀਤੀ ਜਾਂਦੀ ਹੈ। ਤਕਰੀਬਨ 48 ਫ਼ੀਸਦੀ ਮਰਦ ਅਤੇ 20 ਫ਼ੀਸਦੀ ਔਰਤਾਂ ਤੰਬਾਕੂ ਦਾ ਸੇਵਨ ਕਰਦੀਆਂ ਹਨ। 4000 ਤੋਂ ਜ਼ਿਆਦਾ ਵਿਭਿੰਨ ਪ੍ਰਕਾਰ ਦੇ ਰਸਾਇਣ ਤੰਬਾਕੂ ਅਤੇ ਤੰਬਾਕੂ ਵਿੱਚ ਪਾਏ ਜਾਂਦੇ ਹਨ। ਆਈਏਆਰਸੀ ਦੁਆਰਾ ਕੀਤੇ ਗਈ ਕੈਂਸਰ ਖੋਜ ਵਿੱਚ ਇਹਨਾਂ ਰਸਾਇਣਾਂ ਵਿੱਚ 60 ਨੂੰ ਕਾਰਸੀਨੋਜਨ (ਕੈਂਸਰ ਪੈਦਾ ਕਰਨ ਵਾਲੇ ਏਜੇਂਟ) ਦੇ ਰੂਪ ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ। ਤੰਬਾਕੂ ਵਿੱਚ ਨਿਕੋਟੀਨ ਹੁੰਦਾ ਹੈ ਜਿਹੜਾ ਕਿ ਬਹੁਤ ਨਸ਼ੀਲਾ ਰਸਾਇਣ ਹੈ।ਤੰਬਾਕੂ ਦੇ ਸੇਵਨ ਕਾਰਨ ਗਲੇ-ਮੂੰਹ ਦੇ ਕੈਂਸਰ, ਦਮਾ, ਚਮੜੀ ਦੇ ਰੋਗ, ਦਿਲ ਦੀਆਂ ਬਿਮਾਰੀਆਂ, ਅੰਨ੍ਹਾ/ਬੋਲਾਪਣ, ਫੇਫੜਿਆਂ ਦੇ ਰੋਗ, ਪੇਟ ਦੇ ਅਲਸਰ, ਐਸੀਡਿਟੀ ਅਤੇ ਦੰਦ ਮਸੂੜਿਆਂ ਦੀਆਂ ਬਿਮਾਰੀਆਂ ਆਦਿ। ਮਰਦਾਂ ਵਿੱਚ ਸਭ ਤਰ੍ਹਾਂ ਦੇ ਕੈਂਸਰਾਂ ਦਾ ਲਗਭਗ 45 ਫ਼ੀਸਦੀ ਅਤੇ ਔਰਤਾਂ ਵਿੱਚ 17 ਫ਼ੀਸਦੀ ਮੂੰਹ ਦਾ ਕੈਂਸਰ ਹੈ ਅਤੇ 80 ਫ਼ੀਸਦੀ ਤੋਂ ਜ਼ਿਆਦਾ ਮੂੰਹ ਦਾ ਕੈਂਸਰ ਤੰਬਾਕੂ ਦੀ ਵਰਤੋਂ ਕਾਰਨ ਹੁੰਦਾ ਹੈ। 2010 ਵਿੱਚ ਭਾਰਤ ਵਿੱਚ ਤੰਬਾਕੂ ਨਾਲ ਸਬੰਧਤ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਲਗਭਗ 1.2 ਲੱਖ ਸੀ। ਐੱਨ.ਐੱਸ.ਐੱਸ.ਓ. ਦੇ ਸਰਵੇ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਇਆ ਹੈ ਕਿ ਰੋਜ਼ਾਨਾ ਤਕਰੀਬਨ 5500 ਨਵੇਂ ਲੋਕ ਤੰਬਾਕੂ ਦੇ ਸੇਵਨ ਨਾਲ ਜੁੜ ਰਹੇ ਹਨ। ਬਹੁਤੇ ਲੋਕ ਚੜ੍ਹਦੀ ਉਮਰ ਵਿੱਚ ਤੰਬਾਕੂ ਪਦਾਰਥਾਂ ਦਾ ਸ਼ੌਕੀਆ ਸੇਵਨ ਸ਼ੁਰੂ ਕਰਦੇ ਹਨ ਅਤੇ ਕਦੋਂ ਇਹ ਸ਼ੌਕ ਲਤ ਜਾਂ ਆਦਤ 'ਚ ਬਦਲ ਜਾਂਦਾ ਹੈ, ਉਹਨਾਂ ਨੂੰ ਪਤਾ ਤਕ ਨਹੀਂ ਲੱਗਦਾ।



ਸੰਸਾਰ ਦੇ ਬਹੁਤੇ ਦੇਸ਼ਾਂ ਦੇ ਵਾਂਗ ਸਾਡੇ ਦੇਸ਼ ਵਿੱਚ ਵੀ ਜਨਤਕ ਥਾਵਾਂ 'ਤੇ ਤੰਬਾਕੂ ਦੀ ਵਰਤੋਂ ਕਰਨ ਤੋਂ ਰੋਕਣ ਲਈ ਕਾਨੂੰਨ ਬਣਾਇਆ ਗਿਆ ਤਾਂ ਕਿ ਇਸ ਦੀ ਮਾਰ ਤੋਂ ਬਚਿਆ ਜਾ ਸਕੇ। ਲੋਕਾਂ ਨੂੰ ਜਾਗਰੂਕ ਕਰਨ ਲਈ ਤੰਬਾਕੂ ਪਦਾਰਥਾਂ 'ਤੇ ਇਸ ਦੇ ਹਾਨੀਕਾਰਕ ਪ੍ਰਭਾਵ ਦਰਸਾਉਣ ਵਾਲੀ ਚੇਤਾਵਨੀ, ਚਿੱਤਰ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਸੰਸਾਰ ਵਿਚ ਦਸ ਮੌਤਾਂ ਵਿੱਚੋਂ ਇਕ ਮੌਤ ਸਿਗਰਟਨੋਸ਼ੀ ਕਾਰਨ ਹੁੰਦੀ ਹੈ। ਸਿਗਰਟਨੋਸ਼ੀ ਕਰਦੇ ਸਮੇਂ ਉਸ ਦੇ ਨਜ਼ਦੀਕ ਬੈਠੇ ਲੋਕਾਂ 'ਤੇ ਵੀ ਇਸਦੇ ਧੂੰਏਂ ਦਾ ਮਾੜਾ ਅਸਰ ਪੈਂਦਾ ਹੈ। ਸਿਗਰਟਨੋਸ਼ੀ ਕਰਨ ਵਾਲੇ ਦੀ ਸੰਗਤ ਵਿਚ ਧੂੰਏਂ ਦੀ ਲਪੇਟ 'ਚ ਆਉਣ ਨੂੰ ਪੈਸਿਵ ਸਮੋਕਿੰਗ ਜਾਂ ਸੈਕਿੰਡ ਹੈਂਡ ਸਮੋਕਿੰਗ ਕਿਹਾ ਜਾਂਦਾ ਹੈ। ਪੈਸਿਵ ਸਮੋਕਿੰਗ ਸਦਕਾ ਵੀ ਫੇਫੜਿਆਂ ਦਾ ਕੈਂਸਰ ਹੋਣ ਦਾ 20 ਤੋਂ 30 ਫ਼ੀਸਦੀ ਜ਼ੋਖਮ ਹੁੰਦਾ ਹੈ।

ਸੰਸਾਰ ਪੱਧਰ 'ਤੇ ਲੋਕਾਂ ਨੂੰ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਅਤੇ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਛੱਡਣ ਲਈ ਪ੍ਰੇਰਿਤ ਕਰਨ ਦੇ ਮਨੋਰਥ ਨਾਲ 31 ਮਈ ਨੂੰ ਕੌਮਾਂਤਰੀ ਤੰਬਾਕੂਮੁਕਤ ਦਿਹਾੜਾ ਮਨਾਇਆ ਜਾਂਦਾ ਹੈ।

• ਗੋਬਿੰਦਰ ਸਿੰਘ ਢੀਂਡਸਾ
ਮੋਬਾਈਲ :92560-66000

*ਲੂ ਲੱਗੇ ਮਰੀਜ਼ ਨੂੰ ਛਾਵੇਂ ਲਿਟਾ ਦਿਓ। ਠੰਢੇ, ਗਿੱਲੇ ਕੱਪੜੇ ਨਾਲ ਉਸ ਦਾ ਸਰੀਰ ਪੂੰਝੋ ਜਾਂ ਫਿਰ ਠੰਢੇ ਪਾਣੀ ਨਾਲ ਨੁਹਾਓ।*



# ਲੂ ਲੱਗਣਾ ਕਾਰਨ ਤੇ ਬਚਾਅ

ਕੱਚਾ ਪਿਆਜ਼, ਬੇਲ ਜਾਂ ਨਿੰਬੂ ਦਾ ਸ਼ਰਬਤ ਪੀਣ ਨਾਲ ਹੁੰਦਾ ਹੈ ਲੂ ਵਿਚ ਲਾਭ ਮਈ ਅਤੇ ਜੂਨ ਤੋਂ ਹੀ ਗਰਮੀ ਨੇ ਰਿਕਾਰਡ ਤੋੜਨਾ ਸ਼ੁਰੂ ਕਰ ਦਿੱਤਾ ਹੈ। ਚੜ੍ਹਦੇ ਪਾਰੇ ਦੇ ਨਾਲ ਅੱਗ ਉਗਲਦੇ ਸੂਰਜ ਨੇ ਲੋਕਾਂ ਦਾ ਬਾਹਰ ਨਿਕਲਣਾ ਮੁਸ਼ਕਿਲ ਕਰ ਦਿੱਤਾ ਹੈ। ਅੱਜਕੱਲ੍ਹ ਸਭ ਤੋਂ ਵੱਧ ਖ਼ਤਰਾ ਲੂ ਲੱਗਣ ਦਾ ਹੁੰਦਾ ਹੈ। ਇਸ ਤੋਂ ਬਚਣ ਲਈ ਡਾਕਟਰਾਂ ਨੇ ਕੁਝ ਸੁਝਾਅ ਦਿੱਤੇ ਹਨ।

ਗਰਮੀ ਦੇ ਦਿਨਾਂ ਵਿਚ ਗਰਮ ਹਵਾਵਾਂ ਚੱਲਦੀਆਂ ਹਨ, ਇਸ ਨੂੰ ਲੂ ਕਹਿੰਦੇ ਹਨ। ਕੁਝ ਲੋਕ ਇਸ ਨੂੰ ਸਹਿਣ ਕਰ ਜਾਂਦੇ ਹਨ ਪਰ ਕੁਝ ਲੋਕ ਇਹ ਗਰਮੀ ਸਹਿ ਨਹੀਂ ਪਾਉਂਦੇ ਅਤੇ ਲੂ ਦਾ ਸ਼ਿਕਾਰ ਹੋ ਜਾਂਦੇ ਹਨ। ਖ਼ਾਸ ਕਰਕੇ ਮਈ ਅਤੇ ਜੂਨ ਦੀ ਗਰਮੀ ਜ਼ਿਆਦਾ ਪਰੇਸ਼ਾਨ ਕਰਦੀ ਹੈ ਜਿਸ ਤੋਂ ਬਚਣ ਦੇ ਉਪਾਅ ਕਰਨਾ ਬੇਹੱਦ ਜ਼ਰੂਰੀ ਹੈ।

ਮਾਹਿਰ ਗਰਮੀ ਅਤੇ ਲੂ ਤੋਂ ਬਚਣ ਲਈ ਕੁਝ ਉਪਾਅ ਦੱਸਦੇ ਹਨ ਜਿਨ੍ਹਾਂ ਨੂੰ ਅਪਣਾ ਕੇ ਗਰਮੀ ਅਤੇ ਲੂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਆਓ, ਇਹ ਉਪਾਅ ਅਪਣਾ ਕੇ ਗਰਮੀ ਦੇ ਕਹਿਰ ਤੋਂ ਸਰੀਰ ਨੂੰ ਬਚਾ ਸਕਦੇ ਹਾਂ :

- ਲੂ ਲੱਗੇ ਮਰੀਜ਼ ਨੂੰ ਛਾਵੇਂ ਲਿਟਾ ਦਿਓ। ਠੰਢੇ, ਗਿੱਲੇ ਕੱਪੜੇ ਨਾਲ ਉਸ ਦਾ ਸਰੀਰ ਪੂੰਝੋ ਜਾਂ ਫਿਰ ਠੰਢੇ ਪਾਣੀ ਨਾਲ ਨੁਹਾਓ। ਸਾਧਾਰਨ ਤਾਪਮਾਨ ਦਾ ਪਾਣੀ ਸਿਰ 'ਚ ਪਾਓ। ਠੰਡਾ ਪਾਣੀ ਬਿਲਕੁਲ ਨਾ ਪਾਓ। ਅਜਿਹਾ ਕਰਨ ਨਾਲ ਸਰੀਰ ਦਾ ਤਾਪਮਾਨ ਘੱਟ ਹੋ ਜਾਵੇਗਾ। ਮਰੀਜ਼ ਨੂੰ ਨਿੰਬੂ ਪਾਣੀ ਜਾਂ ਨਾਰੀਅਲ ਪਾਣੀ ਪੀਣ ਨੂੰ ਦਿਓ।
- ਧੁੱਪ ਤੋਂ ਬਚਣ ਲਈ ਪਰਨਾ, ਟੋਪੀ ਜਾਂ ਛਤਰੀ ਦੀ ਵਰਤੋਂ ਕਰੋ। ਸਫ਼ਰ ਦੌਰਾਨ ਪਾਣੀ ਜ਼ਰੂਰ ਕੋਲ ਰੱਖੋ।
- ਤਬੀਅਤ ਠੀਕ ਨਾ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।
- ਸੁੱਕਾ ਧਨੀਆ ਪਾਣੀ ਵਿਚ ਭਿਉਂ ਕੇ ਰੱਖੋ। ਫਿਰ ਇਸ ਨੂੰ ਮਸਲਕੇ ਅਤੇ ਛਾਣਕੇ ਥੋੜ੍ਹੀ ਜਿਹੀ ਚੀਨੀ ਮਿਲਾ ਕੇ ਪੀਣ ਨਾਲ ਗਰਮੀਆਂ ਵਿਚ ਲੂ ਤੋਂ ਰਾਹਤ ਮਿਲਦੀ ਹੈ।
- ਮੇਥੀ ਦੇ ਸੁੱਕੇ ਪੱਤਿਆਂ ਨੂੰ ਠੰਡੇ ਪਾਣੀ ਵਿਚ ਕੁਝ ਸਮਾਂ ਭਿਉਂ ਕੇ ਰੱਖੋ। ਫਿਰ ਇਨ੍ਹਾਂ ਨੂੰ ਹੱਥ ਨਾਲ ਮਸਲ ਕੇ, ਛਾਣ ਕੇ, ਇਸ ਵਿਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਦੋ ਦੋ ਘੰਟੇ ਬਾਅਦ ਮਰੀਜ਼ ਨੂੰ ਪਿਲਾਓ। ਲੂ ਦਾ ਅਸਰ ਖ਼ਤਮ ਹੋ ਜਾਵੇਗਾ।
- ਇਮਲੀ ਦੇ ਬੀਜ ਪੀਹ ਕੇ ਪਾਣੀ ਵਿਚ ਘੋਲ ਕੇ ਕੱਪੜੇ ਨਾਲ ਛਾਣ ਲਓ। ਇਸ ਵਿਚ ਚੀਨੀ ਮਿਲਾ ਕੇ ਪੀਣ ਨਾਲ ਲੂ ਤੋਂ ਰਾਹਤ ਮਿਲੇਗੀ।
- ਲੂ ਤੋਂ ਬਚਣ ਲਈ ਦੁਪਹਿਰ ਸਮੇਂ ਬਾਹਰ ਨਿਕਲਣ ਤੋਂ ਗੁਰੇਜ਼ ਕਰੋ। ਜੇ ਜ਼ਰੂਰੀ ਬਾਹਰ ਜਾਣਾ ਪਵੇ ਤਾਂ ਸਿਰ ਅਤੇ ਗਰਦਨ ਨੂੰ ਤੌਲੀਏ ਜਾਂ ਕੱਪੜੇ ਨਾਲ ਚੰਗੀ ਤਰ੍ਹਾਂ ਢਕ ਕੇ ਬਾਹਰ ਜਾਓ। ਦੋਵੇਂ ਕੰਨ ਵੀ ਢਕੇ ਹੋਣੇ ਚਾਹੀਦੇ ਹਨ।
- ਗਰਮੀ ਦੇ ਦਿਨਾਂ ਵਿਚ ਹਲਕਾ ਅਤੇ ਜਲਦੀ ਹਜ਼ਮ ਹੋਣ ਵਾਲਾ ਭੋਜਨ ਕਰਨਾ ਚਾਹੀਦਾਹੈ। ਬਾਹਰ ਜਾਂਦੇ ਸਮੇਂ ਕਦੇ ਖਾਲੀ ਪੇਟ ਬਾਹਰ ਨਾ ਜਾਓ।
- ਲੂ ਤੋਂ ਬਚਣ ਲਈ ਬੇਲ ਜਾਂ ਨਿੰਬੂ ਦਾ ਸ਼ਰਬਤ ਪੀਣਾ ਵੀ ਲਾਹੇਵੰਦ ਰਹਿੰਦਾ ਹੈ। ਇਹ ਸਰੀਰ ਵਿਚ ਪਾਣੀ ਦੀ ਕਮੀ ਪੂਰੀ ਕਰਦਾ ਹੈ।
- ਲੂ ਲੱਗਣ 'ਤੇ ਪਾਣੀ ਵਿਚ ਗਲੂਕੋਜ਼ ਵਾਲਾ ਪਾਣੀ ਪੀਂਦੇ ਰਹਿਣਾ ਚਾਹੀਦਾ ਹੈ। ਇਸ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ ਤੇ ਥਕਾਵਟ ਮਹਿਸੂਸ ਨਹੀਂ ਹੁੰਦੀ।

• ਡਾ. ਅਤੁਲ ਦੱਤਾ

# ਮਿਹਦੇ ਦਾ ਰੱਖੋ ਖ਼ਾਸ ਖਿਆਲ

ਮਿਹਦਾ ਸਾਡੇ ਸਰੀਰ ਦਾ ਇੱਕ ਬਹੁਤ ਖ਼ਾਸ ਅੰਗ ਹੈ, ਇਹ ਪੇਟ ਦੀ ਲੈਬੋਰੇਟਰੀ ਵੀ ਹੈ ਅਤੇ ਪਾਚਨ ਵਿਚ ਸਹਾਇਕ ਕਈ ਤਰ੍ਹਾਂ ਦੇ ਰਸ ਬਣਾਉਂਦਾ ਹੈ, ਨਾਲ ਹੀ ਸਰੀਰ ਅਤੇ ਖ਼ੂਨ 'ਚੋਂ ਜ਼ਹਿਰੀਲੇ ਤੱਤ ਬਾਹਰ ਕੱਢਦਾ ਹੈ। ਅੱਜ ਕਲ੍ਹ ਲਿਵਰ ਸਬੰਧੀ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਅਜਿਹਾ ਸ਼ਰਾਬ ਅਤੇ ਵਿਗੜ ਚੁੱਕੀ ਜੀਵਨਸ਼ੈਲੀ ਕਾਰਨ ਹੋ ਰਿਹਾ ਹੈ। ਜੇਕਰ ਤੁਹਾਡਾ ਲਿਵਰ ਠੀਕ ਤਰ੍ਹਾਂ ਕੰਮ ਨਹੀਂ ਕਰ ਪਾ ਰਿਹਾ ਤਾਂ ਸਮਝ ਲਵੋ ਕਿ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ। ਮਿਹਦੇ ਦੀ ਵੱਡੀ ਖ਼ਰਾਬੀ ਹੋਣ ਦੀ ਸੂਰਤ ਵਿੱਚ ਟ੍ਰਾਂਸਪਲਾਂਟ ਤੋਂ ਇਲਾਵਾ ਹੋਰ ਕੋਈ ਹੱਲ ਨਹੀਂ ਬਚਦਾ ਹੈ। ਇਸ ਲਈ ਮਿਹਦੇ ਦੀ ਖ਼ਰਾਬੀ ਦੇ ਲੱਛਣ ਸਾਹਮਣੇ ਆਉਣ 'ਤੇ ਡਾਕਟਰ ਨਾਲ ਤੁਰੰਤ ਬਿਨਾ ਕਿਸੇ ਦੇਰੀ ਸੰਪਰਕ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਮਿਹਦੇ ਦੀ ਖ਼ਰਾਬੀ ਦਾ ਕਾਰਣ ਕਈ ਲੋਕ ਜਾਣਦੇ ਹਨ ਪਰ ਮਿਹਦਾ ਜਦੋਂ ਖ਼ਰਾਬ ਹੋਣਾ ਸ਼ੁਰੂ ਹੁੰਦਾ ਹੈ ਤਾਂ ਸਾਡੇ ਸ਼ਰੀਰ 'ਚ ਕਈ ਤਰ੍ਹਾਂ ਦੇ ਬਦਲਾਅ ਵੀ ਨਜ਼ਰ ਆਉਣੇ ਲੱਗਦੇ ਹਨ।

## ਮਿਹਦਾ ਖ਼ਰਾਬ ਹੋਣ ਦੇ ਕਾਰਨ

- ਮੂੰਹ 'ਚੋਂ ਗੰਦੀ ਬਦਬੂ ਆਉਣਾ ਵੀ ਮਿਹਦੇ ਦੀ ਖ਼ਰਾਬੀ ਹੋ ਸਕਦੀ ਹੈ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਮੂੰਹ 'ਚੋਂ ਅਮੋਨੀਆ ਦਾ ਰਿਸਾਅ ਵੱਧ ਜਾਂਦਾ ਹੈ।
- ਮਿਹਦਾ ਖ਼ਰਾਬ ਹੋਣ 'ਤੇ ਸਰੀਰ ਦੀ ਚਮੜੀ ਖ਼ਰਾਬ ਹੋਣ ਲਗਦੀ ਹੈ ਅਤੇ ਚਿਹਰੇ 'ਤੇ ਥਕਾਨ ਨਜ਼ਰ ਆਉਣ ਲੱਗਦੀ ਹੈ। ਅੱਖਾਂ ਦੇ ਹੇਠਲੀ ਚਮੜੀ ਬਹੁਤ ਹੀ ਨਾਜ਼ੁਕ ਹੋਂਦੀ ਹੈ ਜਿਸ 'ਤੇ ਤੁਹਾਡੀ ਸਿਹਤ ਦਾ ਅਸਰ ਸਾਫ ਦਿਖਾਈ ਦਿੰਦਾ ਹੈ।
- ਪਾਚਣ ਤੰਤਰ 'ਚ ਖ਼ਰਾਬ-ਜੇਕਰ ਲਿਵਰ 'ਚ ਫੈਟ ਜੰਮੀ ਹੋਈ ਹੈ ਜਾਂ ਫਿਰ ਲਿਵਰ 'ਚ ਸੋਜ਼ (ਫੈਟੀ ਲਿਵਰ) ਹੋ ਗਿਆ ਹੈ ਤਾਂ ਫਿਰ ਪਾਣੀ ਵੀ ਹਜ਼ਮ ਨਹੀਂ ਹੋਵੇਗਾ।
- ਚਮੜੀ 'ਤੇ ਸਫੇਦ ਧੱਬੇ - ਜੇਕਰ ਤੁਹਾਡੀ ਚਮੜੀ ਦਾ ਰੰਗ ਉੱਡ ਗਿਆ ਹੈ ਅਤੇ ਚਿੱਟੇ ਰੰਗ ਦੇ ਧੱਬੇ ਪੈਣ ਲੱਗ ਗਏ ਹਨ ਤਾਂ ਇਸ ਨੂੰ ਲਿਵਰ ਸਪੌਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ।
- ਜੇਕਰ ਪਿਸ਼ਾਬ ਜਾਂ ਮਲ ਹਰ ਰੋਜ਼ ਗਹਿਰੇ ਰੰਗ ਦਾ ਆਉਣ ਲੱਗੇ ਤਾਂ ਸਮਝ ਲਵੋ ਕਿ ਮਿਹਦੇ 'ਚ ਗੜਬੜ ਹੈ, ਜੇਕਰ ਅਜਿਹਾ ਸਿਰਫ ਇਕ ਵਾਰ ਹੁੰਦਾ ਹੈ ਤਾਂ ਇਹ ਸਿਰਫ ਪਾਣੀ ਦੀ ਕਮੀ ਕਾਰਨ ਵੀ ਹੋ ਸਕਦਾ ਹੈ।
- ਜੇਕਰ ਤੁਹਾਡੀਆਂ ਅੱਖਾਂ ਦਾ ਸਫੇਦ ਹਿੱਸਾ ਪੀਲਾ ਨਜ਼ਰ ਆਉਣ ਲੱਗੇ ਅਤੇ ਨਹੁੰ ਵੀ ਪੀਲੇ ਹੋਣ ਲੱਗ ਜਾਣ ਤਾਂ ਤੁਹਾਨੂੰ ਪੀਲੀਆ ਹੋ ਸਕਦਾ ਹੈ। ਇਸਦਾ ਇਹ ਮਤਲਬ ਹੈ ਕਿ ਤੁਹਾਡੇ ਲੀਵਰ 'ਚ ਇਨਫੈਕਸ਼ ਸ਼ੁਰੂ ਹੋ ਚੁੱਕਿਆ ਹੈ।
- ਲੀਵਰ ਇਕ ਐਂਜ਼ਾਈਮ ਪੈਦਾ ਕਰਦਾ ਹੈ, ਜਿਸ ਦਾ ਨਾਂ ਬਾਈਲ ਹੈ ਅਤੇ ਇਹ ਸਵਾਦ 'ਚ ਬਹੁਤ ਖ਼ਰਾਬ ਲੱਗਦਾ ਹੈ। ਜੇਕਰ ਤੁਹਾਡੇ ਮੂੰਹ 'ਚ ਕੜਵਾਹਟ ਲੱਗੇ ਤਾਂ ਇਸਦਾ ਮਤਲਬ ਹੈ ਕਿ ਤੁਹਾਡੇ ਮੂੰਹ ਤਕ ਬਾਈਲ ਪਹੁੰਚ ਰਿਹਾ ਹੈ।
- ਜਦੋਂ ਮਿਹਦਾ ਵੱਡਾ ਹੋ ਜਾਂਦਾ ਹੈ ਪੇਟ 'ਚ ਸੋਜਿਸ਼ ਆ ਜਾਂਦੀ ਹੈ, ਜਿਸ ਨੂੰ ਅਸੀਂ ਅਕਸਰ ਮੋਟਾਪਾ ਸਮਝਣ ਦੀ ਭੁੱਲ ਕਰ ਬੈਠਦੇ ਹਾਂ।
- ਜੇਕਰ ਜ਼ਿਆਦਾ ਤੇਲ ਵਾਲਾ ਖਾਣਾ ਖਾਂਦੇ ਹਾਂ ਅਤੇ ਕਸਰਤ ਨਹੀਂ ਕਰਦੇ ਤਾਂ ਫੈਟੀ ਲਿਵਰ ਦੀ ਸੰਭਾਵਨਾ ਵੱਧ ਜਾਂਦੀ ਹੈ। ਜ਼ਿਆਦਾ ਫੈਟ ਨਾਲ ਲਿਵਰ 'ਚ ਸੋਜ਼ ਆਉਣ ਲੱਗਦੀ ਹੈ ਅਤੇ ਲਿਵਰ ਵੀ ਸੁੰਗੜਨ ਲੱਗਦਾ ਹੈ। ਜੇਕਰ ਸ਼ੁਰੂਆਤੀ ਦੌਰ 'ਚ ਇਸਦਾ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਸੰਭਵ ਹੈ।
- ਵਾਇਰਲ ਹੈਪੇਟਾਈਟਿਸ ਏ, ਬੀ, ਸੀ ਅਤੇ ਈ ਹੋਣ ਦੀ ਸੂਰਤ 'ਚ ਲਿਵਰ ਖ਼ਰਾਬ ਹੋ ਜਾਂਦਾ ਹੈ। ਏ ਅਤੇ ਈ ਦੂਸ਼ਿਤ ਪਾਣੀ ਅਤੇ ਖਾਣੇ ਦੇ ਨਾਲ ਹੁੰਦਾ ਹੈ। ਇਸ ਨੂੰ ਆਮ ਭਾਸ਼ਾ 'ਚ ਪੀਲੀਆ ਕਹਿੰਦੇ ਹਨ। ਇਸਦੇ ਲੱਛਣ ਲਗਪਗ ਚਾਰ ਹਫਤਿਆਂ ਤਕ ਚੱਲਦੇ ਹਨ। ਇਸ ਹਾਲਤ 'ਚ ਮਰੀਜ਼ ਨੂੰ ਉਲਟੀ ਅਤੇ ਬੁਖ਼ਾਰ ਆਉਂਦਾ ਹੈ।
- ਬੀ ਅਤੇ ਸੀ ਵਾਇਰਲ ਇਨਫੈਕਸ਼ਨ ਹੈ। ਇਨਫੈਕਸ਼ਨ ਦੇ ਡੇਢ ਤੋਂ ਦੋ ਮਹੀਨੇ ਬਾਅਦ ਲੱਛਣ ਨਜ਼ਰ ਆਉਣ ਲੱਗਦੇ ਹਨ। ਕਈ ਮਾਮਲਿਆਂ 'ਚ ਲੱਛਣ ਚਾਰ ਮਹੀਨੇ ਬਾਅਦ ਵੀ ਨਜ਼ਰ ਆਉਂਦੇ ਹਨ।
- ਬਚਪਨ 'ਚ ਇੰਨਫੈਕਸ਼ਨ ਹੋਣ 'ਤੇ ਅੱਗੇ ਚੱਲ ਕੇ ਕ੍ਰੋਨਿਕ ਹੈਪੇਟਾਈਟਿਸ ਦਾ ਖ਼ਤਰਾ ਵੱਧ ਜਾਂਦਾ ਹੈ। ਦੋਨੋਂ ਹੀ ਵਾਇਰਸ ਲਿਵਰ 'ਤੇ ਬੁਰਾ ਅਸਰ ਪਾਉਂਦੇ ਹਨ। ਇਸਦੇ ਲੱਛਣ ਮੁਖ ਤੌਰ 'ਤੇ ਭੁੱਖ ਨਾ ਲੱਗਣਾ, ਵਜ਼ਨ ਘੱਟ ਹੋਣਾ, ਪੀਲੀਆ ਆਦਿ ਹੋਣਾ ਹੈ।
- ਸ਼ਰਾਬ ਦੇ ਜ਼ਿਆਦਾ ਸੇਵਨ ਨਾਲ ਲਿਵਰ ਖ਼ਰਾਬ ਹੋਣ ਲੱਗਦਾ ਹੈ। ਜਿਗਰ 'ਚ ਰੇਸ਼ਾ (ਫਾਈਬ੍ਰੋਸਿਸ) ਬਣਨ ਲੱਗਦਾ ਹੈ ਜਿਸ ਕਾਰਨ ਮਿਹਦਾ ਸੁੰਗੜਨ ਲੱਗਦਾ ਹੈ। ਮਿਹਦੇ 'ਚ ਛੋਟੀਆਂ-ਵੱਡੀਆਂ ਗੰਢਾ ਪੈ ਜਾਂਦੀਆਂ ਹਨ ਜੋ ਕਿ ਲਿਵਰ ਸਿਰੋਸਿਸ ਅਖਵਾਉਂਦਾ ਹੈ।
- ਜਦੋਂ ਸਰੀਰ ਦੇ ਸੈੱਲ ਮਿਹਦੇ ਦੇ ਖ਼ਿਲਾਫ਼ ਕੰਮ ਕਰਨ ਲੱਗਦੇ ਹਨ ਤਾਂ ਮਿਹਦਾ ਖ਼ਰਾਬ ਹੋਣ ਲੱਗਦਾ ਹੈ। ਅੰਤੜੀਆਂ ਦੇ ਬੈਕਟੀਰੀਆ ਵੀ ਫੈਟੀ ਮਿਹਦਾ ਹੋਣ ਦਾ ਕਾਰਨ ਬਣਦੇ ਹਨ। ਇਹ ਪਤਲੇ ਲੋਕਾਂ ਨੂੰ ਵੀ ਹੋ ਸਕਦਾ ਹੈ।
- ਮਿਹਦੇ ਦੇ ਖ਼ਰਾਬ ਹੋਣ ਦੇ ਲੱਛਣ ਕਾਫੀ ਦੇਰ ਬਾਅਦ ਪਤਾ ਚੱਲਦੇ ਹਨ। ਜਦੋਂ 30-40 ਫ਼ੀਸਦੀ ਲਿਵਰ ਦੇ ਸੈੱਲ ਨਸ਼ਟ ਹੋ ਜਾਂਦੇ ਹਨ ਤਾਂ ਕਿਤੇ ਜਾ ਕੇ ਫੈਟੀ ਲਿਵਰ, ਅਲਕੋਹਲਿਕ ਡੀਸੀਜ਼ ਬਾਰੇ ਪਤਾ ਚੱਲਦਾ ਹੈ।



*ਜੇਕਰ ਜ਼ਿਆਦਾ ਤੇਲ ਵਾਲਾ ਖਾਣਾ ਖਾਂਦੇ ਹਾਂ ਅਤੇ ਕਸਰਤ ਨਹੀਂ ਕਰਦੇ ਤਾਂ ਫੈਟੀ ਮਿਹਦੇ ਦੀ ਸੰਭਾਵਨਾ ਵੱਧ ਜਾਂਦੀ ਹੈ। ਜ਼ਿਆਦਾ ਫੈਟ ਨਾਲ ਮਿਹਦੇ'ਚ ਸੋਜ਼ ਆਉਣ ਲੱਗਦੀ ਹੈ ਅਤੇ ਮਿਹਦਾ ਵੀ ਸੁੰਗੜਨ ਲੱਗਦਾ ਹੈ। ਜੇਕਰ ਸ਼ੁਰੂਆਤੀ ਦੌਰ 'ਚ ਇਸਦਾ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਸੰਭਵ ਹੈ।*

### ਮਿਹਦੇ ਦੀ ਬਾਇਓਪਸੀ

*ਜਦੋਂ ਬਲੱਡ ਟੈਸਟ ਨਾਲ ਮਿਹਦੇ ਦੀ ਬਿਮਾਰੀ ਸਾਹਮਣੇ ਨਹੀਂ ਆਉਂਦੀ ਤਾਂ ਡਾਕਟਰ ਬਾਇਓਪਸੀ ਦੀ ਸਲਾਹ ਦਿੰਦੇ ਹਨ। ਇਸ 'ਚ ਲਿਵਰ ਦਾ ਛੋਟਾ ਅੰਸ਼ ਕੱਢ ਕੇ ਲੈਬੋਰੇਟਰੀ ਭੇਜਿਆ ਜਾਂਦਾ ਹੈ।*

### ਲੀਵਰ ਟੈਸਟ ਫੰਕਸ਼ਨ

*ਜੇਕਰ ਤੁਸੀ ਡਰੱਗ ਲੈਂਦੇ ਹੋ, ਜ਼ਿਆਦਾ ਸ਼ਰਾਬ ਪੀਂਦੇ ਹੋ, ਦਿਮਾਗ਼ ਜਾਂ ਟੀਬੀ ਰੋਗ ਦੀ ਦਵਾਈ ਲੈਂਦੇ ਹੋ, ਪਰਿਵਾਰ 'ਚ ਕਿਸੇ ਨੂੰ ਲਿਵਰ ਦੀ ਬਿਮਾਰੀ ਹੈ, ਤਾਂ ਅਜਿਹੇ 'ਚ ਤੁਸੀ ਲਿਵਰ ਫੰਕਸ਼ਨ ਟੈਸਟ ਜ਼ਰੂਰ ਕਰਵਾਓ। ਇਹ ਟੈਸਟ ਲਿਵਰ ਦੀ ਕਾਰਜਸ਼ੈਲੀ ਬਾਰੇ ਦੱਸਦਾ ਹੈ। ਇਸ ਤੋਂ ਇਲਾਵਾ ਫੈਟੀ ਲਿਵਰ ਦੇ ਲਈ ਅਲਟਰਾਸਾਊਂਡ ਵੀ ਹੁੰਦਾ ਹੈ।*

## ਮਿਹਦੇ ਦੀ ਦੇਖਭਾਲ

- ਮਿਹਦੇ ਦੇ ਮਾਮਲੇ 'ਚ ਇਲਾਜ ਨਾਲੋਂ ਬਚਾਅ ਹੀ ਭਲਾ ਹੈ। ਇਸ ਲਈ ਸਿਹਤਮੰਦ ਮਿਹਦੇ ਲਈ ਜੀਵਨਸ਼ੈਲੀ ਅਤੇ ਖਾਣ-ਪੀਣ ਦਾ ਧਿਆਨ ਰੱਖਣਾ ਜ਼ਰੂਰੀ ਹੈ।
- ਦੂਸ਼ਿਤ ਖਾਣਾ, ਸ਼ਰਾਬ ਅਤੇ ਸਿਗਰਟਨੋਸ਼ੀ ਤੋਂ ਦੂਰ ਰਹੋ।
- ਰੋਜ਼ਾਨਾ 6 ਘੰਟੇ ਤੋਂ ਘੱਟ ਨੀਂਦ ਲੈਣ ਨਾਲ ਸਰੀਰ ਦਾ ਮੈਟਾਬੋਲਿਜ਼ਮ ਪ੍ਰਭਾਵਿਤ ਹੁੰਦਾ ਹੈ ਅਤੇ ਲਿਵਰ ਨਾਲ ਜੁੜੇ ਰੋਗਾਂ ਦਾ ਖ਼ਤਰਾ ਵੱਧ ਜਾਂਦਾ ਹੈ।
- ਤਣਾਅ ਨਾਲ ਵੀ ਲਿਵਰ ਦੀ ਕਾਰਜਸ਼ੈਲੀ 'ਤੇ ਪ੍ਰਭਾਵ ਪੈਂਦਾ ਹੈ ਜਿਸਦਾ ਸਿੱਧਾ ਅਸਰ ਸਾਡੇ ਪਾਚਣ ਤੰਤਰ 'ਤੇ ਪੈਂਦਾ ਹੈ।
- ਭੋਜਨ ਉਦੋਂ ਹੀ ਕਰੋ ਜਦੋਂ ਤੁਹਾਨੂੰ ਭੁੱਖ ਲੱਗੇ ਅਤੇ ਭੁੱਖ ਤੋਂ ਅੱਧਾ ਖਾਣਾ ਹੀ ਖਾਓ।
- ਸਵੇਰੇ ਖਾਲੀ ਪੇਟ ਇੱਕ ਵੱਡਾ ਗਿਲਾਸ ਨਿੱਘਾ ਨੀਂਬੂ ਪਾਣੀ ਦਾ ਪੀਓ, ਇਸ ਨਾਲ ਲਿਵਰ ਤਾਂ ਸਾਫ ਹੋਵੇਗਾ ਹੀ, ਪਾਚਣ ਤੰਤਰ ਵੀ ਸੁਧਰੇਗਾ।
- ਚੰਗੀ ਮਾਤਰਾ 'ਚ ਤਾਜ਼ੇ ਫਲ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਫਲਾਂ ਦਾ ਜੂਸ ਪੀਓ।
- ਹਰ ਰੋਜ਼ 6-7 ਲਸਣ ਦੀਆਂ ਕਲੀਆਂ ਖਾਓ। ਇਸ ਨਾਲ ਲਿਵਰ ਸ਼ੁੱਧ ਹੁੰਦਾ ਹੈ।
- ਸਿਹਤਮੰਦ ਲਿਵਰ ਲਈ ਰੋਜ਼ਾਨਾ ਕਸਰਤ ਕਰੋ ਜਿਸ ਨਾਲ ਪਸੀਨਾ ਨਿਕਲੇ, ਪਸੀਨਾ ਨਿੱਕਲਣ ਨਾਲ ਸਰੀਰ ਦੀ ਸਫ਼ਾਈ ਹੁੰਦੀ ਹੈ, ਅਜਿਹਾ ਹੋਣ ਨਾਲ ਲਿਵਰ 'ਤੇ ਘੱਟ ਜ਼ੋਰ ਪੈਂਦਾ ਹੈ।
- ਦੌੜ, ਸਾਈਕਲਿੰਗ, ਬਾਹਰ ਗ੍ਰਾਊਂਡ 'ਚ ਖੇਡਣਾ ਖ਼ਾਸ ਕਰ ਐਕਸਰਸਾਈਜ਼ ਚੁਣੋ।

• ਹਰਪ੍ਰੀਤ ਸਿੰਘ ਬਰਾੜ

# ਬੇਹੱਦ ਕਾਰਗਰ ਇਲਾਜ ਪ੍ਰਣਾਲੀ ਹੈ ਇਲੈਕਟ੍ਰੋ-ਹੋਮਿਓਪੈਥੀ

ਮਹੱਤਵਪੂਰਣ ਸਵਾਲ ਹੈ ਕਿ ਇਲੈਕਟ੍ਰੋ-ਹੋਮਿਓਪੈਥੀ ਦੀ ਖੋਜ ਕਰਨ ਦੀ ਲੋੜ ਕਿਉਂ ਪਈ ਜਦੋ ਕਿ ਇਸ ਤੋਂ ਪਹਿਲਾਂ ਕਿੰਨੀਆਂ ਹੀ ਇਲਾਜ ਪ੍ਰਣਾਲੀਆਂ ਕੰਮ ਕਰ ਰਹੀਆਂ ਹਨ। ਅੱਜ ਹਰ ਵਰਗ ਭਿਆਨਕ ਤੋਂ ਭਿਆਨਕ ਰੋਗਾਂ ਨਾਲ ਗ੍ਰਸਤ ਹੈ। ਹਸਪਤਾਲ ਵਿੱਚ ਮਰੀਜ਼ਾਂ ਦੀਆਂ ਲੰਬੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਇਸ ਵਿਸ਼ੇ ਨੂੰ ਘੋਖਣ ਦੀ ਲੋੜ ਹੈ। ਭਾਵੇਂ ਮੈਡੀਕਲ ਸਾਇੰਸ ਨੇ ਬਹੁਤ ਹੀ ਤਰੱਕੀ ਕੀਤੀ ਹੈ ਪਰ ਨਾਲ ਦੀ ਨਾਲ ਕੁਦਰਤ ਦੇ ਨਿਯਮਾਂ ਨੂੰ ਤੋੜਕੇ ਕੁਦਰਤ ਨੂੰ ਆਪਣੇ ਵੱਸ ਵਿੱਚ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ ਜਿਸ ਦਾ ਖ਼ਮਿਆਜ਼ਾ ਅੱਜ ਪੂਰਾ ਵਿਸ਼ਵ ਭੁਗਤ ਰਿਹਾ ਹੈ।

ਗੁਰਬਾਣੀ 'ਚ ਵੀ ਲਿਖਿਆ ਹੈ ਕਿ ਹਵਾ, ਪਾਣੀ ਤੇ ਧਰਤੀ ਤੋਂ ਬਿਨਾ ਜੀਵਨ ਨਹੀਂ ਹੈ ਪਰ ਅੱਜ ਦੇ ਵਿਗਿਆਨ ਨੇ ਇਨ੍ਹਾਂ ਤਿੰਨਾ ਨੂੰ ਹੀ ਬੇਹੱਦ ਗੰਧਲਾ ਅਤੇ ਜ਼ਹਿਰੀਲਾ ਬਣਾ ਦਿੱਤਾ ਹੈ। ਮਨੁੱਖੀ ਸਰੀਰ ਦਾ ਇਲਾਜ ਕਰਨ ਲਈ ਬਣੀਆਂ ਦਵਾਈਆਂ ਪੂਰੀ ਤਰ੍ਹਾਂ ਨਾਲ ਰਸਾਇਣ, ਅਲਕੋਹਲ ਅਤੇ ਜਾਨਵਰਾਂ ਦੀਆ ਜ਼ਹਿਰਾਂ ਦੇ ਪ੍ਰਭਾਵ ਹੇਠ ਤਿਆਰ ਕੀਤੀਆਂ ਜਾਂਦੀਆਂ ਹਨ ਜਿਸ ਕਾਰਨ ਮਨੁੱਖੀ ਸਰੀਰਕ ਅੰਗ ਅੰਦਰੋਂ ਬਿਲਕੁਲ ਨਾਕਾਰਾ ਹੋ ਚੁੱਕੇ ਹਨ। ਜੋ ਜ਼ਹਿਰ ਸਰੀਰ ਅੰਦਰ ਇਕੱਠੀ ਹੁੰਦੀ ਹੈ, ਉਹ ਬਾਹਰ ਕੱਢਣ ਦੀ ਸਮਰੱਥਾ ਗੁਵਾ ਚੁਕੇ ਹਨ ਜਿਵੇਂ ਕਿ ਗੁਰਦਿਆਂ ਦਾ ਕਮਜ਼ੋਰ ਹੋ ਜਾਣਾ, ਲੀਵਰ ਦਾ ਪੂਰਾ ਕੰਮ ਨਾ ਕਰਨਾ, ਬਲੱਡ ਦਾ ਗੰਦਾ ਹੋ ਜਾਣਾ, ਅੰਤੜੀਆਂ ਦੇ ਠੀਕ ਕੰਮ ਨਾ ਕਰਕੇ ਕਬਜ਼ ਦਾ ਰਹਿਣਾ ਆਦਿ। ਕਿਉਂਕਿ ਬਿਮਾਰੀ ਨੂੰ ਠੀਕ ਕਰਨ ਲਈ ਸਾਰੀਆਂ ਹੀ ਦਵਾਈਆਂ ਸਰੀਰ ਦੇ ਅੰਦਰੂਨੀ ਅੰਗਾਂ 'ਤੇ ਕੈਮੀਕਲ ਕੰਮ ਕਰਦੀਆਂ ਜਿਸ ਦੇ ਕਾਰਨ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਬਿਲਕੁਲ ਵੀ ਨਹੀਂ ਰਹੀ ਅਤੇ ਅੱਜ ਦੇ ਸਮੇਂ ਛੋਟੀ ਤੋਂ ਛੋਟੀ ਬਿਮਾਰੀ ਵੀ ਠੀਕ ਨਾ ਹੋ ਕੇ ਗੰਭੀਰ ਰੂਪ ਲੈ ਰਹੀ ਹੈ।

ਇਸੇ ਲਈ ਸਮੇਂ ਦੀ ਲੋੜ ਅਨੁਸਾਰ ਇਲੈਕਟ੍ਰੋ-ਹੋਮਿਓਪੈਥੀ ਇਲਾਜ ਪ੍ਰਣਾਲੀ ਦੀ ਖੋਜ ਕਰਨ ਦੀ ਲੋੜ ਮਹਿਸੂਸ ਹੋਈ ਕਿਉਂਕਿ ਇਲੈਕਟ੍ਰੋ - ਹੋਮਿਓਪੈਥੀ ਇਲਾਜ ਪ੍ਰਣਾਲੀ ਵਿੱਚ ਸਾਰੀਆਂ ਦਵਾਈਆਂ ਨੂੰ ਰਸਾਇਣ ਅਤੇ ਜਾਨਵਰਾਂ ਦੀਆਂ ਜ਼ਹਿਰਾਂ ਤੋਂ ਬਿਨਾਂ ਸਿਰਫ ਕੁਦਰਤ ਦੀ ਗੋਦ ਵਿੱਚ ਪੈਦਾ ਹੋਈ ਬਨਸਪਤੀ ਵਰਗ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਬਣਾਉਣ ਦਾ ਤਰੀਕਾ ਵੀ ਕੁਦਰਤ ਦੇ ਨਿਯਮਾ ਦੇ ਅਨੁਸਾਰ ਬਿਨਾ ਕਿਸੇ ਕੈਮੀਕਲ ਜਾਂ ਅਲਕੋਹਲ ਦਾ ਸਹਾਰਾ ਲਿਆਂ ਦਵਾਈਆ ਤਿਆਰ ਕੀਤੀਆਂ ਜਾਂਦੀਆਂ ਹਨ। ਜੋ ਕਿ ਮਨੁੱਖੀ ਸਰੀਰ ਵਿੱਚ ਬਲੱਡ ਅਤੇ ਲਿਫ ਨੂੰ ਸਾਫ ਕਰਕੇ ਨਰਵਸ ਸਿਸਟਮ ਨੂੰ ਤਾਕਤ ਦੇ ਕੇ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੀਆਂ ਹਨ। ਬੇਕਾਰ ਹੋ ਚੁੱਕੇ ਸੈੱਲਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਦਾ ਕੰਮ ਕਰਦੀਆਂ ਹਨ ਅਤੇ ਨਵੇਂ ਸੈੱਲ ਪੈਦਾ ਕਰਦੀਆਂ ਹਨ। ਸਰੀਰ ਦੇ ਇਮਿਊਨਟੀ ਸਿਸਟਮ ਨੂੰ ਵਧਾਉਂਦੀਆਂ ਹਨ ਅਤੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ। ਇਨ੍ਹਾਂ ਦਵਾਈਆਂ ਨਾਲ ਹਰ ਛੋਟੀ ਤੋਂ ਛੋਟੀ ਬਿਮਾਰੀ ਤੋਂ ਲੈ ਕਿ ਕੈਂਸਰ ਤਕ ਦਾ ਇਲਾਜ ਬਿਨਾ ਕਿਸੇ ਨੁਕਸਾਨ ਕੀਤਾ ਜਾਂਦਾ ਹੈ। ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਨਵੇਂ ਰੋਗਾਂ ਵਿੱਚ ਬਹੁਤ ਤੇਜ਼ੀ ਨਾਲ ਅਸਰ ਕਰ ਕੇ ਮਰੀਜ਼ ਦੀ ਤਕਲੀਫ ਘਟਾਉਂਦੀਆ ਹਨ। ਜੋ ਲੋਕ ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਨਾਲ ਆਪਣਾ ਇਲਾਜ ਕਰਾਉਂਦੇ ਹਨ, ਉਹ ਕਦੇ ਵੀ ਭਿਆਨਕ ਬਿਮਾਰੀਆਂ ਦੀ ਚਪੇਟ ਵਿਚ ਨਹੀਂ ਆਉਂਦੇ।





ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਦਵਾਈ ਨੂੰ ਲੰਬਾ ਸਮਾਂ ਵਰਤਿਆ ਜਾਵੇ ਤਾਂ ਫਾਇਦਾ ਹੋਣ ਦੀ ਥਾਂ ਨੁਕਸਾਨ ਹੋਣ ਲੱਗ ਜਾਂਦਾ ਹੈ। ਇਸ ਤੋਂ ਉਲਟ ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਨੂੰ ਲੰਬਾ ਸਮਾਂ ਵਰਤਣ ਨਾਲ ਰੋਗ ਜੜ੍ਹੋਂ ਠੀਕ ਕੀਤਾ ਜਾਂਦਾ ਹੈ। ਬਿਮਾਰੀ ਦੀ ਜੜ੍ਹ ਚਾਹੇ ਉਹ ਕਿੰਨੀ ਵੀ ਬਰੀਕ ਤੋਂ ਬਰੀਕ ਸੈੱਲਾਂ ਤਕ ਪਹੁੰਚ ਗਈ ਹੋਵੇ, ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਰੋਗ ਨੂੰ ਜੜ੍ਹ ਤੋਂ ਖ਼ਤਮ ਕਰ ਦਿੰਦੀਆਂ ਹਨ।

ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਕੁਝ ਬਿਮਾਰੀਆਂ ਨੂੰ ਇਸ ਕਰਕੇ ਲਾਇਲਾਜ ਕਹਿ ਦਿੰਦੇ ਹਨ ਕਿ ਇਨ੍ਹਾਂ ਦਾ ਅਪਰੇਸ਼ਨ ਤੋਂ ਬਿਨਾ ਕੋਈ ਇਲਾਜ ਨਹੀਂ ਹੈ। ਪਰ ਇਲੈਕਟ੍ਰੋ-ਹੋਮਿਓਪੈਥੀ ਇਲਾਜ ਪ੍ਰਣਾਲੀ ਵਿੱਚ ਉਨ੍ਹਾਂ ਸਾਰੀਆਂ ਹੀ ਬਿਮਾਰੀਆਂ ਦਾ ਇਲਾਜ ਬਿਨਾ ਅਪਰੇਸ਼ਨ ਕੀਤਾ ਜਾਂਦਾ ਹੈ ਜਿਵੇਂ ਕਿ ਬਵਾਸੀਰ ਦੇ ਮੋਹਕੇ, ਛਾਤੀ ਅਤੇ ਬੱਚੇਦਾਨੀ ਦੀਆਂ ਰਸੌਲੀਆਂ, ਜੜ੍ਹ ਵਾਲਾ ਫੋੜਾ ਅਤੇ ਹੱਡੀ ਦੀ ਰਸੌਲੀ, ਗੁਰਦੇ ਅਤੇ ਪਿੱਤੇ ਦੀ ਪਥਰੀ, ਅਪੈਂਡੇਕਸ, ਲਿਵਰ ਅਤੇ ਖਾਣੇ ਵਾਲੀ ਨਾਲੀ ਦਾ ਕੈਂਸਰ ਅਤੇ ਹੋਰ ਭਿਆਨਿਕ ਬਿਮਾਰੀਆਂ ਆਦਿ। ਜੇਕਰ ਕੋਈ ਬਿਮਾਰੀ ਆਖ਼ਰੀ ਸਟੇਜ ਵਿੱਚ ਪਹੁੰਚ ਗਈ ਹੋਵੇ ਤਾਂ ਵੀ ਮਰੀਜ਼ ਨੂੰ ਤਕਲੀਫ ਘੱਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਮਰੀਜ਼ ਦੀ ਜ਼ਿੰਦਗੀ ਅਰਾਮਦਾਇਕ ਅਤੇ ਲੰਬੀ ਹੋ ਜਾਂਦੀ ਹੈ।

ਜੇਕਰ ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਗਰਭਵਤੀ ਔਰਤਾਂ ਨੂੰ ਗਰਭ ਦੇ ਦੌਰਾਨ ਦਿੱਤੀਆਂ ਜਾਣ ਤਾਂ ਮਾਤਾ-ਪਿਤਾ ਤੋਂ (ਜੱਦੀ-ਪੁਸ਼ਤੀ) ਬਿਮਾਰੀਆਂ ਉਨ੍ਹਾਂ ਤੋਂ ਪੈਦਾ ਹੋਣ ਵਾਲੇ ਬੱਚਿਆਂ ਨੂੰ ਨਹੀਂ ਹੁੰਦੀਆਂ ਜਦੋਂ ਕਿ ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਇਹ ਸੁਵਿਧਾ ਨਹੀਂ ਹੈ।

ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਕਮਜ਼ੋਰ ਤੋਂ ਕਮਜ਼ੋਰ ਮਰੀਜ਼ ਨੂੰ ਭਾਵੇਂ ਉਹ ਦੁੱਧ ਮੂੰਹਾਂ ਬੱਚਾ, ਬੁੱਢਾ ਜਾਂ ਫਿਰ ਬੇਹੋਸ਼ ਹੀ ਕਿਉਂ ਨਾ ਹੋਵੇ, ਬੜੇ ਅਰਾਮ ਨਾਲ ਦਿੱਤੀਆਂ ਜਾ ਸਕਦੀਆਂ ਹਨ ਕਿਉਂਕਿ ਇਹ ਸਵਾਦਲੀਆਂ ਹਨ ਅਤੇ ਪ੍ਰਯੋਗ ਕਰਨ ਵਿੱਚ ਆਸਾਨ ਹਨ। ਜਦੋਂ ਕੋਈ ਰੋਗ ਭਿਆਨਿਕ ਰੂਪ ਧਾਰਨ ਕਰ ਲਵੇ ਜਾਂ ਮਰੀਜ਼ ਦੀ ਜਾਨ ਨੂੰ ਖਤਰਾ ਹੋਵੇ ਤਾਂ ਉਸ ਦੀ ਜਾਨ ਬਚਾਉਣ ਲਈ ਇਲੈਕਟ੍ਰੋ- ਹੋਮਿਓਪੈਥੀ ਦੁਵਾਈਆਂ 5,5 ਜਾਂ 10, 10 ਮਿੰਟ ਦੇ ਫ਼ਰਕ ਨਾਲ ਦੇ ਕੇ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ। ਮਾਹਵਾਰੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਨੂੰ ਇੰਨ੍ਹਾਂ ਦਵਾਈਆਂ ਨਾਲ ਰੋਕਿਆ ਜਾ ਸਕਦਾ ਹੈ ਜਿਵੇ ਕਿ ਮਲੇਰੀਆ ਅਤੇ ਡੇਂਗੂ ਬੁਖ਼ਾਰ, ਚਿਕਨ ਪੋਕਸ, ਧਸਲ, ਹੈਜਾ, ਪੇਚਿਸ਼ ਅਤੇ ਫਲ੍ਹ ਆਦਿ।

• ਡਾ. ਜਸਵੰਤ
ਐੱਮ. ਡੀ. ਈ. ਐੱਚ.
98151-31444

***ਗੁਰਬਾਣੀ 'ਚ ਲਿਖਿਆ ਹੈ ਕਿ ਹਵਾ, ਪਾਣੀ ਤੇ ਧਰਤੀ ਤੋਂ ਬਿਨਾਂ ਜੀਵਨ ਨਹੀਂ ਹੈ ਪਰ ਅੱਜ ਦੇ ਵਿਗਿਆਨ ਨੇ ਇਨ੍ਹਾਂ ਤਿੰਨਾਂ ਨੂੰ ਹੀ ਬੇਹੱਦ ਗੰਧਲਾ ਅਤੇ ਜ਼ਹਿਰੀਲਾ ਬਣਾ ਦਿਤਾ ਹੈ। ਜੋ ਮਨੁੱਖ ਲਈ ਹਾਨੀਕਾਰਕ ਹੈ...***

# ਆਈਬੀਐਮ ਨੇ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਦੇ ਬੀਟੈਕ ਸੀਐਸਈ ਵਿਦਿਆਰਥੀਆਂ ਨੂੰ ਪਹਿਲੇ ਸਾਲ ਵਿੱਚ ਪ੍ਰੋਜੈਕਟ ਸੌਂਪੇ

**ਰੂਪਨਗਰ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਤਿਭਾ ਨੂੰ ਪਾਲਣ ਅਤੇ ਉਦਯੋਗ ਦੀ ਤਿਆਰੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ, ਆਈਬੀਐਮ ਨੇ ਲੈਮਰਿਨ ਟੈਕ ਸ ?ਕਿਲਜ਼ ਯੂਨੀਵਰਸਿਟੀ ਪੰਜਾਬ ਵਿਖੇ ਬੀਟੈਕ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ (ਸੀਐਸਈ) ਦੇ ਵਿਦਿਆਰਥੀਆਂ ਨੂੰ ਪ੍ਰੋਜੈਕਟ ਸੌਂਪੇ ਹਨ। ਇਹ ਪ੍ਰੋਜੈਕਟ, ਵਿਦਿਆਰਥੀਆਂ ਦੇ ਬੇਮਿਸਾਲ ਹੁਨਰ ਦੀ ਗੁਣਵੱਤਾ ਅਤੇ ਵੱਖ-ਵੱਖ ਹੁਨਰ ਮੁਕਾਬਲਿਆਂ ਵਿੱਚ ਪ੍ਰਾਪਤੀਆਂ ਦੇ ਆਧਾਰ @ਤੇ ਸਾਵਧਾਨੀ ਨਾਲ ਤਿਆਰ ਕੀਤੇ ਗਏ, ਪ੍ਰਤਿਭਾ ਨੂੰ ਪਾਲਣ ਅਤੇ ਉਦਯੋਗ ਦੇ ਨੇਤਾਵਾਂ ਦੀ ਅਗਲੀ ਪੀੜ੍ਹੀ ਨੂੰ ਤਿਆਰ ਕਰਨ ਲਈ ਆਈਬੀਐਮ ਦੀ ਵਚਨਬੱਧਤਾ ਨੂੰ ਰੇਖਾਂਕਿਤ ਕਰਦੇ ਹਨ। ਇਹਨਾਂ ਪ੍ਰੋਜੈਕਟਾਂ ਲਈ ਚੋਣ ਪ੍ਰਕਿਰਿਆ ਆਈਬੀਐਮ ਦੇ ਮਾਣਯੋਗ ਵਿਸ਼ਾ ਵਸਤੂ ਮਾਹਿਰਾਂ ਦੇ ਫੀਡਬੈਕ ਦੁਆਰਾ ਸੇਧਿਤ ਹੁੰਦੀ ਹੈ, ਜੋ ਵਿਦਿਆਰਥੀਆਂ ਦੇ ਹੁਨਰ ਨੂੰ ਵਧਾਉਣ ਲਈ ਨਿਯਮਿਤ ਤੌਰ @ਤੇ ਲੈਮਰਿਨ ਟੈਕ ਸਕਿੱਲਜ ਯੂਨੀਵਰਸਿਟੀ ਦਾ ਦੌਰਾ ਕਰਦੇ ਹਨ। ਇਹ ਸਹਿਯੋਗੀ ਯਤਨ ਵਿਦਿਆਰਥੀਆਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਦੇ ਅਕਾਦਮਿਕ ਸਫ਼ਰ ਦੀ ਸ਼ੁਰੂਆਤ ਤੋਂ ਹੀ ਉਨ੍ਹਾਂ ਨੂੰ ਉਦਯੋਗ ਲਈ ਤਿਆਰ ਬਣਾਉਣ ਲਈ ਯੂਨੀਵਰਸਿਟੀ ਦੇ ਸਮਰਪਣ ਨੂੰ ਦਰਸਾਉਂਦਾ ਹੈ।

ਇਸ ਪਹਿਲਕਦਮੀ ਦੀ ਸਫਲਤਾ ਦਾ ਸਿਹਰਾ ਕਠੋਰ ਦਾਖਲਾ ਪ੍ਰਕਿਰਿਆ, ਆਈਬੀਐਮ ਦੁਆਰਾ ਪ੍ਰਦਾਨ ਕੀਤੀ ਗਈ ਭਰਪੂਰ ਅਧਿਐਨ ਸਮੱਗਰੀ, ਅਤੇ ਸਮਰਪਿਤ ਫੈਕਲਟੀ ਮੈਂਬਰਾਂ ਦੇ ਅਟੁੱਟ ਸਮਰਥਨ ਨੂੰ ਦਿੱਤਾ ਜਾ ਸਕਦਾ ਹੈ, ਆਈਬੀਐਮ ਦੇ ਵਿਸ਼ਾ ਵਸਤੂ ਮਾਹਿਰਾਂ ਦੁਆਰਾ ਪੂਰਕ ਇਕੱਠੇ ਮਿਲ ਕੇ, ਉਹ ਇਹ ਯਕੀਨੀ ਬਣਾਉਂਦੇ ਹਨ ਕਿ ਵਿਦਿਆਰਥੀਆਂ ਨੂੰ ਉਹਨਾਂ ਦੇ ਪ੍ਰੋਜੈਕਟਾਂ ਵਿੱਚ ਅਤੇ ਇਸ ਤੋਂ ਅੱਗੇ ਵਧਣ ਲਈ ਵਿਆਪਕ ਮਾਰਗਦਰਸ਼ਨ ਅਤੇ ਸਲਾਹਕਾਰ ਪ੍ਰਾਪਤ ਹੁੰਦਾ ਹੈ।

ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਫੈਕਲਟੀ ਮੈਂਬਰਾਂ ਦੀ ਵਚਨਬੱਧਤਾ ਨੂੰ ਮਾਨਤਾ ਦਿੰਦੇ ਹੋਏ, ਐਲਟੀਐਸਯੂ ਦੇ ਚਾਂਸਲਰ ਡਾ ਸੰਦੀਪ ਸਿੰਘ ਕੌੜਾ ਨੇ ਹਾਰਦਿਕ ਵਧਾਈ ਦਿੱਤੀ। ਡਾ. ਕੌੜਾ ਨੇ ਯੂਨੀਵਰਸਿਟੀ ਸਕੂਲ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ (ਯੂਐਸਈਟੀ) ਦੇ ਸੀਐਸਈ ਵਿਭਾਗ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿਵਾਇਆ, ਇਹ ਯਕੀਨੀ ਬਣਾਉਂਦੇ ਹੋਏ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਅਤੇ ਪੇਸ਼ੇਵਰ ਕੰਮਾਂ ਵਿੱਚ ਸਮਰੱਥ ਬਣਾਉਣ ਲਈ ਸਾਰੇ ਲੋੜੀਂਦੇ ਸਰੋਤ ਉਪਲਬਧ ਹੋਣਗੇ।

ਇਹ ਧਿਆਨ ਦੇਣ ਯੋਗ ਹੈ ਕਿ ਐਲਟੀਐਸਯੂ ਪੰਜਾਬ, ਭਾਰਤ ਭਰ ਦੇ 18 ਰਾਜਾਂ ਦੇ ਹੋਣਹਾਰ ਵਿਦਿਆਰਥੀਆਂ ਦਾ ਘਰ ਹੈ, ਜੋ ਇੱਕ ਵਿਭਿੰਨ ਅਤੇ ਭਰਪੂਰ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਿਤ ਕਰਦਾ ਹੈ ਜੋ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ @ਤੇ ਸਫਲਤਾ ਲਈ ਤਿਆਰ ਕਰਦਾ ਹੈ।

ਇਹ ਆਈਬੀਐਮ ਅਤੇ ਯੂਨੀਵਰਸਿਟੀ ਵਿਚਕਾਰ ਸਹਿਯੋਗ ਨੂੰ ਉਜਾਗਰ ਕਰਦਾ ਹੈ, ਵਿਦਿਆਰਥੀਆਂ ਨੂੰ ਸ਼ਕਤੀਕਰਨ ਅਤੇ ਉਦਯੋਗ ਦੀ ਤਿਆਰੀ ਨੂੰ ਉਤਸ਼ਾਹਿਤ ਕਰਨ ਵਿੱਚ ਦੋਵਾਂ ਧਿਰਾਂ ਦੀ ਭੂਮਿਕਾ @ਤੇ ਜ਼ੋਰ ਦਿੰਦਾ ਹੈ

# ਪੰਜਾਬ ’ਚ 117 ਕੇਂਦਰਾਂ ’ਤੇ ਹੋਵੇਗੀ ਵੋਟਾਂ ਦੀ ਗਿਣਤੀ: ਸਿਬਿਨ ਸੀ

**➢ ਸਟਰਾਂਗ ਰੂਮਾਂ ਦੀ ਸੁਰੱਖਿਆ ਲਈ ਦੋਹਰੇ ਲਾਕ ਸਿਸਟਮ ਅਤੇ ਸੀ.ਸੀ.ਟੀ.ਵੀ. ਨਿਗਰਾਨੀ ਦੇ ਪੁਖ਼ਤਾ ਪ੍ਰਬੰਧ ➢ ਗਿਣਤੀ ਕੇਂਦਰਾਂ ਦੁਆਲੇ ਤਿੰਨ-ਪਰਤੀ ਸੁਰੱਖਿਆ ਕਾਇਮ**

**ਚੰਡੀਗੜ੍ਹ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ 4 ਜੂਨ, 2024 ਨੂੰ ਸਵੇਰੇ 8:00 ਵਜੇ ਸ਼ੁਰੂ ਹੋਵੇਗੀ ਅਤੇ ਵੱਖ-ਵੱਖ ਰਾਜਾਂ ਦੇ ਆਲ ਇੰਡੀਆ ਸਰਵਿਸਿਜ਼ ਤੇ ਸਿਵਲ ਸਰਵਿਸਿਜ਼ ਕਾਡਰ ਦੇ ਕੁੱਲ 64 ਕਾਊਂਟਿੰਗ ਅਬਜ਼ਰਵਰਾਂ ਵੱਲੋਂ ਵੋਟਾਂ ਦੀ ਗਿਣਤੀ ਦੀ ਨਿਗਰਾਨੀ ਕੀਤੀ ਜਾਵੇਗੀ। ਇਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਨਿਰਪੱਖ, ਕੁਸ਼ਲ ਅਤੇ ਪਾਰਦਰਸ਼ੀ ਢੰਗ ਨਾਲ ਵੋਟਾਂ ਦੀ ਗਿਣਤੀ ਨੂੰ ਯਕੀਨੀ ਬਣਾਇਆ ਜਾਵੇ। ਗਿਣਤੀ ਕੇਂਦਰਾਂ ਬਾਰੇ ਜਾਣਕਾਰੀ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ ਸੂਬੇ ਵਿੱਚ 27 ਵੱਖ-ਵੱਖ ਥਾਵਾਂ ’ਤੇ 48 ਇਮਾਰਤਾਂ ਵਿੱਚ ਕੁੱਲ 117 ਗਿਣਤੀ ਕੇਂਦਰ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਥਾਵਾਂ ਜ਼ਿਲ੍ਹਾ ਹੈੱਡਕੁਆਰਟਰ ਉੱਤੇ ਸਥਿਤ ਹਨ, ਜਦਕਿ 7 ਥਾਵਾਂ ਜ਼ਿਲ੍ਹਾ ਹੈੱਡਕੁਆਰਟਰ ਤੋਂ ਬਾਹਰ ਅਰਥਾਤ ਅਜਨਾਲਾ, ਬਾਬਾ ਬਕਾਲਾ, ਅਬੋਹਰ, ਮਲੋਟ, ਧੂਰੀ, ਛੋਕਰਾ ਰਾਹੋਂ-ਨਵਾਂ ਸ਼ਹਿਰ ਅਤੇ ਖੂਨੀ ਮਾਜਰਾ (ਖਰੜ) ਵਿੱਚ ਸਥਿਤ ਹਨ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਹੈੱਡਕੁਆਰਟਰ ਸੰਗਰੂਰ ਅਤੇ ਨਵਾਂ ਸ਼ਹਿਰ ਵਿਖੇ ਗਿਣਤੀ ਨਹੀਂ ਕਰਵਾਈ ਜਾਵੇਗੀ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਗਿਣਤੀ ਕੇਂਦਰਾਂ ਵਿਖੇ ਸਟਰਾਂਗ ਰੂਮ ਵਿੱਚ ਰੱਖੀਆਂ ਗਈਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮਜ਼) ਦੀ ਸੁਰੱਖਿਆ ਨੂੰ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ। ਇਨ੍ਹਾਂ ਸਟਰਾਂਗ ਰੂਮਾਂ ਵਿਖੇ ਦੋਹਰੇ ਲਾਕ ਸਿਸਟਮ ਅਤੇ ਸੀ.ਸੀ.ਟੀ.ਵੀ. ਨਿਗਰਾਨੀ ਜ਼ਰੀਏ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਅਤੇ ਅਧਿਕਾਰਤ ਕਰਮਚਾਰੀ ਹਰੇਕ ਸਟਰਾਂਗ ਰੂਮ ਦੇ ਬਾਹਰ ਲਗਾਈਆਂ ਗਈਆਂ ਐਲ.ਈ.ਡੀ. ਸਕਰੀਨਾਂ, ਜਿਨ੍ਹਾਂ ਵਿੱਚ ਸਟਰਾਂਗ ਰੂਮ ਦੇ ਆਲੇ-ਦੁਆਲੇ ਦੀ ਲਾਈਵ ਫਟੇਜ਼ ਦੇਖੀ ਜਾ ਸਕਦੀ ਹੈ, ਰਾਹੀਂ ਸੁਰੱਖਿਆ ਦੀ ਨਿਗਰਾਨੀ ਕਰ ਸਕਦੇ ਹਨ। ਇਸ ਤੋਂ ਇਲਾਵਾ ਇਥੇ ਆਉਣ ਵਾਲੇ ਹਰੇਕ ਵਿਅਕਤੀ ਦਾ ਰਿਕਾਰਡ ਰੱਖਣ ਲਈ ਆਨ-ਡਿਊਟੀ ਕਰਮਚਾਰੀਆਂ ਵੱਲੋਂ ਇੱਕ ਵਿਜ਼ਟਰ ਰਜਿਸਟਰ ਲਗਾਇਆ ਗਿਆ ਹੈ। ਇਸਦੇ ਨਾਲ ਹੀ ਸਾਰੇ ਪ੍ਰੋਟੋਕੋਲਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਰੋਜ਼ਾਨਾ ਆਧਾਰ ’ਤੇ ਅਧਿਕਾਰੀਆਂ ਵੱਲੋਂ ਸਥਿਤੀ ਦਾ ਨਿਰੀਖਣ ਕੀਤਾ ਜਾ ਰਿਹਾ ਹੈ।

ਗਿਣਤੀ ਕੇਂਦਰਾਂ ਦੀ ਸੁਰੱਖਿਆ ਬਾਰੇ ਗੱਲ ਕਰਦਿਆਂ ਸਿਬਿਨ ਸੀ ਨੇ ਦੱਸਿਆ ਕਿ ਇਨ੍ਹਾਂ ਕੇਂਦਰਾਂ ਦੇ ਆਲੇ-ਦੁਆਲੇ ਤਿੰਨ-ਪਰਤੀ ਸੁਰੱਖਿਆ ਪ੍ਰਣਾਲੀ ਕਾਇਮ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗਿਣਤੀ ਕੇਂਦਰਾਂ ਤੱਕ ਪਹੁੰਚ ’ਤੇ ਸਖ਼ਤ ਪਾਬੰਦੀ ਨਾਲ ਢੁਕਵੇਂ ਸੁਰੱਖਿਆ ਇੰਤਜ਼ਾਮ ਕੀਤੇ ਗਏ ਹਨ ਅਤੇ ਸਿਰਫ਼ ਮਾਨਤਾ ਪ੍ਰਾਪਤ ਜਾਂ ਅਧਿਕਾਰਤ ਵਿਅਕਤੀਆਂ ਨੂੰ ਹੀ ਅੰਦਰ ਦਾਖ਼ਲ ਹੋਣ ਦੀ ਆਗਿਆ ਹੈ। ਗਿਣਤੀ ਕੇਂਦਰਾਂ ਦੀ ਵਿਆਪਕ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ। ਇਸ ਦੇ ਨਾਲ ਹੀ ਚੋਣ ਪ੍ਰਕਿਰਿਆ ਦੀ ਮਰਿਆਦਾ ਨੂੰ ਬਣਾਏ ਰੱਖਣ ਲਈ ਕਿਸੇ ਵੀ ਐਮਰਜੈਂਸੀ ਜਾਂ ਘਟਨਾ ਨਾਲ ਤੁਰੰਤ ਨਜਿੱਠਣ ਲਈ ਕਿਊਕ ਰਿਸਪਾਂਸ ਟੀਮਾਂ ਤਾਇਨਾਤ ਹਨ।

# ਐਗਜ਼ਿਟ ਪੋਲ ਦੇ ਬਿਲਕੁਲ ਉਲਟ ਹੋਣਗੇ ਨਤੀਜੇ: ਸੋਨੀਆ ਗਾਂਧੀ



**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਆਗੂ ਸੋਨੀਆ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਪੂਰੀ ਉਮੀਦ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜੇ ਐਗਜ਼ਿਟ ਪੋਲ ਦੇ ਬਿਲਕੁਲ ਉਲਟ ਹੋਣਗੇ। ਮੰਗਲਵਾਰ ਨੂੰ ਐਲਾਨੇ ਜਾਣ ਵਾਲੇ ਨਤੀਜਿਆਂ ਤੋਂ ਉਨ੍ਹਾਂ ਦੀਆਂ ਉਮੀਦਾਂ ਬਾਰੇ ਪੁੱਛੇ ਜਾਣ ’ਤੇ ਸੋਨੀਆ ਗਾਂਧੀ ਨੇ ਕਿਹਾ, “ਸਾਨੂੰ ਇੰਤਜ਼ਾਰ ਕਰਨਾ ਪਏਗਾ, ਬੱਸ ਇੰਤਜ਼ਾਰ ਕਰੋ ਅਤੇ ਵੇਖੋ।” ਕਾਂਗਰਸ ਸੰਸਦੀ ਦਲ ਦੇ ਮੁਖੀ ਸੋਨੀਆ ਗਾਂਧੀ ਨੇ ਇੱਥੇ ਡੀਐਮਕੇ ਦਫ਼ਤਰ ਵਿੱਚ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਇਹ ਟਿੱਪਣੀ ਕੀਤੀ। ਉਨ੍ਹਾਂ ਡੀਐਮਕੇ ਦੇ ਦਿੱਗਜ ਆਗੂ ਐਮ. ਕਰੁਣਾਨਿਧੀ ਨੂੰ ਉਨ੍ਹਾਂ ਦੀ 100ਵੀਂ ਜਨਮ ਵਰ੍ਹੇਗੰਢ ’ਤੇ ਸ਼ਰਧਾਂਜਲੀ ਭੇਟ ਕੀਤੀ।

# ਦੇਸ਼ ਨੂੰ ‘ਵਿਕਸਿਤ ਭਾਰਤ’ ਬਣਾਉਣ ਲਈ ਤੇਜ਼ੀ ਨਾਲ ਕੰਮ ਕਰਨ ਦੀ ਲੋੜ: ਮੋਦੀ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰ ਨੂੰ ‘ਪੁਰਾਣੀ ਸੋਚ ਅਤੇ ਵਿਸ਼ਵਾਸਾਂ ਦਾ ਪੁਨਰ-ਮੁਲਾਂਕਣ’ ਕਰਨ ਅਤੇ ਸਮਾਜ ਨੂੰ ਪੇਸ਼ੇਵਰ ਨਿਰਾਸ਼ਾਵਾਦੀਆਂ ਦੇ ਦਬਾਅ ਤੋਂ ਮੁਕਤ ਕਰਨ ਦਾ ਸੱਦਾ ਦਿੱਤਾ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਭਾਰਤ ਦੀ ਅਜ਼ਾਦੀ ਦੀ ਸ਼ਤਾਬਦੀ ਵਰ੍ਹੇ ਦੇ 25 ਸਾਲਾਂ ਵਿੱਚ ‘ਵਿਕਸਤ ਭਾਰਤ ਦੀ ਨੀਂਹ ਨਿਸ਼ਚਿਤ ਤੌਰ ’ਤੇ ਰੱਖੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ 21ਵੀਂ ਸਦੀ ਦੀ ਦੁਨੀਆ ਭਾਰਤ ਵੱਲ ਬਹੁਤ ਸਾਰੀਆਂ ਉਮੀਦਾਂ ਨਾਲ ਦੇਖ ਰਹੀ ਹੈ ਅਤੇ ਸਾਨੂੰ ਅੱਗੇ ਵਧਣ ਲਈ ਕਈ ਬਦਲਾਅ ਕਰਨੇ ਪੈਣਗੇ। ਸਾਨੂੰ ਸੁਧਾਰ ਦੇ ਸਬੰਧ ਵਿੱਚ ਆਪਣੀ ਰਵਾਇਤੀ ਸੋਚ ਨੂੰ ਵੀ ਬਦਲਣ ਦੀ ਲੋੜ ਹੈ। ਭਾਰਤ ਸੁਧਾਰ ਨੂੰ ਸਿਰਫ਼ ਆਰਥਿਕ ਸੁਧਾਰਾਂ ਤੱਕ ਸੀਮਤ ਨਹੀਂ ਕਰ ਸਕਦਾ।

# ਤਾਜ ਐਕਸਪ੍ਰੈਸ ਨੂੰ ਲੱਗੀ ਭਿਆਨਕ ਅੱਗ, ਯਾਤਰੀਆਂ ’ਚ ਮਚੀ ਹਫੜਾ-ਦਫੜੀ



**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦੱਖਣੀ-ਪੂਰਬੀ ਦਿੱਲੀ ਦੇ ਸਰਿਤਾ ਵਿਹਾਰ ਇਲਾਕੇ ਵਿਚ ਸੋਮਵਾਰ ਨੂੰ ਤਾਜ ਐਕਸਪ੍ਰੈਸ ਦੇ ਚਾਰ ਡੱਬਿਆਂ ਨੂੰ ਅੱਗ ਲੱਗ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਦਿੱਲੀ ਫਾਇਰ ਸਰਵਿਸ (ਡੀਐਫਐਸ) ਦੇ ਇੱਕ ਅਧਿਕਾਰੀ ਨੇ ਕਿਹਾ, ਸਾਨੂੰ ਸ਼ਾਮ 4.24 ਵਜੇ ਤਾਜ ਐਕਸਪ੍ਰੈਸ ਦੇ ਚਾਰ ਡੱਬਿਆਂ ਵਿੱਚ ਅੱਗ ਲੱਗਣ ਦੀ ਸੂਚਨਾ ਮਿਲੀ। ਅਧਿਕਾਰੀ ਨੇ ਦੱਸਿਆ ਕਿ ਅੱਗ ਬੁਝਾਉਣ ਲਈ ਅੱਠ ਫਾਇਰ ਟੈਂਡਰ ਮੌਕੇ ’ਤੇ ਭੇਜੇ ਗਏ ਹਨ ਅਤੇ ਅੱਗ ’ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅਜੇ ਤੱਕ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਮਿਲੀ ਹੈ। ਅੱਗ ਕਿਵੇਂ ਲੱਗੀ ਇਸ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਇਹ ਅੱਗ ਬੋਗੀ ਨੰਬਰ ਡੀ-3, ਡੀ-4 ਅਤੇ ਡੀ-2 ਦੇ ਛੋਟੇ ਜਿਹੇ ਹਿੱਸੇ ਵਿੱਚ ਲੱਗੀ। ਅੱਗ ਲੱਗਣ ਕਾਰਨ ਇਸ ਰੂਟ ’ਤੇ ਕੁਝ ਟਰੇਨਾਂ ਦਾ ਸੰਚਾਲਨ ਪ੍ਰਭਾਵਿਤ ਹੋਇਆ ਹੈ।

# ਸੰਜੇ ਸਿੰਘ ਨੇ ਐਗਜ਼ਿਟ ਪੋਲ ’ਤੇ ਪਾਬੰਦੀ ਲਗਾਉਣ ਦੀ ਕੀਤੀ ਮੰਗ, ਕਿਹਾ- ਕਈ ਵਾਰ ਹੋਇਆ ਹੈ ਗਲਤ ਸਾਬਿਤ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਦੇਸ਼ ’ਚ ਐਗਜ਼ਿਟ ਪੋਲ ’ਤੇ ਪੂਰੀ ਤਰ੍ਹਾਂ ਰੋਕ ਲਗਾਉਣ ਦੀ ਮੰਗ ਕਰਦੇ ਹੋਏ ਸੋਮਵਾਰ ਨੂੰ ਦਾਅਵਾ ਕੀਤਾ ਕਿ ਇਹ ਕਈ ਵਾਰ ਗਲਤ ਸਾਬਿਤ ਹੋਇਆ ਹੈ। ਟੈਲੀਵਿਜ਼ਨ ਚੈਨਲਾਂ ’ਤੇ ਸ਼ਨੀਵਾਰ ਨੂੰ ਪ੍ਰਸਾਰਿਤ ਕਈ ਐਗਜ਼ਿਟ ਪੋਲ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਗਾਤਾਰ ਤੀਜੀ ਵਾਰ ਸੱਤਾ ’ਚ ਬਣੇ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਹੈ। ਨਾਲ ਹੀ ਲੋਕ ਸਭਾ ਚੋਣਾਂ ’ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) ਨੂੰ ਭਾਰੀ ਬਹੁਮਤ ਮਿਲਣ ਦੀ ਸੰਭਾਵਨਾ ਜਤਾਈ ਗਈ ਹੈ। ਸਿੰਘ ਨੇ ਕਿਹਾ,”ਐਗਜ਼ਿਟ ਪੋਲ ’ਤੇ ਦੇਸ਼ ’ਚ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ, ਕਿਉਂਕਿ ਉਹ ਇਕ ਵਾਰ ਨਹੀਂ ਸਗੋਂ ਕਈ ਵਾਰ ਗਲਤ ਸਾਬਿਤ ਹੋਏ ਹਨ। ਇਹ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਦੇਸ਼ ਦੇ ਲੋਕਾਂ, ਪ੍ਰਸ਼ਾਸਨਿਕ ਪ੍ਰਣਾਲੀ ਅਤੇ ਚੋਣ ਕਮਿਸ਼ਨ ਨੂੰ ਪ੍ਰਭਾਵਿਤ ਕਰਨ ਦਾ ਗਲਤ ਤਰੀਕਾ ਹੈ।”

ਉਨ੍ਹਾਂ ਦਾਅਵਾ ਕੀਤਾ ਕਿ ਚਾਰ ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਵਿਰੋਧੀ ਗਠਜੋੜ ’ਇੰਡੀਅਨ ਨੈਸ਼ਨਲ ਡੈਵਲਪਮੈਂਟਲ ਇਨਕਲੂਸਿਵ ਅਲਾਇੰਸ’ (ਇੰਡੀਆ) ਨੂੰ 295 ਸੀਟਾਂ ਮਿਲਣਗੀਆਂ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਨੂੰ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਰਾਜਗ ਦੇ ਲਗਾਤਾਰ ਤੀਜੀ ਵਾਰ ਸੱਤਾ ’ਚ ਆਉਣ ਦੀ ਭਵਿੱਖਬਾਣੀ ਜਤਾਉਣ ਵਾਲੇ ਸਾਰੇ ਐਗਜ਼ਿਟ ਪੋਲ ’ਫਰਜ਼ੀ’ ਹਨ। ਕੇਜਰੀਵਾਲ ਨੇ ਕਿਹਾ,”ਕੱਲ੍ਹ, ਐਗਜ਼ਿਟ ਪੋਲ ਦੇ ਨਤੀਜੇ ਸਾਹਮਣੇ ਆਏ ਸਨ ਅਤੇ ਮੈਂ ਲਿਖ ਕੇ ਦੇ ਸਕਦਾ ਹਾਂ ਕਿ ਉਹ ਫਰਜ਼ੀ ਹਨ।

# ਭਿਆਨਕ ਗਰਮੀ ਕਾਰਨ ਆਂਗਣਵਾੜੀ ਕੇਂਦਰ 30 ਜੂਨ ਤੱਕ ਰਹਿਣਗੇ ਬੰਦ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਉੱਤਰ ਭਾਰਤ ਵਿਚ ਇਸ ਸਮੇਂ ਝੁਲਸਾ ਦੇਣ ਵਾਲੀ ਗਰਮੀ ਪੈ ਰਹੀ ਹੈ। ਹੀਟਵੇਵ ਕਾਰਨ ਲੋਕਾਂ ਦਾ ਘਰਾਂ ਵਿਚੋਂ ਬਾਹਰ ਨਿਕਲਣਾ ਵੀ ਔਖਾ ਹੋ ਗਿਆ ਹੈ। ਰਾਸ਼ਟਰੀ ਰਾਜਧਾਨੀ ਦਿੱਲੀ ਇਸ ਸਮੇਂ ਭਿਆਨਕ ਗਰਮੀ ਦਾ ਸਾਹਮਣਾ ਕਰ ਰਹੀ ਹੈ। ਦਿੱਲੀ ਵਿਚ ਹੀਟਵੇਵ ਦੀ ਸਥਿਤੀ ਨੂੰ ਵੇਖਦੇ ਹੋਏ ਦਿੱਲੀ ਸਰਕਾਰ ਨੇ ਸਾਰੇ ਆਂਗਣਵਾੜੀ ਕੇਂਦਰ 30 ਜੂਨ ਤੱਕ ਬੰਦ ਰੱਖਣ ਦਾ ਹੁਕਮ ਦਿੱਤਾ ਹੈ।

ਦਿੱਲੀ ਸਰਕਾਰ ਦੇ ਮੰਤਰੀ ਕੈਲਾਸ਼ ਗਹਿਲੋਤ ਨੇ ਟਵੀਟ ਕਰ ਕੇ ਇਸ ਬਾਬਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਦਿੱਲੀ ਵਿਚ ਚੱਲ ਰਹੀ ਲੂ ਦੇ ਚੱਲਦੇ ਸਰਕਾਰ ਨੇ ਰਾਜਧਾਨੀ ਦੇ ਸਾਰੇ ਆਂਗਣਵਾੜੀ ਕੇਂਦਰਾਂ ਨੂੰ 1 ਜੂਨ 2024 ਤੋਂ ਲੈ ਕੇ 30 ਜੂਨ 2024 ਤੱਕ ਬੰਦ ਰੱਖਣ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਲਾਭਪਾਤਰੀਆਂ ਨੂੰ ਰਾਸ਼ਨ ਉਨ੍ਹਾਂ ਦੇ ਘਰ ਤੱਕ ਪਹੁੰਚਾਇਆ ਜਾਵੇਗਾ।

ਕੈਲਾਸ਼ ਗਹਿਲੋਤ ਨੇ ਟਵੀਟ ਕੀਤਾ ਕਿ ਦਿੱਲੀ ਵਿਚ ਪੈ ਰਹੀ ਭਿਆਨਕ ਗਰਮੀ ਨੂੰ ਵੇਖਦੇ ਹੋਏ ਇਹ ਫ਼ੈਸਲਾ ਲਿਆ ਗਿਆ ਹੈ ਕਿ ਦਿੱਲੀ ਦੇ ਸਾਰੇ ਆਂਗਣਵਾੜੀ ਕੇਂਦਰ 1 ਜੂਨ 2024 ਤੋਂ 30 ਜੂਨ 2024 ਤੱਕ ਬੰਦ ਰਹਿਣਗੇ। ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੀ ਸੁਰੱਖਿਆ ਅਤੇ ਭਲਾਈ ਲਈ ਪੂਰਕ ਪੋਸ਼ਣ ਸਮੱਗਰੀ ਸਿੱਧੇ ਲਾਭਪਾਤਰੀਆਂ ਦੇ ਦਰਵਾਜ਼ੇ ’ਤੇ ’ਟੇਕ ਹੋਮ ਰਾਸ਼ਨ’ ਜ਼ਰੀਏ ਪਹੁੰਚਾਈ ਜਾਵੇਗੀ। ਇਸ ਵਿਚ 3 ਤੋਂ 6 ਸਾਲ ਦੀ ਉਮਰ ਦੇ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਕੇਂਦਰ ’ਤੇ ਆਮ ਤੌਰ ’ਤੇ ਗਰਮ ਪੱਕਿਆ ਹੋਇਆ ਭੋਜਨ ਮਿਲਦਾ ਹੈ। ਮੈਂ ਸਕੱਤਰ, WCD ਨੂੰ ਆਦੇਸ਼ ਦੀ ਪਾਲਣਾ ਯਕੀਨੀ ਬਣਾਉਣ ਅਤੇ ਰੋਜ਼ਾਨਾ ਆਧਾਰ ’ਤੇ ਰਿਪੋਰਟ ਪੇਸ਼ ਕਰਨ ਲਈ ਨਿਰਦੇਸ਼ ਦਿੱਤੇ ਹਨ।

# ਅਸਾਮ ’ਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 14 ਹੋਈ



**ਗੁਹਾਟੀ (ਅਸਾਮ), 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਸਾਮ ’ਚ ਆਏ ਹੜ੍ਹਾਂ ਕਾਰਨ ਕੁੱਲ 14 ਲੋਕਾਂ ਦੀ ਮੌਤ ਹੋ ਗਈ ਹੈ। ਰਾਜ ਆਫ਼ਤ ਪ੍ਰਬੰਧਨ ਅਥਾਰਟੀ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਐਤਵਾਰ ਨੂੰ ਤਿੰਨ ਹੋਰ ਮੌਤਾਂ ਦਰਜ ਕੀਤੀਆਂ ਗਈਆਂ ਜਿਸ ਨਾਲ 28 ਮਈ ਤੋਂ ਹੁਣ ਤੱਕ ਮੌਤਾਂ ਦੀ ਗਿਣਤੀ 14 ਹੋ ਗਈ ਹੈ। ਜਾਣਕਾਰੀ ਅਨੁਸਾਰ 1 ਜੂਨ ਨੂੰ ਚੱਕਰਵਾਤੀ ਤੂਫਾਨ ਰੇਮਲ ਦੇ ਟਕਰਾਉਣ ਤੋਂ ਬਾਅਦ ਰਾਜ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਅੱਠ ਹੋ ਗਈ ਸੀ।

ਅਸਾਮ ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (ਏਐਸਡੀਐਮਏ) ਮੁਤਾਬਕ 2 ਜੂਨ ਨੂੰ ਦੋ ਜਣਿਆਂ ਦੇ ਲਾਪਤਾ ਹੋਣ ਦੀ ਸੂਚਨਾ ਮਿਲੀ ਸੀ। ਇਸ ਦੇ ਨਾਲ ਹੀ ਕੋਪਿਲੀ, ਬਰਾਕ ਅਤੇ ਕੁਸ਼ੀਆਰਾ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ।

# ਭਾਰਤ ’ਚ ਲੂ ਲੱਗਣ ਕਾਰਨ ਘੱਟੋ-ਘੱਟ 56 ਮੌਤਾਂ

**ਮਾਰਚ ਤੋਂ ਮਈ ਤੱਕ ਲੂ ਲੱਗਣ ਦੇ 25,000 ਮਾਮਲੇ ਸਾਹਮਣੇ ਆਏ**

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿੱਚ ਮਾਰਚ 2024 ਤੋਂ ਮਈ 2024 ਤੱਕ ਦੇਸ਼ ਭਰ ਵਿੱਚ ਅਤਿ ਦੀ ਗਰਮੀ ਦੇ ਦਿਨਾਂ ਦੌਰਾਨ ਲੂ ਲੱਗਣ ਦੇ ਲਗਪਗ 25,000 ਮਾਮਲੇ ਸਾਹਮਣੇ ਆਏ ਅਤੇ 56 ਲੋਕਾਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਨੇ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਇਹ ਰਿਪੋਰਟ ਦਿੱਤੀ। ਰਾਜਧਾਨੀ ਦਿੱਲੀ ਅਤੇ ਨੇੜਲੇ ਰਾਜ ਰਾਜਸਥਾਨ ਵਿੱਚ ਤਾਪਮਾਨ 50 ਡਿਗਰੀ ਸੈਲਸੀਅਸ ਨੂੰ ਛੂਹ ਗਿਆ ਜਿਸ ਦੀ ਤਪਸ਼ ਨਾਲ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਭਾਰਤ ਦੀਆਂ ਹੁਣੇ-ਹੁਣੇ ਸੰਪੰਨ ਹੋਈਆਂ ਆਮ ਚੋਣਾਂ ਵਿੱਚ ਡਿਊਟੀ ’ਤੇ ਚੋਣ ਅਧਿਕਾਰੀਆਂ ਸਮੇਤ ਘੱਟੋ-ਘੱਟ 33 ਲੋਕਾਂ ਦੀ ਸ਼ੁੱਕਰਵਾਰ ਨੂੰ ਉੱਤਰ ਪ੍ਰਦੇਸ਼, ਬਿਹਾਰ ਅਤੇ ਪੂਰਬ ਵਿੱਚ ਉੜੀਸਾ ਰਾਜਾਂ ਵਿੱਚ ਲੂ ਲੱਗਣ ਕਾਰਨ ਮੌਤ ਹੋ ਗਈ।



ਅਤਿ ਦੀ ਗਰਮੀ ’ਚ ਮੂੰਹ ’ਤੇ ਪਾਣੀ ਦੇ ਛਿੱਟੇ ਮਾਰਦੀ ਹੋਈ ਇਕ ਔਰਤ

# 64.2 ਕਰੋੜਾ ਲੋਕਾਂ ਦੇ ਮਤਦਾਨ ਨਾਲ ਭਾਰਤ ਨੇ ਬਣਾਇਆ ਵਿਸ਼ਵ ਰਿਕਾਰਡ: ਸੀਈਸੀ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ ਭਾਰਤ ਨੇ ਇਸ ਸਾਲ ਲੋਕ ਸਭਾ ਚੋਣਾਂ ਵਿਚ 31.2 ਕਰੋੜ ਔਰਤਾਂ ਸਮੇਤ 64.2 ਕਰੋੜ ਵੋਟਰਾਂ ਨੇ ਹਿੱਸਾ ਲੈ ਕੇ ਵਿਸ਼ਵ ਰਿਕਾਰਡ ਬਣਾਇਆ ਹੈ। ਇਥੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 68,000 ਤੋਂ ਵੱਧ ਨਿਗਰਾਨ ਟੀਮਾਂ ਅਤੇ 1.5 ਕਰੋੜ ਪੋਲਿੰਗ ਅਤੇ ਸੁਰੱਖਿਆ ਕਰਮਚਾਰੀ ਦੁਨੀਆ ਦੇ ਸਭ ਤੋਂ ਵੱਡੇ ਚੋਣ ਅਭਿਆਸ ਵਿੱਚ ਸ਼ਾਮਲ ਸਨ। ਕੁਮਾਰ ਨੇ ਕਿਹਾ, ਭਾਰਤ ਨੇ ਇਸ ਸਾਲ ਲੋਕ ਸਭਾ ਚੋਣਾਂ ਵਿੱਚ 31.2 ਕਰੋੜ ਔਰਤਾਂ ਸਮੇਤ 64.2 ਕਰੋੜ ਵੋਟਰਾਂ ਨੇ ਹਿੱਸਾ ਲੈ ਕੇ ਇੱਕ ਵਿਸ਼ਵ ਰਿਕਾਰਡ ਬਣਾਇਆ ਹੈ।

# ਬਾਗੀ ਹੋ ਕੇ ਭਾਜਪਾ ’ਚ ਗਏ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਮਨਜ਼ੂਰ



**ਚੰਡੀਗੜ੍ਹ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਤੋਂ ਬਾਗੀ ਹੋ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਮਨਜ਼ੂਰ ਕਰ ਲਿਆ ਗਿਆ ਹੈ। ਹਾਲਾਂਕਿ ਸ਼ੀਤਲ ਅੰਗੁਰਾਲ ਨੇ ਬੀਤੇ ਦਿਨੀਂ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਸੀ ਅਤੇ ਅੱਜ ਉਨ੍ਹਾਂ ਨੂੰ ਸਪੀਕਰ ਵਲੋਂ ਮਿਲਣ ਲਈ ਬੁਲਾਇਆ ਗਿਆ ਸੀ। ਹੁਣ ਜਦੋਂ ਸਪੀਕਰ ਵਲੋਂ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਗਿਆ ਹੈ ਤਾਂ ਹੁਣ ਜਲੰਧਰ ਪੱਛਮੀ ਸੀਟ ’ਤੇ ਜ਼ਿਮਨੀ ਚੋਣ ਹੋਣੀ ਲਗਭਗ ਤੈਅ ਹੋ ਗਈ ਹੈ।

# ਸਿਸੋਦੀਆ ਦੀ ਜ਼ਮਾਨਤ ਅਰਜ਼ੀ ’ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਅੱਜ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਜ਼ਮਾਨਤ ਅਰਜ਼ੀ ਲਈ ਦਾਇਰ ਪਟੀਸ਼ਨ ’ਤੇ ਸੁਪਰੀਮ ਕੋਰਟ ਵੱਲੋਂ ਚਾਰ ਜੂਨ ਨੂੰ ਸੁਣਵਾਈ ਕੀਤੀ ਜਾਵੇਗੀ।

ਇਸ ਮਾਮਲੇ ਵਿਚ ਹਾਈ ਕੋਰਟ ਨੇ ਸਿਸੋਦੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ ਜਿਸ ਤੋਂ ਬਾਅਦ ਸਿਸੋਦੀਆ ਨੇ ਸਰਵਉਚ ਅਦਾਲਤ ਦਾ ਰੁਖ ਕੀਤਾ ਹੈ। ਸਿਸੋਦੀਆ ਨੇ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ ਵਿੱਚ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਨੂੰ ਚੁਣੌਤੀ ਦਿੱਤੀ ਹੈ। ਸੁਪਰੀਮ ਕੋਰਟ ਦੀ ਵੈੱਬਸਾਈਟ ਅਨੁਸਾਰ ਜਸਟਿਸ ਅਰਵਿੰਦ ਕੁਮਾਰ ਅਤੇ ਸੰਦੀਪ ਮਹਿਤਾ ਦਾ ਬੈਂਚ ਇਸ ਮਾਮਲੇ ’ਤੇ 4 ਜੂਨ ਨੂੰ ਸੁਣਵਾਈ ਕਰੇਗਾ। ਦਿੱਲੀ ਹਾਈ ਕੋਰਟ ਨੇ 21 ਮਈ ਨੂੰ ‘ਆਪ’ ਦੇ ਸੀਨੀਅਰ ਆਗੂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

# ਵੋਟਾਂ ਦੀ ਗਿਣਤੀ ਅੱਜ, ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਾ ਜਾਇਜ਼ਾ

**➢ ਵੋਟਾਂ ਦੀ ਗਿਣਤੀ ਪੂਰੀ ਪਾਰਦਰਸ਼ਤਾ ਤੇ ਨਿਰਵਿਘਨ ਢੰਗ ਨਾਲ ਕਰਵਾਉਣ ਲਈ ਸਾਰੇ ਇੰਤਜ਼ਾਮ ਮੁਕੰਮਲ-ਪਰੇ ➢ ਉਮੀਦਵਾਰ ਤੇ ਸਿਆਸੀ ਪਾਰਟੀਆਂ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨ**

**ਪਟਿਆਲਾ, 4 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਲਈ 1 ਜੂਨ ਨੂੰ ਪਈਆਂ ਵੋਟਾਂ ਦੀ ਗਿਣਤੀ 4 ਜੂਨ ਨੂੰ ਪੂਰੀ ਪਾਰਦਰਸ਼ਤਾ ਤੇ ਨਿਰਵਿਘਨ ਢੰਗ ਨਾਲ ਕਰਵਾਉਣ ਲਈ ਸਾਰੇ ਇੰਤਜ਼ਾਮ ਮੁਕੰਮਲ ਹਨ। ਰਿਟਰਨਿੰਗ ਅਫ਼ਸਰ ਨੇ ਅੱਜ ਇੱਥੇ ਥਾਪਰ ਯੂਨੀਵਰਸਿਟੀ ਵਿਖੇ ਸਟਰੌਂਗ ਰੂਮ ਤੇ ਗਿਣਤੀ ਕੇਂਦਰ ਦਾ ਦੌਰਾ ਕਰਕੇ ਤਿਆਰੀਆਂ ਨੂੰ ਦਿੱਤੀਆਂ ਜਾ ਰਹੀਆਂ ਅੰਤਿਮ ਛੋਹਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਇਸ ਮੌਕੇ ਗਿਣਤੀਕਾਰਾਂ ਨੂੰ ਹਦਾਇਤ ਕੀਤੀ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਸਖ਼ਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਸਬੰਧਤ ਹਲਕਿਆਂ ਦੇ ਰਿਟਰਨਿੰਗ ਅਧਿਕਾਰੀਆਂ ਵੱਲੋਂ ਵੋਟਾਂ ਦੀ ਗਿਣਤੀ ਭਾਰਤ ਚੋਣ ਕਮਿਸ਼ਨ ਵੱਲੋਂ ਤਾਇਨਾਤ ਆਬਜ਼ਰਵਰਾਂ, ਮਾਈਕਰੋ ਆਬਜ਼ਰਵਰਾਂ, ਉਮੀਦਵਾਰਾਂ ਅਤੇ ਉਨ੍ਹਾਂ ਦੇ ਏਜੰਟਾਂ ਦੀ ਨਜ਼ਰ ਹੇਠ ਪੂਰੇ ਸੁਤੰਤਰ ਢੰਗ ਨਾਲ ਸਵੇਰੇ 8 ਵਜੇ ਸ਼ੁਰੂ ਕਰਵਾਈ ਜਾਵੇਗੀ। ਜਿਸ ਲਈ ਗਿਣਤੀ ਅਮਲਾ ਤੇ ਹੋਰ ਸਬੰਧਤ ਗਿਣਤੀ ਕੇਂਦਰਾਂ ਵਿਖੇ ਸਵੇਰੇ 6.30 ਵਜੇ ਪੁੱਜ ਜਾਣਗੇ।



ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਥਾਪਰ ਯੂਨੀਵਰਸਿਟੀ ਪਟਿਆਲਾ ਵਿਖੇ ਲੋਕ ਸਭਾ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਸਬੰਧੀ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਹਰ ਇੱਕ ਵੋਟਰ ਦੀ ਵੋਟ ਪੁਆਉਣ ਲਈ ਕੀਤੇ ਵਿਸ਼ੇਸ਼ ਪੁਖ਼ਤਾ ਪ੍ਰਬੰਧਾਂ ਦੇ ਚਲਦਿਆਂ 85 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਤੇ ਦਿਵਿਆਂਗਜਨਾਂ ਸਮੇਤ ਦੂਰ-ਦੁਰਾਡੇ ਡਿਊਟੀ ਕਰਦੇ ਮੁਲਾਜਮਾਂ ਦੀਆਂ ਵੋਟਾਂ ਲਾਜਮੀ ਪੁਆਉਣ ਲਈ ਉਨ੍ਹਾਂ ਨੂੰ ਪੋਸਟਲ ਬੈਲੇਟ ਪੇਪਰਜ਼ ਅਤੇ ਈ.ਟੀ.ਬੀ.ਪੀਜ਼ ਮੁਹੱਈਆ ਕਰਵਾਏ ਗਏ ਸਨ। ਉਨ੍ਹਾਂ ਦੱਸਿਆ ਕਿ 2500 ਪੋਸਟਲ ਬੈਲੇਟ ਤੇ ਈ.ਟੀ.ਬੀ.ਪੀਜ਼ ਪ੍ਰਾਪਤ ਹੋ ਚੁੱਕੇ ਹਨ, ਇਨ੍ਹਾਂ ਦੀ ਗਿਣਤੀ ਵੱਖਰੇ ਤੌਰ ’ਤੇ ਕਰਵਾਈ ਜਾਵੇਗੀ, ਜਿਸ ਲਈ ਪੋਸਟਲ ਬੈਲੇਟ ਪੇਪਰਾਂ ਅਤੇ ਈ.ਟੀ.ਬੀ.ਪੀਜ਼ ਦੀ ਗਿਣਤੀ ਲਈ ਅਲੱਗ-ਅਲੱਗ ਮੇਜ਼ ਲਗਾਏ ਗਏ ਹਨ। ਵੋਟਾਂ ਦੀ ਗਿਣਤੀ ਦੇ ਹਰ ਰਾਊਂਡ ਦੇ ਨਤੀਜੇ ਮੁਹੱਈਆ ਕਰਵਾਏ ਜਾਣਗੇ ਅਤੇ ਇਹ ਨਤੀਜੇ ਚੋਣ ਕਮਿਸ਼ਨ ਦੀ ਵੈਬਸਾਈਟ ਉਪਰ ਵੀ ਉਪਲਬੱਧ ਹੋਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਿਣਤੀ ਕੇਂਦਰਾਂ ਵਿਖੇ ਮੀਡੀਆ ਦਾ ਦਾਖਲਾ ਭਾਰਤ ਚੋਣ ਕਮਿਸ਼ਨ ਦੇ ਅਧਿਕਾਰਤ ਅਥਾਰਟੀ ਲੈਟਰ ਨਾਲ ਹੋਵੇਗਾ ਅਤੇ ਇਨ੍ਹਾਂ ਅਧਿਕਾਰਤ ਪੱਤਰਕਾਰ ਸਾਹਿਬਾਨ ਦੀ ਸਹੂਲਤ ਲਈ ਥਾਪਰ ਯੂਨੀਵਰਸਿਟੀ ਪਟਿਆਲਾ ਦੇ ਆਡੀਟੋਰੀਅਮ ਵਿਖੇ ਮੁੱਖ ਮੀਡੀਆ ਸੈਂਟਰ ਸਥਾਪਤ ਕੀਤਾ ਗਿਆ ਹੈ, ਜਿੱਥੇ ਮੀਡੀਆ ਨੂੰ ਹਰ ਰਾਊਂਡ ਦੇ ਨਤੀਜਿਆਂ ਦੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਚੋਣ ਕਮਿਸ਼ਨ ਦੀਆਂ ਸਪੱਸ਼ਟ ਹਦਾਇਤਾਂ ਮੁਤਾਬਕ ਕਿਸੇ ਵੀ ਗਿਣਤੀ ਕੇਂਦਰ ਦੇ ਅੰਦਰ ਵੀਡੀਓ ਜਾਂ ਫੋਟੋ ਖਿਚਣ ਲਈ ਮੋਬਾਇਲ ਦੀ ਵਰਤੋਂ ਦੀ ਮਨਾਹੀ ਹੈ ਅਤੇ ਫੋਟੋ ਤੇ ਵੀਡੀਓ ਕੇਵਲ ਕੈਮਰੇ ਨਾਲ ਹੀ ਕੀਤੀ ਜਾ ਸਕਦੀ ਹੈ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ 109-ਨਾਭਾ ਹਲਕੇ ਦੀਆਂ ਈ.ਵੀ.ਐਮਜ ਸਰਕਾਰੀ ਆਈ.ਟੀ.ਆਈ. ਲੜਕੇ ਪਟਿਆਲਾ ਦੇ ਇਮਤਿਹਾਨ ਹਾਲ ’ਚ ਏ.ਆਰ.ਓ. ਤਰਸੇਮ ਚੰਦ ਦੀ ਦੇਖ ਰੇਖ ਹੇਠ ਹੋਵੇਗੀ। 110-ਪਟਿਆਲਾ ਦਿਹਾਤੀ ਦੀਆਂ ਵੋਟਾਂ ਦੀ ਗਿਣਤੀ ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ ਦੀ ਅਗਵਾਈ ਹੇਠ ਅਤੇ 115-ਪਟਿਆਲਾ ਸ਼ਹਿਰੀ ਹਲਕੇ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਮਹਿੰਦਰਾ ਕਾਲਜ ਵਿਖੇ ਏ.ਆਰ.ਓ. ਅਰਵਿੰਦ ਕੁਮਾਰ ਦੀ ਨਿਗਰਾਨੀ ਹੇਠ ਹੋਵੇਗੀ।

ਹਲਕਾ 114-ਸਨੌਰ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਬਹੁ ਤਕਨੀਕੀ ਕਾਲਜ ਲੜਕੀਆਂ ਐਸ.ਐਸ.ਟੀ. ਨਗਰ ਵਿਖੇ ਏ.ਆਰ.ਓ. ਬਬਨਦੀਪ ਸਿੰਘ ਵਾਲੀਆ ਦੀ ਨਿਗਰਾਨੀ ਹੇਠ ਹੋਵੇਗੀ। 111-ਰਾਜਪੁਰਾ, 112-ਡੇਰਾਬਸੀ ਤੇ 113-ਘਨੌਰ ਹਲਕਿਆਂ ਦੀਆਂ ਵੋਟਾਂ ਦੀ ਗਿਣਤੀ ਕੇਂਦਰ ਪੰਜਾਬੀ ਯੂਨੀਵਰਸਿਟੀ ਵਿਖੇ ਬਣਾਏ ਗਏ ਹਨ। ਇੱਥੇ ਏ.ਆਰ.ਓ. ਜਸਲੀਨ ਕੌਰ ਭੁੱਲਰ, ਹਿਮਾਂਸ਼ੂ ਗਰਗ ਤੇ ਕੰਨੂ ਗਰਗ ਨਿਗਰਾਨੀ ਕਰਨਗੇ। ਜਦੋਂਕਿ 116-ਸਮਾਣਾ ਅਤੇ 117-ਸ਼ੁਤਰਾਣਾ ਹਲਕੇ ਦੀਆਂ ਵੋਟਾਂ ਦੀ ਗਿਣਤੀ ਪੋਲੋ ਗਰਾਊਂਡ ਦੇ ਸਪੋਰਟਸ ਕੰਪਲੈਕਸ ਵਿਖੇ ਜਿਮਨੇਜ਼ੀਅਮ ਹਾਲ ’ਚ ਐਸ.ਡੀ.ਐਮ. ਰਿਚਾ ਗੋਇਲ ਤੇ ਰਵਿੰਦਰ ਸਿੰਘ ਦੀ ਨਿਗਰਾਨੀ ਹੇਠ ਹੋਵੇਗੀ।

ਇਸੇ ਦੌਰਾਨ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਨਾਕਾਬੰਦੀ ਗਿਣਤੀ ਕੇਂਦਰਾਂ ਦੁਆਲੇ ਤਿੰਨ ਪਰਤੀ ਸਖ਼ਤ ਸੁਰੱਖਿਆ ਪ੍ਰਬੰਧ ਹਨ ਜਿਸ ਤਹਿਤ ਬਾਹਰ ਕੇਂਦਰੀ ਸੁਰੱਖਿਆ ਬਲ, ਪੰਜਾਬ ਆਰਮਡ ਪੁਲਿਸ ਤੇ ਜ਼ਿਲ੍ਹਾ ਪੁਲਿਸ ਤਾਇਨਾਤ ਹੈ। ਐਸ.ਐਸ.ਪੀ. ਨੇ ਦੱਸਿਆ ਕਿ ਕਿਸੇ ਵੀ ਗ਼ੈਰਸਮਾਜੀ ਅਨਸਰ ਨੂੰ ਕਾਨੂੰਨ ਆਪਣੇ ਹੱਥ ’ਚ ਨਹੀਂ ਲੈਣ ਦਿੱਤਾ ਜਾਵੇਗਾ ਕਿਉਂਕਿ ਸਾਰੀ ਗਿਣਤੀ ਪ੍ਰਕ੍ਰਿਆ ਪੂਰੀ ਤਰ੍ਹਾਂ ਨਿਰਵਿਘਨ ਤੇ ਸ਼ਾਂਤਮਈ ਨੇਪਰੇ ਚਾੜ੍ਹਨ ਲਈ ਪੁਲਿਸ ਨੇ ਪੂਰੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹਨ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਸਮੇਤ ਉਨ੍ਹਾਂ ਦੇ ਹਮਾਇਤੀਆਂ ਨੂੰ ਅਪੀਲ ਕੀਤੀ ਕਿ ਉਹ ਲੋਕ ਸਭਾ ਵੋਟਾਂ ਦੀ ਗਿਣਤੀ ਦੌਰਾਨ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਕਰਨ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਵੋਟਾਂ ਦੀ ਗਿਣਤੀ, ਲੋਕਤੰਤਰੀ ਪ੍ਰਕ੍ਰਿਆ ਦਾ ਆਖਰੀ ਅਤੇ ਅਹਿਮ ਪੜਾਅ ਹੈ, ਇਸ ਲਈ ਉਮੀਦਵਾਰ ਅਤੇ ਉਨ੍ਹਾਂ ਦੇ ਸਮਰਥਕ ਕਿਸੇ ਵੀ ਤਰ੍ਹਾਂ ਦੀ ਤਣਾਅ ਪੂਰਨ ਅਤੇ ਘਬਰਾਹਟ ਵਾਲੀ ਸਥਿਤੀ ਨਾ ਪੈਦਾ ਹੋਣ ਦੇਣ।

ਇਸ ਮੌਕੇ ਡਿਪਟੀ ਕਮਿਸ਼ਨਰ ਦੇ ਨਾਲ ਏ.ਡੀ.ਸੀ (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਏ.ਆਰ.ਓ ਤੇ ਏ.ਡੀ.ਸੀ. (ਯੂ.ਡੀ.) ਨਵਰੀਤ ਕੌਰ ਸੇਖੋਂ, ਪੀਡੀਏ ਦੇ ਏ.ਸੀ.ਏ. ਜਸ਼ਨਪ੍ਰੀਤ ਕੌਰ ਤੇ ਈ.ਓ. ਪੀਡੀਏ ਦੀਪਜੋਤ ਕੌਰ, ਡੀ.ਡੀ.ਪੀ.ਓ. ਅਮਨਦੀਪ ਕੌਰ, ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ, ਜ਼ਿਲ੍ਹਾ ਸੂਚਨਾ ਤੇ ਵਿਗਿਆਨ ਅਫ਼ਸਰ ਸੰਜੀਵ ਕੁਮਾਰ ਸ਼ਰਮਾ ਤੇ ਹੋਰ ਅਧਿਕਾਰੀ ਮੌਜੂਦ ਸਨ।

# ਸ਼ੇਅਰ ਬਾਜ਼ਾਰ ’ਚ ਬੰਪਰ ਉਛਾਲ, ਸੈਂਸੇਕਸ 2500 ਅੰਕ ਦੀ ਤੇਜ਼ੀ ਨਾਲ ਖੁੱਲ੍ਹਿਆ

**ਨਵੀਂ ਦਿੱਲੀ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸ਼ੇਅਰ ਬਾਜ਼ਾਰ ਵਿਚ ਬੰਪਰ ਉਛਾਲ ਵੇਖਣ ਨੂੰ ਮਿਲਿਆ ਹੈ। ਸੋਮਵਾਰ ਨੂੰ ਸੇਅਰ ਬਾਜ਼ਾਰ ਦੇ ਖੁੱਲ੍ਹਦਿਆਂ ਸਾਰ ਹੀ Sensex ’ਚ 2500 ਉਛਾਲ ਵੇਖਣ ਨੂੰ ਮਿਲਿਆ ਹੈ। ਇਸ ਦੇ ਸੰਕੇਤ ਅੱਜ ਪ੍ਰੀ ਮਾਰਕੀਟ ਤੋਂ ਹੀ ਮਿਲ ਗਏ ਸਨ, ਜਦੋਂ ਸਵੇਰੇ 9 ਵਜੇ ਪ੍ਰੀ ਓਪਨ ਵਿਚ ਨਿਫਟੀ ’ਚ ਹਜ਼ਾਰ ਅੰਕ ਅਤੇ ਸੈਂਸੇਕਸ ਵਿਚ 3200 ਅੰਕਾਂ ਦਾ ਉਛਾਲ ਵੇਖਣ ਨੂੰ ਮਿਲਿਆ ਸੀ।

ਪ੍ਰੀ ਓਪਨ ਸੈਸ਼ਨ ਵਿਚ ਆਈ ਇਸ ਤੇਜ਼ੀ ਦੀ ਉਮੀਦ ਐਗਜ਼ਿਟ ਪੋਲ ਤੋਂ ਬਾਅਦ ਹੀ ਜਤਾਈ ਜਾ ਰਹੀ ਸੀ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਦੀ ਤੀਜੀ ਵਾਰ ਵਾਪਸੀ ਦਾ ਅੰਦਾਜ਼ਾ ਲਗਾਇਆ ਗਿਆ ਸੀ।

ਪਿਛਲੇ ਹਫ਼ਤੇ ਭਾਵੇਂ ਸ਼ੇਅਰ ਬਾਜ਼ਾਰ ਵਿਚ ਭਾਰੀ ਉਤਾਰ-ਚੜ੍ਹਾਅ ਵੇਖਣ ਨੂੰ ਮਿਲਿਆ ਹੋਵੇ, ਪਰ ਇਸ ਦੇ ਬਾਵਜੂਦ ਸੈਂਸੇਕਸ ਤੇ ਨਿਫਟੀ ਨੇ ਆਪਣਾ ਨਵਾਂ ਆਲ ਟਾਈਮ ਹਾਈ ਲੈਵਲ ਛੋਹ ਲਿਆ ਸੀ। ਹਾਲਾਂਕਿ ਪਿਛਲੇ ਸ਼ੁੱਕਰਵਾਰ ਨੂੰ ਬਾਂਬੇ ਸਟਾਕ ਐਕਸੇਂਜ ਦੀ ਸੈਂਸੇਕਸ ਮਾਮੂਲੀ 76 ਅੰਕ ਦੀ ਉਛਾਲ ਦੇ ਨਾਲ 73,961.31 ਦੇ ਲੈਵਲ ’ਤੇ ਬੰਦ ਹੋਇਆ ਸੀ, ਜਦਕਿ ਨੈਸ਼ਨਲ ਸਟਾਕ ਐਕਸੇਂਜ ਦਾ ਨਿਫਟੀ 42 ਅੰਕ ਦੀ ਤੇਜ਼ੀ ਨਾਲ 22,530 ਦੇ ਲੈਵਲ ’ਤੇ ਬੰਦ ਹੋਇਆ ਸੀ। ਜ਼ਿਕਰਯੋਗ ਹੈ ਕਿ ਸੈਂਸੇਕਸ ਦਾ ਆਲ ਟਾਈਮ ਹਾਈ 76,009.68, ਉੱਥੇ ਹੀ ਨਿਫਟੀ ਦਾ 52 ਵੀਕ ਦਾ ਹਾਈ ਲੈਵਲ 23,110.80 ਹੈ।

# ਅਮਰੀਕਾ ਵਿੱਚ ਭਾਰਤੀ ਵਿਦਿਆਰਥਣ ਲਾਪਤਾ

**ਹਿਊਸਟਨ, 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਇੱਕ 23 ਸਾਲਾ ਭਾਰਤੀ ਵਿਦਿਆਰਥਣ ਪਿਛਲੇ ਹਫ਼ਤੇ ਤੋਂ ਲਾਪਤਾ ਹੈ ਅਤੇ ਪੁਲੀਸ ਨੇ ਉਸ ਨੂੰ ਲੱਭਣ ਲਈ ਲੋਕਾਂ ਦੀ ਮਦਦ ਮੰਗੀ ਹੈ। ਪੁਲੀਸ ਅਨੁਸਾਰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਸੈਨ ਬਰਨਾਰਡੀਨੋ (ਸੀਐਸਯੂਐਸਬੀ) ਦੀ ਵਿਦਿਆਰਥਣ ਨਿਤਿਸ਼ਾ ਕੰਧੂਲਾ 28 ਮਈ ਨੂੰ ਲਾਪਤਾ ਹੋ ਗਈ ਸੀ।

## ਫਰਿੱਜ ਦੀ ਥਾਂ ਮਿੱਟੀ ਦੇ ਘੜੇ 'ਚੋਂ ਪੀਓ ਪਾਣੀ, ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਹੁੰਦੈ ਬਚਾਅ

ਬਟਾਲਾ 4 ਜੂਨ। ਪੁਰਾਣੇ ਸਮੇਂ ਦੌਰਾਨ ਜਦ ਫਰਿੱਜ ਨਹੀਂ ਹੁੰਦੀ ਸੀ ਤਾਂ ਉਸ ਸਮੇਂ ਦੌਰਾਨ ਲੋਕ ਮਿੱਟੀ ਦੇ ਘੜੇ ਨੂੰ ਹੀ ਆਪਣੀ ਫਰਿੱਜ ਮਨਦੇ ਸਨ ਅਤੇ ਕਿਹਾ ਜਾਂਦਾ ਸੀ ਕਿ ਇਸ ਘੜੇ 'ਚ ਪਾਣੀ ਬਿਨਾਂ ਬਰਫ ਦੇ ਹੀ ਠੰਡਾ ਰਹਿੰਦਾ ਸੀ, ਉੱਥੇ ਹੀ ਇਸ ਘੜੇ 'ਚੋਂ ਪਾਣੀ ਪੀਣ ਨਾਲ ਲੋਕ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਵੀ ਬਚੇ ਰਹਿੰਦੇ ਸਨ। ਅੱਜ ਵੱਧਦੇ ਤਕਨੀਕੀ ਯੁੱਗ ਦੇ ਚਲਦਿਆਂ ਫਰਿੱਜ ਆਦਿ ਕਈ ਤਰ੍ਹਾਂ ਦੀ ਮਸ਼ੀਨਰੀ ਆ ਜਾਣ ਨਾਲ ਮਿੱਟੀ ਦੇ ਘੜੇ ਦਿਨੋ-ਦਿਨ



ਅਲੋਪ ਹੁੰਦੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਿੱਟੀ ਦੇ ਘੜੇ ਬਣਾਉਣ ਵਾਲੇ ਦੁਕਾਨਦਾਰ ਨਵੀਨ ਨੇ ਦੱਸਿਆ ਕਿ ਕਿਸੇ ਸਮੇਂ ਦੌਰਾਨ ਜ਼ਿਆਦਾਤਰ ਘਰਾਂ 'ਚ ਲੋਕ ਮਿੱਟੀ ਦੇ ਘੜਿਆਂ 'ਚ ਹੀ ਪਾਣੀ ਪੀਂਦੇ ਸਨ। ਇਸ ਘੜੇ ਦੀ ਖਾਸ ਗੱਲ ਇਹ ਸੀ ਕਿ ਇਸ ਘੜੇ 'ਚ ਪਾਣੀ ਬਿਨਾਂ ਬਰਫ ਦੇ ਹੀ ਠੰਡਾ ਰਹਿੰਦਾ ਸੀ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਵਲੋਂ ਘਰਾਂ 'ਚ ਫਰਿੱਜ ਦੇ ਨਾਲ-ਨਾਲ ਆਰ. ਓ. ਵੀ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਮਿੱਟੀ ਦੇ ਘੜੇ ਦੀ ਇਕ ਹੋਰ ਖਾਸੀਅਤ ਸੀ ਕਿ ਇਸ 'ਚ ਪਾਣੀ ਭਰਨ ਦੇ ਕੁਝ ਹੀ ਘੰਟਿਆਂ 'ਚ ਪਾਣੀ ਬਿਲਕੁਲ ਸ਼ੁੱਧ ਹੋ ਜਾਂਦਾ ਸੀ। ਉਨ੍ਹਾਂ ਕਿਹਾ ਕਿ ਮਿੱਟੀ ਦੇ ਘੜੇ ਦਾ ਪਾਣੀ ਸਾਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚਾਉਂਦਾ ਹੈ ਪਰ ਵਰਤਮਾਨ ਯੁੱਗ 'ਚ ਬਹੁਤ ਹੀ ਘੱਟ ਲੋਕਾਂ ਨੂੰ ਇਸਦੇ ਬਾਰੇ ਪਤਾ ਹੈ।

## ਸਨਸਨੀਖੇਜ ਵਾਰਦਾਤ; 900 ਰੁਪਏ ਦੀ ਚੋਰੀ ਦੇ ਦੋਸ਼ 'ਚ 12 ਸਾਲ ਦੇ ਬੱਚੇ ਦਾ ਕਤਲ

ਨੈਸ਼ਨਲ ਡੈਸਕ 4 ਜੂਨ। ਬਿਹਾਰ ਦੇ ਮੁੱਜਫਰਨਗਰ ਵਿਚ ਇਕ ਦਿਲ ਦਹਿਲਾ ਦੇਣ ਵਾਲੀ ਵਾਰਦਾਤ ਸਾਹਮਣੇ ਆਈ ਹੈ। ਇੱਥੇ ਇਕ 12 ਸਾਲ ਦੇ ਬੱਚੇ ਦੇ ਕਤਲ ਦੀ ਸਨਸਨੀਖੇਜ ਵਾਰਦਾਤ ਵਾਪਰੀ ਹੈ। ਜਾਣਕਾਰੀ ਮੁਤਾਬਕ ਮਹਿਜ 900 ਰੁਪਏ ਦੀ ਚੋਰੀ ਦੇ ਦੋਸ਼ ਵਿਚ ਬੱਚੇ ਦਾ ਕਤਲ ਕਰ ਕੇ ਉਸ ਦੀ ਲਾਸ਼ ਨੂੰ ਦਰੱਖਤ ਨਾਲ ਟੰਗ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜੇ ਵਿਚ ਲੈ ਲਿਆ। ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਬੱਚੇ ਦੀ ਪਛਾਣ ਮਕੇਸ਼ਰ ਮਹਤੋ ਦੇ ਪੁੱਤਰ ਵਿਵੇਕ ਕੁਮਾਰ ਦੇ ਤੌਰ 'ਤੇ ਹੋਈ ਹੈ। ਪੰਚਾਇਤ ਵਿਚ ਵਿਵੇਕ ਨੇ ਪੈਸੇ ਚੋਰੀ ਕਰਨ ਦੀ ਗੱਲ ਕਬੂਲ ਕੀਤੀ ਸੀ। ਦਰਅਸਲ ਬੱਚੇ ਦੀ ਪਿਤਾ ਨੇ ਪੰਚਾਇਤ ਵਿਚ ਪੈਸੇ ਵਾਪਸ ਕਰਨ ਦੀ ਗੱਲ ਵੀ ਆਖੀ ਸੀ ਪਰ ਉਸੇ ਰਾਤ ਵਿਵੇਕ ਗਾਇਬ ਹੋ ਗਿਆ ਅਤੇ ਸਵੇਰੇ ਉਸ ਦੀ ਲਾਸ਼ ਦਰੱਖਤ ਨਾਲ ਲਟਕਦੀ ਹੋਈ ਮਿਲੀ। ਇਸ ਮਾਮਲੇ ਵਿਚ ਪੁਲਸ ਨੇ ਦੱਸਿਆ ਕਿ ਇਕ ਬੱਚੇ ਦੀ ਲਾਸ਼ ਬਰਾਮਦ ਕੀਤੀ ਗਈ ਹੈ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਸ਼ਾਂਤਮਈ ਢੰਗ ਨਾਲ ਚੋਣਾਂ ਨੇਪਰੇ ਚਾੜ੍ਹਨ ਲਈ ਵੋਟਰਾਂ ਦਾ ਧੰਨਵਾਦ

ਕਿਸ਼ਨ ਪਾਲ

ਚੰਡੀਗੜ੍ਹ 4 ਜੂਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਵੋਟ ਦੇ ਜਮਹੂਰੀ ਹੱਕ ਦੀ ਵਰਤੋਂ ਲਈ ਚੋਣਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਸੂਬੇ ਦੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਗਰਮੀ ਦੇ ਬਾਵਜੂਦ ਵੋਟਰਾਂ ਵੱਲੋਂ ਵੋਟਿੰਗ ਪ੍ਰਕਿਰਿਆ 'ਚ ਦਿਖਾਇਆ ਗਿਆ ਉਤਸਾਹ ਸਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਵੋਟਰਾਂ ਨੇ ਚੋਣ ਪ੍ਰਕਿਰਿਆ 'ਚ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਵੱਲੋਂ ਉਨ੍ਹਾਂ ਵਿੱਚ ਜਤਾਏ ਗਏ ਭਰੋਸੇ ਦਾ ਮਾਣ ਰੱਖਿਆ ਹੈ। ਮੁੱਖ ਚੋਣ ਅਧਿਕਾਰੀ ਨੇ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਦਿਸ਼ਾ-ਨਿਰਦੇਸਾਂ ਦੀ ਪਾਲਣਾ ਕਰਦਿਆਂ ਚੋਣ ਪ੍ਰਕਿਰਿਆ ਵਿੱਚ ਦਿੱਤੇ ਗਏ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਵੋਟਿੰਗ ਪ੍ਰਕਿਰਿਆ ਨੂੰ ਸਾਂਤੀਪੂਰਨ, ਨਿਰਪੱਖ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਜ਼ਿਲ੍ਹਾ ਚੋਣ ਅਫਸਰਾਂ-ਕਮ-ਡਿਪਟੀ ਕਮਿਸਨਰਾਂ ਦੇ ਯਤਨਾਂ ਦੀ ਵੀ ਸਲਾਘਾ ਕੀਤੀ, ਜਿਨ੍ਹਾਂ ਨੇ ਚੋਣ ਪ੍ਰਕਿਰਿਆ ਦੇ ਸੁਚਾਰੂ ਪ੍ਰਬੰਧਨ ਅਤੇ ਨਿਗਰਾਨੀ ਨੂੰ ਯਕਨੀ ਬਣਾਇਆ। ਸਿਬਿਨ ਸੀ ਨੇ ਪੋਲਿੰਗ ਸਟੇਸਨਾਂ 'ਤੇ




ਉਸਾਰੂ ਤੇ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਪੁਲਿਸ ਕਮਿਸਨਰਾਂ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ, ਪੰਜਾਬ ਪੁਲਿਸ ਦੇ ਸਮੂਹ ਕਰਮਚਾਰੀਆਂ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀ.ਏ.ਪੀ.ਐੱਫ.) ਦਾ ਵੀ ਧੰਨਵਾਦ ਕੀਤਾ, ਜੋ ਚੋਣਾਂ ਦੇ ਐਲਾਨ ਤੋਂ ਲੈ ਕੇ ਵੋਟਿੰਗ ਵਾਲੇ ਦਿਨ ਤੱਕ ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਲਈ ਵਧੇਰੇ ਮਹੱਤਵਪੂਰਨ ਸੀ। ਸਿਬਿਨ ਸੀ ਨੇ ਪੋਲਿੰਗ ਅਫ਼ਸਰਾਂ, ਵਲੰਟੀਅਰਾਂ ਅਤੇ ਚੋਣ ਪ੍ਰਕਿਰਿਆ ਵਿੱਚ ਸਾਮਲ ਸਾਰੇ ਵਿਅਕਤੀਆਂ ਸਮੇਤ ਸਮੁੱਚੇ ਚੋਣ ਅਮਲੇ ਦੀ ਮਿਹਨਤ, ਵਚਨਬੱਧਤਾ ਅਤੇ ਸਮਰਪਣ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਲੋਕਤੰਤਰ ਦੇ ਇਸ ਸਭ ਤੋਂ ਵੱਡੇ ਤਿਉਹਾਰ ਦੌਰਾਨ ਵੋਟਿੰਗ ਪ੍ਰਕਿਰਿਆ ਨੂੰ ਸੁਚਾਰੂ ਅਤੇ ਸੁਰੱਖਿਅਤ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਲਈ ਸਾਰਿਆਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਸਦਕਾ ਸਮੁੱਚੀ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਢੰਗ ਨਾਲ ਮੁਕੰਮਲ ਹੋ ਗਈ ਹੈ। ਮੁੱਖ ਚੋਣ ਅਧਿਕਰੀ ਨੇ ਜੋਰ ਦੇ ਕੇ ਕਿਹਾ ਕਿ ਸਾਰੇ ਭਾਈਵਾਲਾਂ ਨੇ ਲੋਕਤੰਤਰ ਦੀ ਅਸਲ ਭਾਵਨਾ ਦਿਖਾਉਂਦਿਆਂ ਚੋਣ ਪ੍ਰਕਿਰਿਆ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਵਧ-ਚੜ੍ਹ ਕੇ ਸਹਿਯੋਗ ਦਿੱਤਾ ਅਤੇ ਸਮੁੱਚੇ ਚੋਣ ਅਮਲ ਨੂੰ ਸੁਚਾਰੂ ਤੇ ਪਾਰਦਰਸੀ ਢੰਗ ਨਾਲ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ।

## ਅੱਤ ਦੀ ਗਰਮੀ ਵਿਚਾਲੇ ਲੋਕਾਂ ਲਈ ਰਾਹਤ ਭਰੀ ਖਬਰ, ਮੌਸਮ ਵਿਭਾਗ ਨੇ ਸਾਂਝੀ ਕੀਤੀ ਵਿਸ਼ੇਸ਼ ਜਾਣਕਾਰੀ

ਚੰਡੀਗੜ੍ਹ 4 ਜੂਨ। ਪੰਜਾਬ ਵਿਚ ਪੈ ਰਹੀ ਅੱਤ ਦੀ ਗਰਮੀ ਆਪਣੇ ਸਾਰੇ ਰਿਕਾਰਡ ਤੋੜ ਰਹੀ ਹੈ। ਆਲਮ ਇਹ ਹੈ ਕਿ ਦੇਸ ਦੇ ਕਈ ਹਿੱਸਿਆਂ ਵਿਚ ਤਾਪਮਾਨ 50 ਡਿਗਰੀ ਨੂੰ ਵੀ ਪਾਰ ਕਰ ਚੁੱਕਾ ਹੈ। ਭਿਆਨਕ ਗਰਮੀ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਮੌਸਮ ਵਿਭਾਗ ਨੇ ਕੁਝ ਰਾਹਤ ਦੀ ਖਬਰ ਜਰੂਰ ਦਿੱਤੀ ਹੈ। ਭਾਰਤ ਦੇ ਮੌਸਮ ਵਿਭਾਗ ਦੇ ਸੂਤਰਾਂ ਅਨੁਸਾਰ ਅਗਲੇ 3-4 ਦਿਨਾਂ ਵਿਚ ਜੰਮੂ-ਕਸਮੀਰ ਵਿਚ ਹਲਕੀ ਪੱਛਮੀ ਗੜਬੜੀ ਦੀ ਸੰਭਾਵਨਾ ਹੈ। ਇਸ ਕਾਰਨ ਤਾਪਮਾਨ ਵਿਚ ਗਿਰਾਵਟ ਆਵੇਗੀ ਅਤੇ ਕਹਿਰ ਦੀ ਗਰਮੀ ਤੋਂ ਕੁਝ ਕੁ ਰਾਹਤ ਜਰੂਰ ਮਿਲੇਗੀ। ਇਸ ਕਾਰਨ ਖਾਸ ਤੌਰ 'ਤੇ ਉੱਤਰੀ ਭਾਰਤ ਦੇ ਸੂਬਿਆਂ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ 'ਚ ਮੌਸਮ ਠੰਡਾ ਰਹੇਗਾ। ਸੂਤਰਾਂ ਮੁਤਾਬਕ ਦਿੱਲੀ-ਐੱਨ. ਸੀ. ਆਰ. ਤੋਂ ਇਲਾਵਾ ਕਈ ਸੂਬਿਆਂ ਵਿਚ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਚਲਾ ਗਿਆ ਹੈ। ਹਾਲਾਂਕਿ ਹੁਣ ਕੁਝ ਦਿਨਾਂ ਤੱਕ ਤਾਪਮਾਨ ਇਸ ਤੋਂ ਅੱਗੇ ਵਧਣ ਦੀ ਸੰਭਾਵਨਾ ਘੱਟ ਹੈ। ਮਾਨਸੂਨ ਦੇ ਆਉਣ ਤੋਂ ਪਹਿਲਾਂ ਪੱਛਮੀ ਗੜਬੜੀ ਅਤੇ ਧੂੜ ਭਰੀ ਹਨੇਰੀ ਕਾਰਨ ਤਾਪਮਾਨ ਵਿਚ ਗਿਰਾਵਟ ਆਵੇਗੀ। ਹਾਲਾਂਕਿ ਇਹ ਗਿਰਾਵਟ ਜ਼ਿਆਦਾ ਨਹੀਂ ਹੋਵੇਗੀ। ਤਾਪਮਾਨ 42-43 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਹੈ ਪਰ ਅੱਤ ਦੀ ਗਰਮੀ ਤੋਂ ਰਾਹਤ ਮਿਲੇਗੀ। ਇਸ ਤੋਂ ਬਾਅਦ ਵੈਸਟਰਨ ਡਿਸਟਰਬੈਂਸ ਦੇ ਜਾਣ ਤੋਂ ਬਾਅਦ ਤਾਪਮਾਨ ਇਕ ਵਾਰ ਫਿਰ ਵਧੇਗਾ। ਮੌਸਮ ਵਿਭਾਗ ਨੇ ਕਿਹਾ ਹੈ ਕਿ ਦੱਖਣ-ਪੱਛਮੀ ਮਾਨਸੂਨ ਕੇਰਲ 'ਚ ਪਹੁੰਚ ਗਿਆ ਹੈ ਤੇ ਇਹ ਉੱਤਰ-ਪੂਰਬੀ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵੱਲ ਵੱਧ ਗਿਆ ਹੈ। ਮੌਸਮ ਵਿਭਾਗ ਵੱਲੋਂ ਕੀਤੀ ਭਵਿੱਖਬਾਣੀ ਤੋਂ ਇੱਕ ਦਿਨ ਪਹਿਲਾਂ ਮਾਨਸੂਨ ਭਾਰਤ ਪੁੱਜਿਆ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਐਤਵਾਰ ਨੂੰ ਪੱਛਮੀ ਬੰਗਾਲ ਅਤੇ ਬੰਗਲਾਦੇਸ ਵਿਚ ਆਏ ਚੱਕਰਵਾਤ ਨੇ ਮਾਨਸੂਨ ਦੀ ਰਫਤਾਰ ਤੇਜ ਕਰ ਦਿੱਤੀ ਤੇ ਇਹ ਤੈਅ ਸਮੇਂ ਤੋਂ ਪਹਿਲਾਂ ਭਾਰਤ ਪੁੱਜ ਗਿਆ। ਖਾਸ ਗੱਲ ਇਹ ਹੈ ਕਿ ਇਸ ਵਾਰ ਮੌਸਮ ਦਾ ਵਿਰਲਾ ਨਜਾਰਾ ਵੀ ਦੇਖਣ ਨੂੰ ਮਿਲ ਸਕਦਾ ਹੈ, ਕਿਉਂਕਿ ਕਿਹਾ ਜਾ ਰਿਹਾ ਹੈ ਕਿ ਮਾਨਸੂਨ ਕੇਰਲ ਅਤੇ ਕੁਝ ਉੱਤਰ-ਪੂਰਬੀ ਸੂਬਿਆਂ 'ਚ ਨਾਲ-ਨਾਲ ਦਾਖਲ ਹੋਣ ਵਾਲਾ ਹੈ।

## ਚੋਣ ਰੈਲੀ ਦੀ ਤਿਆਰੀ ਦੌਰਾਨ ਨੌਜਵਾਨ ਨਾਲ ਵਾਪਰਿਆ ਹਾਦਸਾ

ਲੁਧਿਆਣਾ 4 ਜੂਨ। ਲੋਕ ਸਭਾ ਚੋਣਾਂ ਕਾਰਨ ਕਰਵਾਈਆਂ ਜਾਣ ਵਾਲੀਆਂ ਚੋਣ ਰੈਲੀ ਦੀਆਂ ਤਿਆਰੀਆਂ ਕਰਨ ਦੌਰਾਨ ਬਸਤੀ ਜੋਧੇਵਾਲ ਚੌਕ ਦੇ ਨੇੜੇ ਪੈਂਦੇ ਸੁਭਾਸ਼ ਨਗਰ ਇਲਾਕੇ ਵਿਚ ਇਕ ਨੌਜਵਾਨ ਇਲਾਕੇ ਵਿਚ ਲੱਗੇ ਬਿਜਲੀ ਦੇ ਟਾਵਰ ਤੋਂ ਗੁਜ਼ਰ ਰਹੀਆਂ 132 ਕੇ.ਵੀ. ਹਾਈ ਵੋਲਟੇਜ ਤਾਰਾਂ ਦੀ ਲਪੇਟ ਵਿਚ ਆਉਣ ਕਾਰਨ ਅੱਗ ਦੀਆਂ ਲਪਟਾਂ ਵਿਚ ਬੁਰੀ ਤਰ੍ਹਾਂ ਝੁਲਸ ਗਿਆ। ਪੀੜਤ ਕਥਿਤ ਤੌਰ 'ਤੇ ਇਕ ਰਾਜਨੀਤਕ ਪਾਰਟੀ ਦਾ ਵਰਕਰ ਦੱਸਿਆ ਜਾ ਰਿਹਾ ਹੈ। ਹਾਦਸੇ ਕਾਰਨ ਪੀੜਤ ਦੀ ਹਾਲਤ ਗੰਭੀਰ ਬਣੀ ਹੋਈ ਹੈ ਜਿਸ ਨੂੰ ਇਲਾਜ ਲਈ ਸੀ.ਐੱਮ.ਸੀ. ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਪ੍ਰਤੱਖ ਦੇਖਣ ਵਾਲਿਆਂ ਮੁਤਾਬਕ ਬਲਬੀਰ ਬਿੱਲਾਹ ਅਤੇ ਦੁਕਾਨਦਾਰਾਂ ਦੇ ਮੁਤਾਬਕ ਨੌਜਵਾਨ ਵੱਲੋਂ ਇਲਾਕੇ ਵਿਚ ਹੋਣ ਵਾਲੀ ਚੋਣ ਰੈਲੀ ਦੇ ਸਬੰਧ ਵਿਚ ਦੁਕਾਨਾਂ ਅਤੇ ਘਰਾਂ ਦੀਆਂ ਛੱਤਾਂ 'ਤੇ ਪਾਰਟੀ ਦੇ ਝੰਡੇ ਲਗਾਏ ਜਾ ਰਹੇ ਸਨ। ਇਸ ਦੌਰਾਨ ਜਿਵੇਂ ਹੀ ਉਹ ਛੱਤ ਦੇ ਉੱਪਰੋਂ ਗੁਜ਼ਰ ਰਹੀਆਂ ਬਿਜਲੀ ਦੀਆਂ 132 ਕੇ.ਵੀ. ਹਾਈਵੋਲਟੇਜ ਤਾਰਾਂ ਦੀ ਲਪੇਟ ਵਿਚ ਆਇਆ ਤਾਂ ਅਚਾਨਕ ਹੋਏ ਜ਼ੋਰਦਾਰ ਧਮਾਕੇ ਨਾਲ ਲੱਗੀ ਅੱਗ ਦੀਆਂ ਭਿਆਨਕ ਲਪਟਾਂ ਵਿਚ ਬੁਰੀ ਤਰ੍ਹਾਂ ਝੁਲਸ ਗਿਆ ਅਤੇ ਉਛਲ ਕੇ ਕਈ ਫੁੱਟ ਦੂਰ ਜਾ ਡਿੱਗਾ। ਇਸ ਦੌਰਾਨ ਮੌਕੇ 'ਤੇ ਮੌਜੂਦ ਪਾਰਟੀ ਵਰਕਰਾਂ ਵੱਲੋਂ ਨੌਜਵਾਨ ਨੂੰ ਕਿਸੇ ਤਰ੍ਹਾਂ ਮੌਕੇ ਤੋਂ ਚੁੱਕ ਕੇ ਇਲਾਜ ਲਈ ਸੀ.ਐੱਮ.ਸੀ. ਹਸਪਤਾਲ ਪਹੁੰਚਾਇਆ। ਦੱਸਿਆ ਜਾ ਰਿਹਾ ਹੈ ਕਿ ਪੀੜਤ ਨੌਜਵਾਨ ਦੀ ਹਾਲਤ ਗੰਭੀਰ ਬਣੀ ਹੋਈ ਹੈ। ਗੱਲਬਾਤ ਕਰਦੇ ਹੋਏ ਪਾਵਰਕਾਮ ਵਿਭਾਗ ਦੇ ਐੱਸ.ਡੀ.ਓ. ਵਿਪਨ ਸੂਦ ਨੇ ਦਾਅਵਾ ਕੀਤਾ ਕਿ ਮਾਮਲੇ ਦੀ ਜਾਣਕਾਰੀ ਮਿਲਣ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਆਪਣੀ ਟੀਮ ਨੂੰ ਜਾਂਚ ਕਰਨ ਲਈ ਮੌਕੇ 'ਤੇ ਭੇਜਿਆ ਪਰ ਇਸ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਹਾਦਸਾ ਇਲਾਕੇ ਵਿਚੋਂ ਗੁਜ਼ਰਦੀਆਂ ਬਿਜਲੀ ਦੀਆਂ ਤਾਰਾਂ ਕਾਰਨ ਨਹੀਂ, ਸਗੋਂ ਇਲਾਕੇ ਵਿਚ ਲੱਗੇ ਟਾਵਰ ਤੋਂ ਗੁਜ਼ਰ ਰਹੀਆਂ ਬਿਜਲੀ ਦੀਆਂ 132 ਕੇ.ਵੀ. ਹਾਈ ਵੋਲਟੇਜ ਤਾਰਾਂ ਕਾਰਨ ਵਾਪਰਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਗੱਲ ਸਮਝ ਤੋਂ ਪਰੇ ਹੈ ਕਿ ਟਾਵਰ ਦੀਆਂ ਤਾਰਾਂ ਇੰਨੀਆਂ ਉੱਚੀਆਂ ਹੋਣ ਦੇ ਬਾਵਜੂਦ ਨੌਜਵਾਨ ਹਾਈ ਵੋਲਟੇਜ ਤਾਰਾਂ ਤੱਕ ਕਿਵੇਂ ਪੁੱਜ ਗਿਆ ?

# ਕੰਟਰੋਲ ਰੇਖਾ ਪਾਰ ਘੁਸਪੈਠ ਦੀ ਫਿਰਾਕ 'ਚ ਹਨ 70 ਅੱਤਵਾਦੀ : ਜੰਮੂ ਕਸ਼ਮੀਰ ਦੇ

ਏਜੰਸੀਆਂ

ਸ਼੍ਰੀਨਗਰ 4 ਜੂਨ। ਜੰਮੂ ਕਸ਼ਮੀਰ ਦੇ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਰਸ਼ਮੀ ਰੰਜਨ ਸਵੈਨ ਅਨੁਸਾਰ ਕੰਟਰੋਲ ਰੇਖਾ (ਐੱਲ.ਓ.ਸੀ.) ਪਾਰ ਸਥਿਤ 'ਲਾਂਚ ਪੈਡ' 'ਤੇ ਸਰਗਰਮ ਲਗਭਗ 60 ਤੋਂ 70 ਅੱਤਵਾਦੀ ਭਾਰਤ 'ਚ ਘੁਸਪੈਠ ਦੀ ਫਿਰਾਕ 'ਚ ਹਨ। ਇਸ ਦੇ ਨਾਲ ਹੀ ਸਵੈਨ ਨੇ ਕਿਹਾ ਕਿ ਘੱਟਦੀ ਸਮਰੱਥਾ ਦੇ ਬਾਵਜੂਦ ਪਾਕਿਸਤਾਨ ਜੰਮੂ ਕਸ਼ਮੀਰ ਦੇ ਲੋਕਾਂ ਅਤੇ ਸਮੱਗਰੀ ਭੇਜਣ ਤੋਂ ਬਾਜ ਨਹੀਂ ਆ ਰਿਹਾ ਹੈ। ਸਰਹੱਦੀ ਇਲਾਕਿਆਂ 'ਚ ਮੌਜੂਦਾ ਸੁਰੱਖਿਆ ਹਾਲਾਤ ਦੇ ਮੁਲਾਂਕਣ ਤੋਂ ਜਾਣੂ ਕਰਵਾਉਣ ਦੇ ਨਾਲ ਡਰੋਨ ਰਾਹੀਂ ਹਥਿਆਰ ਸਮੇਤ ਹੋਰ ਸਮੱਗਰੀ ਸੁੱਟੇ ਜਾਣ ਦੀਆਂ ਚੁਣੌਤੀਆਂ ਦਾ ਜ਼ਿਕਰ ਕਰਦੇ ਹੋਏ ਸਵੈਨ ਨੇ ਕਿਹਾ ਕਿ ਭਾਰਤੀ ਸੁਰੱਖਿਆ ਕਰਮੀਆਂ ਦੀ ਦ੍ਰਿੜ ਵਚਨਬੱਧਤਾ ਕਾਰਨ ਦੁਸ਼ਮਣ ਦਾ ਸਫਲ ਹੋਣਾ ਬਹੁਤ ਮੁਸ਼ਕਲ ਹੈ। ਜੰਮੂ ਕਸ਼ਮੀਰ ਪੁਲਸ ਅਤੇ ਅਪਰਾਧ ਜਾਂਚ ਵਿਭਾਗ (ਸੀ.ਆਈ.ਡੀ.) ਦਾ ਦੋਹਰਾ ਅਹੁਦਾ ਸੰਭਾਲ ਰਹੇ ਸਵੈਨ ਨੇ ਕਿਹਾ,"ਸਾਡੇ ਸੁਰੱਖਿਆ ਸਾਂਝੇਦਾਰਾਂ ਨਾਲ ਬੈਠਕਾਂ 'ਚ ਅਸੀਂ ਆਮ ਤੌਰ 'ਤੇ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਇਹ ਇਕ ਤੱਥ ਹੈ ਕਿ ਵਿਰੋਧੀ ਜਾਂ ਦੁਸ਼ਮਣ ਨੇ ਲੋਕਾਂ ਅਤੇ ਸਮੱਗਰੀ ਨੂੰ ਭੇਜਣ 'ਤੇ ਰੋਕ ਨਹੀਂ ਲਗਾਈ ਹੈ।" ਉਨ੍ਹਾਂ ਨੇ ਖੇਤਰ 'ਚ ਪੱਛਮੀ ਗੁਆਂਢੀ ਦੇਸ਼ ਤੋਂ ਆਏ ਵਿਦੇਸ਼ੀ ਅੱਤਵਾਦੀਆਂ ਦੀ ਮੌਜੂਦਗੀ ਦਾ ਵੀ ਜ਼ਿਕਰ ਕੀਤਾ। ਇਨ੍ਹਾਂ ਕੋਸ਼ਿਸ਼ਾਂ ਦਾ ਮੁਕਾਬਲਾ ਕਰਨ 'ਚ ਕੁਝ ਸਫਲਤਾ ਮਿਲਣ ਦੀ ਗੱਲ ਨੂੰ ਸਵੀਕਾਰ ਕਰਦੇ ਹੋਏ ਸਵੈਨ ਨੇ ਕਿਹਾ ਕਿ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਖੇਤਰ ਨੂੰ ਅਸਥਿਰ ਕਰਨ ਦੀ ਦੁਸ਼ਮਣ ਦੀ ਸਮਰੱਥਾ ਨੂੰ ਹੋਰ ਘੱਟ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਦੀ ਜਰੂਰਤ ਹੈ। ਉਨ੍ਹਾਂ ਕਿਹਾ,"ਮੈਂ ਕਹਾਂਗਾ ਕਿ ਦੁਸ਼ਮਣ ਦਾ ਇਰਾਦਾ ਉਹੀ ਹੈ, ਸਮਰੱਥਾ ਯਕੀਨੀ ਰੂਪ ਨਾਲ ਘੱਟ ਹੋਈ ਹੈ ਪਰ ਕਦੇ ਵਿਵਸਥਾ ਨੂੰ ਹਿਲਾ ਦੇਣ ਅਤੇ ਤੁਹਾਨੂੰ ਅਸਥਿਰ ਕਰਨ ਦੀ ਸਮਰੱਥਾ ਉਸ 'ਚ ਅਜੇ ਵੀ ਮੌਜੂਦ ਹੈ।" ਸਵੈਨ ਨੇ ਕਿਹਾ ਕਿ ਵੱਖ-ਵੱਖ ਥਾਵਾਂ 'ਤੇ 5 ਜਾਂ 6 ਸਮੂਹਾਂ 'ਚ ਲਗਭਗ 60-70 ਲੋਕ ਸਾਡੇ ਵੱਲ ਭੇਜੇ ਜਾਣ ਦਾ ਇੰਤਜਾਰ ਕਰ ਰਹੇ ਹਨ। ਫੌਜ, ਅਰਧ ਸੈਨਿਕ ਫੋਰਸਾਂ ਅਤੇ ਜੰਮੂ ਕਸ਼ਮੀਰ



ਪੁਲਸ ਵਿਚਾਲੇ ਤਾਲਮੇਲ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ,"ਅਸੀਂ ਪੂਰੀ ਤਰ੍ਹਾਂ ਵਚਨਬੱਧ ਹਾਂ ਕਿ ਅਸੀਂ ਦੁਸ਼ਮਣ ਦੀ ਸਫਲਤਾ ਨੂੰ ਮੁਸ਼ਕਲ ਬਣਾ ਦੇਵਾਂਗੇ। ਡਰੋਨ ਸੁੱਟੇ ਜਾਣ ਦੇ ਮੁੱਦੇ 'ਤੇ ਸਵੈਨ ਨੇ ਕਿਹਾ ਕਿ ਇਹ ਗਤੀਵਿਧੀਆਂ ਇਕ ਮਹੱਤਵਪੂਰਨ ਚੁਣੌਤੀ ਪੇਸ਼ ਕਰਦੀਆਂ ਹਨ, ਕਿਉਂਕਿ ਇਹ ਹਥਿਆਰ, ਗੋਲਾ-ਬਾਰੂਦ, ਵਿਸਫੋਟਕ, ਨਕਦੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਸੌਖਾ ਬਣਾਉਂਦੀ ਹੈ।

# ਸੇਬੀ ਨੇ ਲਾਈ ਅਫਵਾਹਾਂ ਉਡਾਉਣ 'ਤੇ ਲਗਾਮ ਕੰਪਨੀਆਂ ਨੂੰ 24 ਘੰਟੇ 'ਚ ਸਪੱਸ਼ਟੀਕਰਨ ਦੇਣਾ ਜਰੂਰੀ

ਸਰਦੂਲ ਸਿੰਘ

ਨਵੀਂ ਦਿੱਲੀ 4 ਜੂਨ। ਮਾਰਕੀਟ ਕੈਪ ਦੇ ਹਿਸਾਬ ਨਾਲ ਸੂਚੀਬੱਧ ਚੋਟੀ ਦੀਆਂ 100 ਕੰਪਨੀਆਂ ਨੂੰ 1 ਜੂਨ ਤੋਂ ਆਪਣੇ ਸਬੰਧ 'ਚ ਮੇਨ ਸਟ੍ਰੀਮ ਮੀਡੀਆ 'ਚ ਆਉਣ ਵਾਲੀ ਕਿਸੇ ਵੀ ਬਾਜਾਰ ਨਾਲ ਸਬੰਧਤ ਅਫਵਾਹ ਦੀ ਪੁਸਟੀ ਜਾਂ ਖੰਡਨ ਕਰਨਾ ਹੋਵੇਗਾ। ਦੱਸ ਦੇਈਏ ਕਿ ਇਹ ਨਿਯਮ 1 ਦਸੰਬਰ ਤੋਂ ਚੋਟੀ ਦੀਆਂ 250 ਕੰਪਨੀਆਂ 'ਤੇ ਲਾਗੂ ਹੋਵੇਗਾ। ਅਜੇ ਇਹ ਸਿਰਫ ਚੋਟੀ ਦੀਆਂ 100 ਸੂਚੀਬੱਧ ਕੰਪਨੀਆਂ ਲਈ ਲਾਗੂ ਹੁੰਦਾ ਹੈ। ਸੇਬੀ ਦੇ ਨਿਯਮਾਂ ਤਹਿਤ, ਇਨ੍ਹਾਂ ਕੰਪਨੀਆਂ ਨੂੰ ਮੇਨ ਸਟ੍ਰੀਮ ਮੀਡੀਆ 'ਚ ਦੱਸੀ ਗਈ ਕਿਸੇ ਵੀ ਅਸਾਧਾਰਨ ਘਟਨਾ ਜਾਂ ਸੂਚਨਾ ਦੀ ਪੁਸਟੀ, ਖੰਡਨ ਜਾਂ ਸਪਸਟੀਕਰਨ 24 ਘੰਟਿਆਂ ਦੇ ਅੰਦਰ ਦੇਣਾ ਹੋਵੇਗਾ। ਐੱਮ. ਐੱਮ. ਜੇ. ਸੀ. ਐਂਡ ਐਸੋਸੀਏਟਸ ਦੇ ਸੰਸਥਾਪਕ ਮਕਰੰਦ ਐੱਮ. ਜੋਸੀ ਨੇ ਕਿਹਾ ਕਿ ਇਸ ਕਦਮ ਨਾਲ ਅਜਿਹੀ ਸੂਚਨਾ ਲੀਕ ਹੋਣ ਤੋਂ ਰੋਕਾ ਜਾ ਸਕੇਗੀ, ਜੋ ਕਿਸੇ ਖਾਸ ਕਾਰਪੋਰੇਟ ਕਾਰਵਾਈ ਦੀ ਵੈਲਿਊਏਸ਼ਨ ਨੂੰ ਪ੍ਰਭਾਵਤ ਕਰੇਗੀ। ਉਨ੍ਹਾਂ ਕਿਹਾ ਕਿ ਸੇਬੀ ਦੀ ਇਹ ਪਹਿਲ-ਕਦਮੀ ਅਫਵਾਹ ਤਸਦੀਕ ਢਾਂਚੇ ਨੂੰ ਮਜਬੂਤ ਕਰਨ ਅਤੇ ਨਿਰਪੱਖ ਬਾਜਾਰ ਪ੍ਰਾਪਤ ਕਰਨ 'ਚ ਮਦਦ ਕਰੇਗੀ। ਇਸ ਨਾਲ ਭਾਰਤ ਪੂਰੀ ਦੁਨੀਆ ਦੇ ਨਿਵੇਸਕਾਂ ਲਈ ਇਕ ਪਸੰਦੀਦਾ ਬਾਜਾਰ ਬਣ ਜਾਵੇਗਾ। ਚੋਣ ਨਤੀਜਿਆਂ ਨੂੰ ਲੈ ਕੇ ਵੀ ਵੱਖ-ਵੱਖ ਮਾਹਿਰ ਵੀ ਆਪਣੀ ਰਾਏ ਦੇ ਰੱਖ ਰਹੇ ਹਨ। ਚੋਣ ਨਤੀਜਿਆਂ ਵਾਲੇ



ਦਿਨ ਤਾਂ ਸੇਅਰ ਬਾਜਾਰ ਰਿਐਕਟ ਕਰੇਗਾ ਹੀ ਪਰ ਉਸ ਤੋਂ ਪਹਿਲਾਂ 3 ਜੂਨ ਯਾਨੀ ਸੋਮਵਾਰ ਨੂੰ ਸੇਅਰ ਬਾਜਾਰ 'ਤੇ ਇਨ੍ਹਾਂ ਐਗਜ਼ਿਟ ਪੋਲ ਦਾ ਕੁਝ ਅਸਰ ਨਜਰ ਆਵੇਗਾ। ਇਹੀ ਕਾਰਨ ਹੈ ਕਿ ਸਾਰਿਆਂ ਦੀਆਂ ਨਜਰਾਂ 3 ਜੂਨ ਨੂੰ ਸੇਅਰ ਬਾਜਾਰ 'ਤੇ ਰਹਿਣਗੀਆਂ। ਐਗਜ਼ਿਟ ਪੋਲ ਤੋਂ ਬਾਅਦ ਪਹਿਲੀ ਵਾਰ ਸੇਅਰ ਬਾਜਾਰ ਉਸੇ ਦਿਨ ਖੁੱਲ੍ਹੇਗਾ। ਜੇ ਉੱਪਰ ਦਿੱਤੀਆਂ ਗਈਆਂ ਚਾਰ ਚੋਣਾਂ ਦੇ ਐਗਜ਼ਿਟ ਪੋਲ ਅਤੇ ਉਸ ਤੋਂ ਬਾਅਦ ਸੇਅਰ ਬਾਜਾਰ 'ਤੇ ਪੈਣ ਵਾਲੇ ਅਸਰ ਨੂੰ ਮੰਨੀਏ ਤਾਂ 3 ਜੂਨ ਨੂੰ ਸੇਅਰ ਬਾਜਾਰ ਤੇਜੀ ਤੇ ਨੁਕਸਾਨ ਦੋਵਾਂ ਵੱਲ ਜਾ ਸਕਦਾ ਹੈ। ਜੇ ਐਗਜ਼ਿਟ ਪੋਲ ਦੇ ਅੰਕੜੇ ਲੰਗੜੀ ਲੋਕ ਸਭਾ ਦੇ ਵਿਖਾਈ ਦਿੰਦੇ ਹਨ ਤਾਂ ਸੇਅਰ ਬਾਜਾਰ 'ਚ ਗਿਰਾਵਟ ਆ ਸਕਦੀ ਹੈ। ਉੱਥੇ ਹੀ, ਜੇ ਕੋਈ ਇਕ ਗੱਠਜੋੜ ਯਾਨੀ ਐੱਨ. ਡੀ. ਏ ਜਾਂ 'ਇੰਡੀਆ' 'ਚ ਕਿਸੇ ਇਕ ਨੂੰ ਪੂਰਨ ਬਹੁਮਤ ਮਿਲਦਾ ਹੈ ਤਾਂ ਸ਼ੇਅਰ ਬਾਜਾਰ ਸਕਾਰਾਤਮਕ ਪ੍ਰਤੀਕਿਰਿਆ ਦੇ ਸਕਦਾ ਹੈ। ਉੱਥੇ ਹੀ, ਸ਼ੇਅਰ ਬਾਜਾਰ ਦੀਆਂ ਨਜਰਾਂ ਚੋਣਾਂ 'ਚ ਭਾਜਪਾ ਦੇ ਪ੍ਰਦਰਸ਼ਨ 'ਤੇ ਟਿਕੀਆਂ ਹੋਣਗੀਆਂ। ਜੇ ਭਾਜਪਾ ਚੋਣਾਂ 'ਚ ਬਹੁਮਤ ਦਾ ਅੰਕੜਾ ਪਾਰ ਨਹੀਂ ਕਰਦੀ, ਸਗੋਂ ਆਪਣੇ ਪਿਛਲੇ ਪ੍ਰਦਰਸਨ ਨੂੰ ਵੀ ਪਾਰ ਕਰਦੀ ਹੋਈ ਨਜਰ ਆਉਂਦੀ ਹੈ, ਤਾਂ ਸੇਅਰ ਬਾਜਾਰ 'ਚ ਤੇਜੀ ਦਾ ਰੁਖ ਬਣ ਸਕਦਾ ਹੈ। ਜੇ ਭਾਜਪਾ ਚੋਣਾਂ 'ਚ ਬਹੁਮਤ ਦੇ ਅੰਕੜੇ ਤੋਂ ਹੇਠਾਂ ਰਹਿੰਦੀ ਹੈ, ਤਾਂ ਸ਼ੇਅਰ ਬਾਜਾਰ ਡਗਮਗਾ ਸਕਦਾ ਹੈ।

## ਪਿੰਡ ਢਿੱਲਵਾਂ ਵਿਖੇ ਗੁਰਦੁਆਰਾ ਸਾਹਿਬ 'ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ

ਸਮਰਾਲਾ 4 ਜੂਨ। ਅੱਜ ਸਵੇਰੇ ਥਾਣਾ ਸਮਰਾਲਾ ਦੇ ਅਧੀਨ ਪੈਂਦੇ ਪਿੰਡ ਢਿੱਲਵਾਂ ਦੇ ਗੁਰਦੁਆਰਾ ਸਾਹਿਬ ਵਿਚ ਇਕ ਮੰਦਬੁੱਧੀ ਔਰਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਦਾ ਪਤਾ ਚੱਲਦਿਆਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ, ਨਿਹੰਗ ਜਥੇਬੰਦੀਆਂ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂ ਮੌਕੇ 'ਤੇ ਪੁੱਜ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ ਔਰਤ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਮਾਮਲੇ ਦੀ ਤਫਤੀਸ ਲਈ ਪੁੱਜੇ ਗੁਰਦੁਆਰਾ ਚਰਨਕੰਵਲ ਸਾਹਿਬ ਮਾਛੀਵਾੜਾ ਦੇ ਸ਼੍ਰੋਮਣੀ ਕਮੇਟੀ ਕਥਾਵਾਚਕ ਅਤੇ ਪ੍ਰਚਾਰਕ ਇਕਨਾਮ ਸਿੰਘ ਨੇ ਦੱਸਿਆ ਕਿ ਇਸ ਮੰਦਬੁੱਧੀ ਔਰਤ ਵੱਲੋਂ ਬੇਅਦਬੀ ਦੀ ਘਟਨਾ ਸਵੇਰੇ ਕਰੀਬ ਪੰਜ ਵਜੇ ਅੰਜਾਮ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਸਵੇਰੇ ਪੰਜ ਵਜੇ ਜਿਓਂ ਹੀ ਨਿਤਨੇਮ ਦੇ ਭੋਗ ਪਾ ਕੇ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਿਆ ਅਤੇ ਇਸੇ ਹਦੂਦ ਅੰਦਰ ਬਣੇ ਆਪਣੇ ਰਿਹਾਇਸੀ ਕਮਰੇ ਵਿਚ ਚਲਾ ਗਿਆ, ਉਸਤੋਂ ਬਾਅਦ ਜਦੋਂ ਸੰਗਤਾਂ ਮੱਥਾ ਟੇਕਣ ਲਈ ਗੁਰਦੁਆਰਾ ਸਾਹਿਬ ਅੰਦਰ ਆਈਆਂ ਤਾਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲਿਆ ਦੀ ਹੋਈ ਹਿਲਜੁਲ ਨੂੰ ਦੇਖ ਕੇ ਸੱਕ ਜਾਹਿਰ ਕੀਤਾ। ਇਸ ਸਬੰਧੀ ਜਦੋਂ ਗ੍ਰੰਥੀ ਸਿੰਘ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਵੱਲੋਂ ਸੀ. ਸੀ. ਟੀ. ਵੀ. ਕੈਮਰੇ ਦੀ ਜਾਂਚ ਕੀਤੀ ਗਈ। ਕੈਮਰੇ ਚੈੱਕ ਕਰਨ 'ਤੇ ਪਤਾ ਚੱਲਿਆ ਕਿ ਸ੍ਰੀ ਗੁਰੂ ਗ੍ਰੰਥੀ ਸਿੰਘ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਜਾਣ ਤੋਂ ਬਾਅਦ ਇਹ ਮੰਦਬੁੱਧੀ ਔਰਤ ਨੇ ਅੰਦਰ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਰੁਮਾਲਾ ਹਟਾਇਆ ਤੇ ਚੌਰ ਸਾਹਿਬ ਕਰਨ ਲੱਗ ਪਈ ਅਤੇ ਫਿਰ ਮਹਾਰਾਜ ਦੇ ਸਾਰੇ ਅੰਗ ਇਕ ਪਾਸੇ ਕਰ ਦਿੱਤੇ ਇਸ ਤੋਂ ਬਾਅਦ ਉਸਨੇ ਮਹਾਰਾਜ ਸਾਹਿਬ ਸੰਤੋਖ ਦਿੱਤੇ। ਫਿਰ ਉਹ ਗੁਰਦੁਆਰਾ ਸਾਹਿਬ ਤੋਂ ਬਾਹਰ ਚਲੀ ਗਈ। ਇਸ ਮੌਕੇ ਪੁੱਜੇ ਸਤਿਕਾਰ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਖਾਲਸਾ ਨੇ ਕਿਹਾ ਕਿ ਜਿਸ ਔਰਤ ਨੇ ਇਸ ਬੇਅਦਬੀ ਦੀ ਘਟਨਾ ਅੰਜਾਮ ਦਿੱਤਾ ਹੈ ਉਸ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਜੋ ਖੁਦ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾ ਦੀ ਮਰਿਆਦਾ ਅਨੁਸਾਰ ਸਾਂਭ ਸੰਭਾਲ ਨਹੀਂ ਕਰ ਰਹੀ, ਖਿਲਾਫ ਵੀ ਪੁਲਸ ਕਾਰਵਾਈ ਹੋਣੀ ਚਾਹੀਦੀ ਹੈ। ਇਸ ਸਬੰਧ ਵਿਚ ਐੱਸਐੱਚਓ ਰਾਓ ਵਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਿੰਡ ਢਿੱਲਵਾਂ ਵਿਖੇ ਹੋਈ ਇਸ ਘਟਨਾ ਸਬੰਧੀ 40 ਸਾਲਾਂ ਜਸਵੰਤ ਕੌਰ ਨਾਮੀ ਮੰਦਬੁੱਧੀ ਔਰਤ ਨੂੰ ਪੁਲਸ ਵੱਲੋਂ ਹਿਰਾਸਤ ਵਿਚ ਲੈ ਲਿਆ ਗਿਆ ਹੈ।

## ਯੂ. ਪੀ. 'ਚ ਗ੍ਰੰਥੀ ਸਿੰਘ ਦੀ ਨਾਬਾਲਗ ਕੁੜੀ ਨਾਲ ਜਬਰਜਿਨਾਹ ਕਰਨ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾਵੇ : ਐਡਵੋਕੇਟ ਧਾਮੀ

ਏਜੰਸੀਆਂ

ਅੰਮ੍ਰਿਤਸਰ 4 ਜੂਨ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰ ਪ੍ਰਦੇਸ ਦੇ ਪੀਲੀਭੀਤ ਜ਼ਿਲ੍ਹੇ ਵਿਖੇ ਗ੍ਰੰਥੀ ਸਿੰਘ ਦੀ ਨਾਬਾਲਿਗ ਕੁੜੀ ਨੂੰ ਅਗਵਾ ਕਰਕੇ ਜਬਰ-ਜ਼ਿਨਾਹ ਕਰਨ ਵਾਲਿਆਂ ਸਾਰੇ ਮੁਲਜਮਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ੍ਰੋਮਣੀ ਕਮੇਟੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਉੱਤਰ ਪ੍ਰਦੇਸ ਦੀ ਸਰਕਾਰ ਨੂੰ ਮੁਲਜਮਾਂ ਦੀ ਗ੍ਰਿਫਤਾਰੀ ਸਬੰਧੀ ਦਿੱਤੇ ਗਏ ਇਕ ਹਫਤੇ ਦੇ ਅਲਟੀਮੇਟਮ ਦਾ ਪੂਰਾ ਸਹਿਯੋਗ ਕਰਦੀ ਹੈ ਅਤੇ ਲੋੜ ਪੈਣ 'ਤੇ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਸਖਤ ਫੈਸਲਾ ਲਿਆ ਜਾਵੇਗਾ। ਉਨ੍ਹਾਂ ਯੂ. ਪੀ. ਸਰਕਾਰ ਨੂੰ ਸਖਤ ਸਬਦਾਂ 'ਚ ਕਿਹਾ ਕਿ ਉਹ ਸਿੱਖ ਸੰਗਤ ਨੂੰ ਸਖਤ ਫੈਸਲਾ ਲੈਣ ਲਈ ਮਜਬੂਰ ਨਾ ਕਰੇ ਅਤੇ ਮੁਲਜਮਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ। ਐਡਵੋਕੇਟ ਧਾਮੀ ਨੇ ਉੱਤਰ ਪ੍ਰਦੇਸ ਦੇ



ਮੁੱਖ ਮੰਤਰੀ ਯੋਗੀ ਆਦਿੱਤਿਯਾਨਾਥ ਕੋਲੋਂ ਮੰਗ ਕੀਤੀ ਕਿ ਇਸ ਘਿਨੌਣੇ ਅਪਰਾਧ 'ਚ ਸਾਮਲ ਸਾਰੇ ਮੁਲਜਮਾਂ ਦੀ ਗ੍ਰਿਫਤਾਰੀ ਉਹ ਖੁਦ ਯਕੀਨੀ ਬਣਾਉਣ ਤਾਂ ਜੋ ਪੀੜਤ ਪਰਿਵਾਰ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ 'ਚ ਵਾਪਰੀ ਇਸ ਘਟਨਾ ਨਾਲ ਦੇਸ-ਵਿਦੇਸ 'ਚ ਵਸਦੀ ਸਿੱਖ ਸੰਗਤ ਦੇ ਮਨਾਂ ਅੰਦਰ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਬਾਰੇ ਯੂ. ਪੀ. ਦੀ ਸੰਗਤ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪੀਲੀਭੀਤ ਜ਼ਿਲ੍ਹੇ ਦੇ ਪੁਲਸ ਕਪਤਾਨ ਇਸ ਮਾਮਲੇ 'ਚ ਸਹਿਯੋਗ ਨਹੀਂ ਕਰ ਰਹੇ ਹਨ। ਉਨ੍ਹਾਂ ਯੂ. ਪੀ. ਸਰਕਾਰ ਨੂੰ ਕਿਹਾ ਕਿ ਇਸ ਮਾਮਲੇ 'ਚ ਢਿੱਲੀ ਕਾਰਗੁਜਾਰੀ ਕਰਨ ਵਾਲੇ ਮੁਲਜਮ ਪੁਲਸ ਅਧਿਕਾਰੀਆਂ 'ਤੇ ਵੀ ਕਾਰਵਾਈ ਕੀਤੀ ਜਾਵੇ। ਇਸੇ ਦੌਰਾਨ ਸ੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਿੱਖ ਮਿਸਨ ਕਾਂਸੀਪੁਰ ਦੇ ਇੰਚਾਰਜ ਸ. ਸੁਖਵਿੰਦਰ ਸਿੰਘ ਨੂੰ ਇਸ ਘਟਨਾ ਦੀ ਸਮੁੱਚੀ ਜਾਣਕਾਰੀ ਲਈ ਅਤੇ ਪਰਿਵਾਰ ਨਾਲ ਮੁਲਾਕਾਤ ਕਰਨ ਲਈ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਮਿਸਨ ਦੇ ਇੰਚਾਰਜ ਵੱਲੋਂ ਘਟਨਾ ਦੀ ਸਮੁੱਚੀ ਰਿਪੋਰਟ ਪ੍ਰਾਪਤ ਹੋ ਗਈ ਹੈ ਜੋ ਅਗਲੇਰੀ ਕਾਰਵਾਈ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਭੇਜ ਦਿੱਤੀ ਗਈ ਹੈ।

# '2024 'ਚ ਇਕਵਿਟੀ ਮਾਰਕੀਟ 'ਚ ਆਉਣ ਵਾਲੀਆਂ ਅਨਿਸਚਿਤਤਾਵਾਂ ਤੇ ਮੌਕੇ ਵੱਲ ਧਿਆਨ ਦੇਣਾ ਸਮਝਦਾਰੀ'

ਏਜੰਸੀਆਂ

ਚੰਡੀਗੜ੍ਹ 4 ਜੂਨ। ਜਿਵੇਂ ਕਿ ਅਸੀਂ ਇਸ ਵਿੱਤੀ ਸਾਲ ਦੇ ਦੂਜੇ ਮਹੀਨਿਆਂ ਵੱਲ ਰੁਖ ਕਰ ਰਹੇ ਹਾਂ, ਵਿਸਵ ਵਿਆਪੀ ਇਕਵਿਟੀ ਮਾਰਕੀਟ 'ਚ ਆਉਣ ਵਾਲੀਆਂ ਅਨਿਸਚਿਤਤਾਵਾਂ ਅਤੇ ਮੌਕੇ ਵੱਲ ਧਿਆਨ ਦੇਣਾ ਵੀ ਸਮਝਦਾਰੀ ਹੈ। ਕੌਮਾਂਤਰੀ ਮਾਹੌਲ 'ਚ ਤਬਦੀਲੀ ਅਤੇ ਬਦਲਾਅ ਭੂ-ਰਾਜਨੀਤੀ ਤਣਾਅ ਦੇ ਪ੍ਰਭਾਵ ਲਈ ਆਰਥਿਕ ਸਹਾਇਤਾ ਲਈ ਸਾਨੂੰ ਸੰਭਾਵੀ ਭਵਿੱਖ ਦੇ ਮਾਹੌਲ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਨਜਦੀਕੀ ਭਵਿੱਖ ਵਿੱਚ ਉਸੇ ਅਨੁਸਾਰ ਨਵੇਂ ਮੌਕੇ ਦੀ ਪਛਾਣ ਕਰਨ ਲਈ ਪੋਰਟਫੋਲਿਓ ਰਣਨੀਤੀ ਤਿਆਰ ਕੀਤੀ ਗਈ ਹੈ। ਮਨੀਸ ਗੁਣਵਾਨੀ, ਹੈਡ-ਇਕਵਿਟੀਜ, ਬੰਧਨ ਮਿਊਚਲ ਫੰਡ ਨੇ ਇਹ ਕਿਹਾ, "2024 ਵਿੱਚ ਵਿਸਵ ਅਰਥ ਵਿਵਸਥਾ ਲਈ ਤਿੰਨ ਸੰਭਾਵਿਤ ਦ੍ਰਿਸ ਉੱਭਰ ਰਹੇ ਹਨ। ਸਾਫਟ ਲੈਂਡਿੰਗ (1994-95 ਸਾਇਕਲ)-2023 ਵਿੱਚ ਵਿਸਵ ਅਰਥ ਵਿਵਸਥਾ ਵਿੱਚ ਉਤਰਾਅ-ਚੜ੍ਹਾਅ ਤੋਂ ਬਾਅਦ, ਮਹਿੰਗਾਈ ਵਿਕਾਸ ਨੂੰ ਨੁਕਸਾਨ ਪਹੁੰਚਾਏ ਬਿਨਾਂ ਡਿੱਗ ਸਕਦੀ ਹੈ ਅਤੇ ਇਹ ਸਾਫਟ ਲੈਂਡਿੰਗ ਨੂੰ ਸੰਭਵ ਬਣਾਉਂਦੀ ਹੈ। ਇਹ ਦ੍ਰਿਸ 2024 ਵਿੱਚ ਇੱਕ ਮੱਧਮ ਗਲੋਬਲ ਆਰਥਿਕ ਮੰਦੀ ਨੂੰ ਮੰਨਦਾ ਹੈ, ਬਿਨਾਂ ਕਿਸੇ ਡੂੰਘੀ ਜਾਂ ਲੰਬੀ ਮੰਦੀ ਵਿੱਚ ਡਿੱਗੇ। ਗਲੋਬਲ ਇਕੁਇਟੀਜ ਲਈ, ਇਹ ਨਿਰਪੱਖ ਜਾਪਦਾ ਹੈ ਕਿਉਂਕਿ ਇਸਦੀ ਇੱਕ ਉਚਿਤ ਮਾਤਰਾ ਪਹਿਲਾਂ ਹੀ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਰਥਵਿਵਸਥਾ ਨੂੰ ਸਮਰਥਨ ਦੇਣ ਲਈ ਘੱਟੋ-ਘੱਟ ਅਸਲ (1945-50 ਸਾਈਕਲ) ਦੂਜਾ ਸਭ ਤੋਂ ਵੱਧ ਸੰਭਾਵੀ ਨਤੀਜਾ ਹੈ। ਇਹ ਕੇਂਦਰੀ ਬੈਂਕ ਸੁਭਾਅ ਤੋਂ ਵਧੇਰੇ ਨਰਮ ਹੁੰਦਾ ਹੈ, ਇਹ ਯਕੀਨੀ ਬਣਾਉਣ ਲਈ ਕਿ ਨਾ-ਮਾਤਰ ਦੀ ਗਰੋਥ ਵਧੇਰੇ ਹੁੰਦਾ ਹੈ, ਨਿਗੇਟਿਵ ਰਿਟੇਲ ਮੁਦਰਾ (ਮੁਦਰਾ ਸਫੀਤੀ ਦੇ ਪ੍ਰਭਾਵ ਨੂੰ ਦੂਰ ਕਰਨ ਲਈ ਐਡਜਸਮੈਂਟ ਦੀ ਵਿਵਸਥਾ) ਨੂੰ ਘੱਟ ਕਰ ਸਕਦਾ ਹੈ। ਗਲੋਬਲ ਇਕਵਿਟੀਜ ਲਈ ਇੱਕ ਸਕਾਰਾਤਮਕ ਸੰਕੇਤ, ਵਿਆਜ ਵਿੱਚ ਪੈਸੇ ਨਾਲ ਵਿਕਾਸਸੀਲ ਦੇਸਾਂ ਵਿੱਚ ਸਰਕਾਰੀ ਸਰਕਾਰੀ ਕਰਜੇ ਦੀ ਕਮੀ ਹੁੰਦੀ ਹੈ ਅਤੇ ਦੋਵਾਂ ਦਾ ਨਿਰਣਾ ਕਰਨ ਵਿੱਚ ਮਦਦ ਮਿਲਦੀ ਹੈ। ਗੁਨਵਾਣੀ ਦਾ ਕਹਿਣਾ ਹੈ ਕਿ ਮਹਿੰਗਾਈ ਦਾ ਫਿਰ ਤੋਂ ਉਭਰਨਾ (1973-79ਸਾਈਕਲ)-ਹਾਲਾਂਕਿ ਇਸ ਦੀ ਸੰਭਾਵਨਾ ਬਹੁਤ ਘੱਟ ਹੈ, ਸਪਲਾਈ ਚੇਨ ਦੀ ਘੱਟ ਅਤੇ ਤਨਖਾਹ 'ਚ ਵਾਧੇ ਦੇ ਕਾਰਨ ਮਹਿੰਗਾਈ ਉੱਚ ਪੱਧਰ 'ਤੇ ਨਜਰ ਆ ਰਹੀ ਹੈ, ਇਹ ਇੱਕ ਸੰਭਾਵਨਾ ਹੈ। ਹਾਲਾਂਕਿ, ਕਮਜੋਰ ਲੋਕ ਮੰਗ ਅਤੇ ਨਰਮ ਕਮੋਡਿਟੀ ਦੀ ਕੀਮਤ ਲਗਾਤਾਰ ਮਹਿੰਗਾਈ ਦੀ ਸੰਭਾਵਨਾ ਦੀ ਘੱਟ ਕਰਦੀ ਹੈ। ਫਿਰ ਵੀ ਜੇਕਰ ਮਹਿੰਗਾਈ ਕਾਇਮ ਰਹਿੰਦੀ ਹੈ ਤਾਂ ਇਹ ਇਕਵਿਟੀ ਲਈ ਨਕਾਰਾਤਮਕ ਹੋ ਸਕਦੀ ਹੈ ਕਿਉਂਕਿ ਮਹਿੰਗਾਈ ਦੇ ਲੰਬੇ ਸਮੇਂ ਤੱਕ ਬਣੇ ਰਹਿਣ ਲਈ ਅਤੇ ਇਸ ਨੂੰ ਕਾਬੂ ਵਿੱਚ ਰੱਖਣ ਲਈ ਬਹੁਤ ਜ਼ਿਆਦਾ ਵਿਆਜ ਦਰਾਂ ਦੀ ਲੋੜ




ਹੋਵੇਗੀ। ਗੁਣਵਾਨੀ ਦੇ ਅਨੁਸਾਰ ਚਾਲੂ ਖਾਤੇ ਵਿੱਚ ਸਪੱਸਟ, ਸੁਧਾਰ ਪੱਧਰ 'ਤੇ ਘੱਟੋ-ਘੱਟ ਅਸਲ ਅਤੇ ਭਾਰਤ ਵਿੱਚ ਨਿਸਚਿਤ ਤੌਰ 'ਤੇ ਆਇਕਰ-ਬਾਅਦ ਰਿਟਰਨ ਦੀ ਉਮੀਦ ਘੱਟ ਹੁੰਦੀ ਹੈ, ਕਿਉਂਕਿ ਇਕਵਿਟੀ ਇੱਕ ਦਿਲਚਸਪ ਨਿਵੇਸ ਵਿਕਲਪਾਂ ਦੇ ਰੂਪ ਵਿੱਚ ਉਭਰਦੇ ਹਨ। ਹਾਲਾਂਕਿ, ਮੁੱਲਾਂਕਣ ਅਜੇ ਵੀ ਮਹੱਤਵ ਰੱਖਦਾ ਹੈ ਅਤੇ ਵਿਸਵ ਆਰਥਿਕ ਦ੍ਰਿਸਟੀਕੋਣ ਸਪੱਸਟ ਨਹੀਂ ਹੈ, ਜਿਸ ਕਾਰਨ ਸਾਈਕਲ ਅਤੇ ਡਿਫੈਂਸਿਵ ਦੇ ਵਿਚਕਾਰ ਸਬੰਧ ਪੋਰਟਫੋਲਿਓ ਨੂੰ ਵਧੇਰੇ ਤਰਜੀਹ ਦੀ ਕਿਸਮ ਹੈ। ਗੁਣਵਾਨੀ ਨੇ ਕਿਹਾ, "ਭਾਰਤੀ ਅਰਥਚਾਰੇ ਦੇ ਖੇਤਰਾਂ ਲਈ ਨਜਰੀਏ 'ਤੇ ਇੱਕ ਨਜਰ ਵੀ ਇੱਕ ਆਸਾਵਾਦੀ ਤਸਵੀਰ ਪੇਸ ਕਰਦੀ ਹੈ।" ਲਗਾਤਾਰ ਵੱਧ ਰਹੀ ਖਪਤ (ਰੀਅਲ ਅਸਟੇਟ, ਆਧੁਨਿਕ ਪ੍ਰਚੂਨ, ਹੋਟਲ, ਹਵਾਬਾਜੀ, ਆਦਿ) ਦਾ ਦ੍ਰਿਸਟੀਕੋਣ ਮਜਬੂਤ ਬਣਿਆ ਹੋਇਆ ਹੈ, ਪਰ ਉੱਚ ਵਿਆਜ ਦਰਾਂ ਅਤੇ ਪੈਂਟ-ਅੱਪ ਮੰਗ ਸੰਭਾਵੀ ਚੁਣੌਤੀਆਂ ਪੈਦਾ ਕਰ ਰਹੇ ਹਨ। ਦੂਜੇ ਪਾਸੇ, ਮੱਧ-ਆਮਦਨੀ ਅਤੇ ਪੇਂਡੂ ਖਪਤ (ਐੱਫ. ਐੱਮ. ਸੀ. ਜੀ., 2-ਪਹੀਆ ਵਾਹਨ, ਸੀਮਿੰਟ, ਖਪਤਕਾਰ ਉਤਪਾਦ, ਆਦਿ) ਕਮਜੋਰ ਹੈ ਪਰ ਚੋਣ ਖਰਚਿਆਂ ਅਤੇ ਕੋਵਿਡ/ਮੁਦਰਾ ਸਫੀਤੀ ਦੇ ਘਟਣ ਕਾਰਨ ਇਸ ਵਿੱਚ ਸੁਧਾਰ ਦੀ ਗੁੰਜਾਇਸ ਹੈ। ਨਿੱਜੀ ਨਿਵੇਸ (ਕੈਪੀਟਲ ਵਸਤੂਆਂ, ਬੁਨਿਆਦੀ ਸੈਕਟਰ, ਵਪਾਰਕ ਵਾਹਨ, ਆਦਿ) ਢਾਂਚਾਗਤ ਤੌਰ 'ਤੇ ਸਕਾਰਾਤਮਕ ਅਤੇ ਇੱਕ ਮਜਬੂਤ ਕਹਾਣੀ ਹੈ, ਹਾਲਾਂਕਿ ਗਲੋਬਲ ਹੈੱਡਵਿੰਡ ਇੱਕ ਜੋਖਮ ਬਣਿਆ ਹੋਇਆ ਹੈ। ਸਰਕਾਰੀ ਖਰਚਿਆਂ ਨੇ ਵੀ ਪੂੰਜੀਗਤ ਖਰਚਿਆਂ ਦਾ ਸਮਰਥਨ ਕੀਤਾ ਹੈ ਪਰ ਅਗਲੇ 2 ਸਾਲਾਂ ਵਿੱਚ ਸਮੁੱਚੇ ਤੌਰ 'ਤੇ ਕਮਜੋਰ ਹੋਣ ਦੀ ਉਮੀਦ ਹੈ। ਗੁਣਵਾਨੀ ਨੇ ਕਿਹਾ, 'ਇਸ ਇਕੁਇਟੀ ਪਿਛੋਕੜ ਵਿੱਚ, ਜਿਵੇਂ ਕਿ ਅਸੀਂ ਅੱਗੇ ਵਧਦੇ ਹਾਂ, ਕੁਝ ਪੋਰਟਫੋਲੀਓ ਰਣਨੀਤੀਆਂ ਸਮਝਦਾਰੀ ਦੇ ਰੂਪ ਵਿੱਚ ਉੱਭਰਦੀਆਂ ਹਨ।" ਗੁਣਵਾਨੀ ਨੇ ਕਿਹਾ ਕਿ ਹਾਲਾਂਕਿ ਗਲੋਬਲ ਆਰਥਿਕਤਾ ਮੰਦੀ ਵੱਲ ਵੱਧਦੀ ਜਾਪਦੀ ਹੈ, ਮੁਦਰਾ ਕਠੋਰਤਾ ਦੇ ਪ੍ਰਭਾਵ ਨੂੰ ਅਜੇ ਵੀ ਸਾਵਧਾਨੀ ਦੀ ਲੋੜ ਹੈ। ਜਦੋਂ ਕਿ ਰੁਪਏ ਦੀ ਗਿਰਾਵਟ ਨਿਰਯਾਤਕਾਂ ਦੇ ਮਾਰਜਨ 'ਤੇ ਅਸਰ ਪਾ ਸਕਦੀ ਹੈ, ਘਰੇਲੂ ਕੰਪਨੀਆਂ ਅਰਥਵਿਵਸਥਾ ਵਿੱਚ ਸੁਧਾਰ ਕਰਨ ਅਤੇ ਮੁਦਰਾ ਦੀ ਗਤੀਸੀਲਤਾ ਦਾ ਵਾਅਦਾ ਕਰਨ ਤੋਂ ਲਾਭ ਲੈਣ ਲਈ ਚੰਗੀ ਸਥਿਤੀ ਵਿੱਚ ਹਨ। ਵਿੱਤੀ ਅਤੇ ਸਕਤੀ ਵਰਗੇ ਖੇਤਰਾਂ ਵਿੱਚ ਸਮੁੱਚਾ ਮੁੱਲ ਵਪਾਰ ਇੱਕ ਆਕਰਸਕ ਕਹਾਣੀ ਪੇਸ ਕਰਦਾ ਹੈ, ਜਿਸ ਵਿੱਚ ਆਰਥਿਕ ਸਥਿਤੀਆਂ ਸਥਿਰ ਹੋਣ ਦੇ ਨਾਲ ਹੋਰ ਸੁਧਾਰ ਦੀ ਸੰਭਾਵਨਾ ਹੁੰਦੀ ਹੈ। ਇਸ ਤੋਂ ਇਲਾਵਾ, ਗੁਣਵੱਤਾ ਵਿਕਾਸ ਸਟਾਕਾਂ ਲਈ ਮੁਲਾਂਕਣ, ਖਾਸ ਤੌਰ 'ਤੇ ਇੰਟਰਨੈੱਟ ਅਤੇ ਬੀਮਾ ਵਰਗੇ ਖੇਤਰਾਂ ਵਿੱਚ, ਵਾਜਬ ਦਿਖਾਈ ਦਿੰਦੇ ਹਨ। ਜਿਵੇਂ ਕਿ ਮਾਮੂਲੀ ਵਾਧਾ ਹੌਲੀ ਹੋ ਗਿਆ ਹੈ, ਛੋਟੇ ਕੈਪਸ ਚੰਗੇ ਅਤੇ ਸਿਹਤਮੰਦ ਰਿਟਰਨ ਦਾ ਵਾਅਦਾ ਕਰਦੇ ਹਨ। ਗੁਣਵਾਨੀ ਨੇ ਸਿੱਟਾ ਕੱਢਿਆ, 'ਜਿਵੇਂ ਕਿ ਅਸੀਂ 2024 ਦੀਆਂ ਅਨਿਸਚਿਤਤਾਵਾਂ ਨਾਲ ਨਜਿੱਠਦੇ ਹਾਂ, ਧਿਆਨ ਨਾਲ ਪੋਰਟਫੋਲੀਓ ਪ੍ਰਬੰਧਨ ਅਤੇ ਵਿਸਵ ਆਰਥਿਕ ਗਤੀਸੀਲਤਾ ਦੀ ਚੰਗੀ ਸਮਝ ਮਹੱਤਵਪੂਰਨ ਹੈ।